18-JUNE-PAGE-1.qxd 6/17/2024 8:25 PM Page 1

ਮੰਗਲਵਾਰ, 18 ਜੂਨ, 2024
5 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 17

# ਨਵਾਂ ਜ਼ਮਾਨਾ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 18 JUNE, 2024 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕੁਰੱਪਸ਼ਨ ਹੋਈ ਤਾਂ ਡੀ ਸੀ ਤੇ ਐੱਸ ਐੱਸ ਪੀ ਜ਼ਿੰਮੇਵਾਰ ਹੋਣਗੇ : ਮਾਨ



**ਚੰਡੀਗੜ੍ਹ** : ਲੋਕ ਸਭਾ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਸ ਮੁਖੀਆਂ ਨਾਲ ਮੀਟਿੰਗ ਵਿਚ ਕਿਹਾ ਕਿ ਉਨ੍ਹਾ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਹੇਠਲੇ ਪੱਧਰ 'ਤੇ ਭ੍ਰਿਸ਼ਟਾਚਾਰ ਲਗਾਤਾਰ ਜਾਰੀ ਹੈ। ਹੇਠਲੇ ਪੱਧਰ 'ਤੇ ਕੋਈ ਅਫਸਰ ਜਾਂ ਮੁਲਾਜ਼ਮ ਭ੍ਰਿਸ਼ਟਾਚਾਰ ਕਰਦਾ ਫੜਿਆ ਜਾਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਸ ਮੁਖੀਆਂ ਦੀ ਹੋਵੇਗੀ ਤੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਚੋਣ ਜ਼ਾਬਤਾ ਲੱਗਾ ਹੋਣ ਕਰਕੇ ਪਿਛਲੇ ਤਿੰਨ ਮਹੀਨਿਆਂ ਤੋਂ ਰੁਕੇ ਰਹੇ ਕੰਮਾਂ ਵਿਚ ਤੇਜ਼ੀ ਲਿਆਉਣ ਦੇ ਹੁਕਮ ਵੀ ਜਾਰੀ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਇਸ ਸਮੇਂ ਬਿਜਲੀ ਦੀ ਕੋਈ ਕਮੀ ਨਹੀਂ, ਵਿਰੋਧੀਆਂ ਵਲੋਂ ਜਿਹੜੇ ਕੱਟ ਲਗਾਉਣ ਦੀ ਗੱਲ ਆਖੀ ਜਾ ਰਹੀ ਹੈ, ਇਹ ਬੇਬੁਨਿਆਦ ਹੈ। ਜ਼ਿਆਦਾ ਗਰਮੀ ਹੋਣ ਕਰਕੇ ਕਈ ਥਾਈਂ ਟਰਾਂਸਫਾਰਮਰ ਵਿਚ ਨੁਕਸ ਜ਼ਰੂਰ ਆ ਰਿਹਾ ਹੈ, ਜਿਸ ਕਾਰਨ ਬਿਜਲੀ ਜਾ ਰਹੀ ਹੈ, ਪਰ ਪੰਜਾਬ ਵਿਚ ਕਿਤੇ ਵੀ ਲੰਮੇ ਬਿਜਲੀ ਦੇ ਕੱਟ ਨਹੀਂ ਲੱਗ ਰਹੇ।

ਨਸ਼ੇ ਦੇ ਮਾਮਲੇ 'ਤੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸਮਾਜਕ ਲਹਿਰ ਬਣਾਉਣੀ ਪਵੇਗੀ। ਸਭ ਤੋਂ ਪਹਿਲਾਂ ਨਸ਼ੇ ਦਾ ਨੈੱਕਸਸ ਤੋੜ ਕੇ ਅੱਗੇ ਵਧਣਾ ਪਵੇਗਾ। ਨਸ਼ਿਆਂ ਦੇ ਮਾਮਲਿਆਂ ਵਿਚ ਬੱਚਿਆਂ ਦੀ ਕਾਊਂਸਲਿੰਗ ਕਰਨੀ ਪਵੇਗੀ।

ਮੀਡੀਆ ਨਾਲ ਗੱਲਬਾਤ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਹੁਣ ਆਰਟੀਫਿਸ਼ੀਅਲ ਇੰਟੈਲੀਜੈਂਸ ਬਣਾਈ ਜਾ ਰਹੀ ਹੈ, ਜਿਸ ਰਾਹੀਂ ਉਨ੍ਹਾ ਦੀ ਹਰ ਮਹਿਕਮੇ 'ਤੇ ਬਾਜ਼ ਅੱਖ ਹੋਵੇਗੀ। ਹਰ ਜ਼ਿਲ੍ਹੇ ਵਿਚ ਇਕ ਮੁੱਖ ਮੰਤਰੀ ਸਹਾਇਤਾ ਕੇਂਦਰ ਖੋਲ੍ਹਿਆ ਜਾਵੇਗਾ, ਜਿਸ ਲਈ ਬਕਾਇਦਾ ਡੀ ਸੀ ਦਫਤਰ ਵਿਚ ਇਕ ਵਿੰਡੋ ਰੱਖੀ ਜਾਵੇਗੀ, ਉਥੇ ਕੋਈ ਵੀ ਕੰਮ ਲੈ ਕੇ ਆ ਸਕਦਾ ਹੈ। ਜੇਕਰ ਉਹ ਜ਼ਿਲ੍ਹੇ ਪੱਧਰ ਦਾ ਕੰਮ ਹੋਇਆ ਤਾਂ ਉਹ ਤੁਰੰਤ ਕੀਤਾ ਜਾਵੇਗਾ, ਜੇ ਉਹ ਮੰਤਰੀ ਪੱਧਰ ਦਾ ਕੰਮ ਹੈ ਤਾਂ ਉਸ ਨੂੰ ਅੱਗੇ ਭੇਜਿਆ ਜਾਵੇਗਾ।

ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਦਫਤਰਾਂ 'ਚ ਲੋਕਾਂ ਦੇ ਕੰਮ ਟੋਕਨ ਸਿਸਟਮ ਰਾਹੀਂ ਹੋਣਗੇ। ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਨੌਕਰੀ ਲਈ ਪੈਸੇ ਨਾ ਦੇਣ।

# ਮਾਲ ਗੱਡੀ ਐੱਕਸਪ੍ਰੈੱਸ 'ਚ ਵੱਜੀ, 15 ਮੌਤਾਂ




**ਕੋਲਕਾਤਾ** : ਪੱਛਮੀ ਬੰਗਾਲ ਦੇ ਸਿਆਲਦਾਹ ਵੱਲ ਜਾ ਰਹੀ ਕੰਚਨਜੰਗਾ ਐਕਸਪ੍ਰੈੱਸ 'ਚ ਸੋਮਵਾਰ ਸਵੇਰੇ ਕਰੀਬ 9 ਵਜੇ ਨਿਊ ਜਲਪਾਈਗੁੜੀ ਸਟੇਸ਼ਨ ਨੇੜੇ ਰੰਗਾਪਾਨੀ ਵਿਖੇ ਮਾਲ ਗੱਡੀ ਪਿੱਛਿਓਂ ਵੱਜਣ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਤੇ 60 ਜ਼ਖਮੀ ਹੋ ਗਏ। ਮਰਨ ਵਾਲਿਆਂ ਵਿਚ ਦੋ ਡਰਾਈਵਰ ਤੇ ਇਕ ਗਾਰਡ ਵੀ ਹਨ।

ਰੇਲਵੇ ਬੋਰਡ ਦੇ ਚੇਅਰਮੈਨ ਜੈ ਵਰਮਾ ਨੇ ਦੱਸਿਆ ਕਿ ਮਾਲ ਗੱਡੀ ਦੇ ਡਰਾਈਵਰ ਨੇ ਸਿਗਨਲ ਦੀ ਉਲੰਘਣਾ ਕੀਤੀ ਤੇ ਗੱਡੀ ਕੰਚਨਜੰਗਾ ਐਕਸਪ੍ਰੈੱਸ 'ਚ ਜਾ ਵੱਜੀ। ਇਸ ਨਾਲ ਗਾਰਡ ਦਾ ਡੱਬਾ, ਦੋ ਪਾਰਸਲ ਡੱਬੇ, ਇਕ ਜਨਰਲ ਡੱਬਾ ਤੇ ਇੱਕ ਐੱਸ ਐੱਲ ਆਰ ਕੋਚ ਨੁਕਸਾਨੇ ਗਏ। ਕੰਚਨਜੰਗਾ 16 ਜੂਨ ਨੂੰ ਸਵੇਰੇ ਸਵਾ ਅੱਠ ਵਜੇ ਅਗਰਤਲਾ ਤੋਂ ਚੱਲੀ ਸੀ ਤੇ ਉਸ ਨੇ 17 ਜੂਨ ਦੀ ਸ਼ਾਮ 7 ਵੱਜ ਕੇ 20 ਮਿੰਟ 'ਤੇ ਸਿਆਲਦਾਹ ਪੁੱਜਣਾ ਸੀ। ਉਹ ਰੈੱਡ ਸਿਗਨਲ ਕਾਰਨ ਰੁਈਧਾਸਾ ਕੋਲ ਰੁਕੀ ਹੋਈ ਸੀ ਤੇ ਇਸੇ ਦੌਰਾਨ ਪਿੱਛਿਓਂ ਮਾਲ ਗੱਡੀ ਆ ਕੇ ਵੱਜੀ। ਟੱਕਰ ਏਨੀ ਜ਼ੋਰਦਾਰ ਸੀ ਕਿ ਮਾਲ ਗੱਡੀ ਦੇ ਇੰਜਣ 'ਤੇ ਐਕਸਪ੍ਰੈੱਸ ਦਾ ਇਕ ਡੱਬਾ ਹਵਾ ਵਿਚ ਲਟਕ ਗਿਆ। ਦੋ ਡੱਬੇ ਥੱਲੇ ਲਹਿ ਗਏ।

## ਬੱਸ 'ਤੇ ਅੱਤਵਾਦੀ ਹਮਲੇ ਦੀ ਜਾਂਚ ਕੌਮੀ ਏਜੰਸੀ ਹਵਾਲੇ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰਾਲੇ ਨੇ ਜੰਮੂ-ਕਸ਼ਮੀਰ 'ਚ ਬੱਸ 'ਤੇ ਹੋਏ ਅੱਤਵਾਦੀ ਹਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਸੌਂਪ ਦਿੱਤੀ ਹੈ। ਰਿਆਸੀ ਜ਼ਿਲ੍ਹੇ ਦੇ ਕਟੜਾ 'ਚ 9 ਜੂਨ ਨੂੰ ਸ਼ਰਧਾਲੂਆਂ ਨੂੰ ਲੈ ਕੇ ਬੱਸ ਸ਼ਿਵ ਖੋੜੀ ਮੰਦਰ ਤੋਂ ਮਾਤਾ ਵੈਸ਼ਨੋ ਦੇਵੀ ਮੰਦਰ ਜਾ ਰਹੀ ਸੀ। ਅੱਤਵਾਦੀਆਂ ਦੇ ਹਮਲੇ 'ਚ 3 ਔਰਤਾਂ ਸਣੇ 9 ਜਣਿਆਂ ਦੀ ਮੌਤ ਹੋ ਗਈ ਸੀ ਤੇ 41 ਜ਼ਖਮੀ ਹੋ ਗਏ ਸਨ।

## ਯੇਦੀਯੁਰੱਪਾ ਸੀ ਆਈ ਡੀ ਅੱਗੇ ਪੇਸ਼



**ਬੇਂਗਲੁਰੂ** : ਕਰਨਾਟਕ ਦਾ ਸਾਬਕਾ ਮੁੱਖ ਮੰਤਰੀ 81 ਸਾਲਾ ਬੀ ਐੱਸ ਯੇਦੀਯੁਰੱਪਾ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਤਹਿਤ ਦਰਜ ਮਾਮਲੇ ਦੇ ਸੰਬੰਧ 'ਚ ਪੁੱਛ-ਪੜਤਾਲ ਲਈ ਸੋਮਵਾਰ ਇੱਥੇ ਸੀ ਆਈ ਡੀ ਸਾਹਮਣੇ ਪੇਸ਼ ਹੋਇਆ। ਕਰਨਾਟਕ ਹਾਈ ਕੋਰਟ ਨੇ ਸ਼ੁੱਕਰਵਾਰ 14 ਮਾਰਚ ਨੂੰ ਦਰਜ ਹੋਏ ਮਾਮਲੇ ਦੇ ਸੰਬੰਧ 'ਚ ਸੀਨੀਅਰ ਭਾਜਪਾ ਨੇਤਾ ਦੀ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਸੀ। 17 ਸਾਲਾ ਕੁੜੀ ਦੀ ਮਾਂ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਧੀ ਜਦੋਂ ਜਿਨਸੀ ਹਮਲੇ ਦੇ ਸੰਬੰਧ ਵਿਚ ਯੇਦੀਯੁਰੱਪਾ ਕੋਲ ਮਦਦ ਲਈ ਉਸ ਦੇ ਘਰ ਗਈ ਸੀ ਤਾਂ ਉਸ ਨੇ ਵੀ ਜਿਨਸੀ ਸ਼ੋਸ਼ਣ ਦੀ ਕੋਸ਼ਿਸ਼ ਕੀਤੀ।

## ਬੰਗਾਲ ਦੇ ਰਾਜਪਾਲ ਨੇ ਪੁਲਸ ਚੌਕੀ ਹਟਵਾਈ

**ਕੋਲਕਾਤਾ** : ਪੱਛਮੀ ਬੰਗਾਲ ਦੇ ਰਾਜਪਾਲ ਸੀ ਵੀ ਆਨੰਦ ਬੋਸ ਨੇ ਸੋਮਵਾਰ ਸਵੇਰੇ ਰਾਜ ਭਵਨ 'ਚ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਤੁਰੰਤ ਇਮਾਰਤ ਖਾਲੀ ਕਰਨ ਦੇ ਹੁਕਮ ਦਿੱਤੇ। ਅਧਿਕਾਰੀ ਨੇ ਦੱਸਿਆ ਕਿ ਰਾਜਪਾਲ ਉੱਤਰੀ ਗੇਟ ਕੋਲ ਪੁਲਸ ਚੌਕੀ ਨੂੰ 'ਜਨ ਮੰਚ' ਵਿਚ ਬਦਲਣ ਦੀ ਯੋਜਨਾ ਬਣਾ ਰਹੇ ਹਨ। ਕੁਝ ਦਿਨ ਪਹਿਲਾਂ ਪੁਲਸ ਨੇ ਭਾਜਪਾ ਦੇ ਨੇਤਾ ਸ਼ੁਭੇਂਦੂ ਅਧਿਕਾਰੀ ਅਤੇ ਰਾਜ 'ਚ ਚੋਣਾਂ ਤੋਂ ਬਾਅਦ ਹਿੰਸਾ ਦੇ ਕਥਿਤ ਪੀੜਤਾਂ ਨੂੰ ਬੋਸ ਨੂੰ ਮਿਲਣ ਲਈ ਰਾਜ ਭਵਨ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ, ਭਾਵੇਂ ਰਾਜਪਾਲ ਨੇ ਇਸ ਦੀ ਲਿਖਤੀ ਇਜਾਜ਼ਤ ਦਿੱਤੀ ਸੀ। ਇਸ ਤੋਂ ਬਾਅਦ ਰਾਜਪਾਲ ਦਾ ਇਹ ਹੁਕਮ ਆਇਆ ਹੈ।

## ਭਾਰਤ ਤੇ ਇੰਡੀਆ ਚਲਦੇ ਰਹਿਣਗੇ

**ਨਵੀਂ ਦਿੱਲੀ** : ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਦਿਨੇਸ਼ ਸਕਲਾਨੀ ਨੇ ਕਿਹਾ ਹੈ ਕਿ ਭਾਰਤ ਅਤੇ ਇੰਡੀਆ ਸ਼ਬਦਾਂ ਦੀ ਵਰਤੋਂ ਜਾਰੀ ਰਹੇਗੀ ਤੇ ਇਸ ਬਾਰੇ ਕਿਸੇ ਬਹਿਸ ਦੀ ਲੋੜ ਨਹੀਂ। ਐੱਨ ਸੀ ਈ ਆਰ ਟੀ ਨੂੰ ਪਾਠ ਪੁਸਤਕਾਂ 'ਚ ਭਾਰਤ ਤੇ ਇੰਡੀਆ ਸ਼ਬਦ ਦੀ ਵਰਤੋਂ ਕਰਨ 'ਚ ਕੋਈ ਪ੍ਰਹੇਜ਼ ਨਹੀਂ ਹੈ। ਦੋਵੇਂ ਸੰਵਿਧਾਨ 'ਚ ਮਾਨਤਾ ਪ੍ਰਾਪਤ ਹਨ।

## ਵਿਦਿਆਰਥਣ ਦੀ ਲਾਸ਼ ਮਿਲੀ

**ਕੋਲਕਾਤਾ** : ਆਈ ਆਈ ਟੀ ਖੜਗਪੁਰ ਵਿਖੇ ਬਾਇਓ ਟੈਕਨਾਲੋਜੀ ਦੀ ਚੌਥੇ ਸਾਲ ਦੀ ਕੇਰਲਾ ਦੀ ਵਿਦਿਆਰਥਣ ਦੇਵਿਕਾ ਪਿੱਲਈ (21) ਦੀ ਲਾਸ਼ ਸੋਮਵਾਰ ਸਵੇਰੇ ਉਸ ਦੇ ਸਰੋਜਨੀ ਨਾਇਡੂ ਹੋਸਟਲ ਵਿਚ ਲਟਕਦੀ ਮਿਲੀ। ਪੁਲਸ ਮੁਤਾਬਕ ਇਹ ਖ਼ੁਦਕੁਸ਼ੀ ਹੈ ਜਾਂ ਕੁਝ ਹੋਰ, ਇਹ ਜਾਂਚ ਤੋਂ ਬਾਅਦ ਸਾਹਮਣੇ ਆਏਗਾ।

## ਏਅਰ ਇੰਡੀਆ ਨੇ ਅੱਧ-ਪੱਕਾ ਖਾਣਾ ਪਰੋਸਿਆ

**ਮੁੰਬਈ** : ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰ ਇੰਡੀਆ ਦੀ ਨਵੀਂ ਦਿੱਲੀ-ਨੇਵਾਰਕ ਫਲਾਈਟ ਦੇ ਬਿਜ਼ਨਸ ਕਲਾਸ ਯਾਤਰੀ ਨੇ ਆਪਣੀ ਯਾਤਰਾ ਨੂੰ ਭੈੜਾ ਸੁਫਨਾ ਕਰਾਰ ਦਿੰਦਿਆਂ ਦੋਸ਼ ਲਗਾਇਆ ਹੈ ਕਿ ਏਅਰਲਾਈਨ ਨੇ ਉਸ ਨੂੰ ਅੱਧ-ਪੱਕਿਆ ਖਾਣਾ ਦਿੱਤਾ, ਜਹਾਜ਼ ਦੀਆਂ ਸੀਟਾਂ ਤੇ ਕਵਰ ਗੰਦੇ ਸਨ ਅਤੇ ਉਸ ਦੇ ਸਾਮਾਨ ਨੂੰ ਨੁਕਸਾਨ ਪਹੁੰਚਾਇਆ ਗਿਆ।

'ਐਕਸ' 'ਤੇ ਵਿਨੀਤ ਨੇ ਲਿਖਿਆ—ਭਾਵੇਂ ਸੰਯੁਕਤ ਅਰਬ ਅਮੀਰਾਤ ਦੀ ਏਅਰਲਾਈਨ ਇਤਿਹਾਦ 'ਤੇ ਟਿਕਟਾਂ ਸਸਤੀਆਂ ਦਰਾਂ 'ਤੇ ਉਪਲੱਬਧ ਸਨ, ਪਰ ਮੈਂ ਏਅਰ ਇੰਡੀਆ ਨੂੰ ਚੁਣਿਆ, ਕਿਉਂਕਿ ਇਹ ਬਗੈਰ ਰੁਕੇ ਅਮਰੀਕਾ ਲਈ ਸਿੱਧੀਆਂ ਉਡਾਣਾਂ ਚਲਾਉਂਦੀ ਹੈ। ਮੈਨੂੰ 5 ਲੱਖ ਖਰਚ ਕੇ ਇਹ ਸਭ ਮਿਲਿਆ।

# ਆਪ ਨੇ ਭਗਤ ਤੇ ਭਾਜਪਾ ਨੇ ਅੰਗੂਰਾਲ ਨੂੰ ਉਤਾਰਿਆ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਜਲੰਧਰ ਪੱਛਮੀ ਵਿਧਾਨ ਸਭਾ ਹਲਕੇ 'ਚ ਚੋਣ ਸਰਗਰਮੀਆਂ ਸੋਮਵਾਰ ਚਾਣਚੱਕ ਤੇਜ਼ ਹੋ ਗਈਆਂ ਜਦੋਂ ਆਮ ਆਦਮੀ ਪਾਰਟੀ ਨੇ ਮਹਿੰਦਰ ਭਗਤ ਅਤੇ ਭਾਜਪਾ ਨੇ ਸਾਬਕਾ ਵਿਧਾਇਕ ਸ਼ੀਤਲ ਅੰਗੂਰਾਲ ਨੂੰ ਮੈਦਾਨ ਵਿਚ ਉਤਾਰਨ ਦਾ ਐਲਾਨ ਕਰ ਦਿੱਤਾ। ਜ਼ਿਮਨੀ ਚੋਣ ਲਈ ਵੋਟਿੰਗ 10 ਜੁਲਾਈ ਨੂੰ ਅਤੇ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ। 2022 ਦੀਆਂ ਚੋਣਾਂ ਦੌਰਾਨ ਵੀ ਮਹਿੰਦਰ ਭਗਤ ਤੇ ਸ਼ੀਤਲ ਅੰਗੂਰਾਲ ਇੱਕ-ਦੂਜੇ ਦੇ ਵਿਰੁੱਧ ਲੜੇ ਸਨ। ਉਦੋਂ ਮਹਿੰਦਰ ਭਗਤ ਭਾਜਪਾ ਦੇ ਤੇ ਸ਼ੀਤਲ ਅੰਗੂਰਾਲ 'ਆਪ' ਦੇ ਉਮੀਦਵਾਰ ਸਨ। ਅੰਗੂਰਾਲ ਨੇ ਉਦੋਂ ਕਾਂਗਰਸੀ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਹਰਾ ਕੇ ਸੀਟ ਜਿੱਤੀ ਸੀ। ਖੇਡ ਸਾਮਾਨ ਦਾ ਕਾਰਖਾਨਾ ਚਲਾਉਂਦੇ ਮਹਿੰਦਰ ਭਗਤ ਭਾਜਪਾ ਦੇ ਸੀਨੀਅਰ ਆਗੂ ਤੇ ਬਾਦਲ ਸਰਕਾਰ 'ਚ ਮੰਤਰੀ ਰਹੇ ਚੂਨੀ ਲਾਲ ਭਗਤ ਦੇ ਪੁੱਤਰ ਹਨ। ਉਹ 2023 ਵਿਚ ਆਪ 'ਚ ਸ਼ਾਮਲ ਹੋਏ ਸਨ। 'ਆਪ' ਵਿਧਾਇਕ ਸ਼ੀਤਲ ਅੰਗੂਰਾਲ ਦੇ ਅਸਤੀਫੇ ਤੋਂ ਬਾਅਦ ਜ਼ਿਮਨੀ ਚੋਣ ਲਾਜ਼ਮੀ ਹੋ ਗਈ ਸੀ। ਅੰਗੂਰਾਲ ਨੇ ਜਲੰਧਰ ਦੇ ਤੱਤਕਾਲੀ ਸੰਸਦ ਮੈਂਬਰ ਸੁਸ਼ੀਲ ਰਿੰਕੂ ਨਾਲ ਮਿਲ ਕੇ ਆਮ ਆਦਮੀ ਪਾਰਟੀ ਛੱਡ ਦਿੱਤੀ ਸੀ ਅਤੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਭਾਜਪਾ 'ਚ ਸ਼ਾਮਲ ਹੋਣ ਤੋਂ ਇਕ ਦਿਨ ਬਾਅਦ ਅੰਗੂਰਾਲ ਨੇ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਵਿਧਾਨ ਸਭਾ ਸਪੀਕਰ ਨੇ 30 ਮਈ ਨੂੰ ਅੰਗੂਰਾਲ ਦਾ ਅਸਤੀਫਾ ਸਵੀਕਾਰ ਕਰ ਲਿਆ ਸੀ।

## ਨਿਖਿਲ ਗੁਪਤਾ ਅਮਰੀਕਾ ਹਵਾਲੇ

**ਵਾਸ਼ਿੰਗਟਨ** : ਅਮਰੀਕੀ ਨਾਗਰਿਕ ਅਤੇ ਵੱਖਵਾਦੀ ਗੁਰਪਤਵੰਤ ਸਿੰਘ ਪੰਨੂੰ ਨੂੰ ਕਤਲ ਕਰਾਉਣ ਦੀ ਕਥਿਤ ਸਾਜ਼ਿਸ਼ 'ਚ ਸ਼ਾਮਲ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਨੇ ਅਮਰੀਕਾ ਹਵਾਲੇ ਕਰ ਦਿੱਤਾ ਹੈ। ਗੁਪਤਾ (52) ਨੂੰ ਅਮਰੀਕੀ ਸਰਕਾਰ ਦੀ ਅਪੀਲ 'ਤੇ ਪਿਛਲੇ ਸਾਲ ਚੈੱਕ ਗਣਰਾਜ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਚੈੱਕ ਸੰਵਿਧਾਨਕ ਅਦਾਲਤ ਨੇ ਪਿਛਲੇ ਮਹੀਨੇ ਹਵਾਲਗੀ ਵਿਰੁੱਧ ਗੁਪਤਾ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਅਮਰੀਕਾ ਦੇ ਸੰਘੀ ਵਕੀਲਾਂ ਨੇ ਦੋਸ਼ ਲਗਾਇਆ ਹੈ ਕਿ ਗੁਪਤਾ ਅਣਪਛਾਤੇ ਭਾਰਤੀ ਸਰਕਾਰੀ ਅਧਿਕਾਰੀ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਗੁਪਤਾ ਨੇ ਪੰਨੂੰ ਨੂੰ ਮਰਵਾਉਣ ਲਈ 15 ਹਜ਼ਾਰ ਡਾਲਰ ਦੀ ਪੇਸ਼ਗੀ ਰਕਮ ਦੇ ਕੇ ਇਕ ਹਿੱਟਮੈਨ ਗੰਢਿਆ ਸੀ। ਭਾਰਤ ਨੇ ਇਸ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਅਤੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਗੁਪਤਾ ਇਸ ਸਮੇਂ ਬਰੁਕਲਿਨ ਦੇ ਮੈਟਰੋਪੋਲੀਟਨ ਡਿਟੈਂਸ਼ਨ ਸੈਂਟਰ 'ਚ ਬੰਦ ਹੈ।

## ਕਿਸੇ ਨਾਲ ਲਿਹਾਜ਼ ਨਾ ਕਰਨ ਦਾ ਦਾਅਵਾ

**ਬੇਂਗਲੁਰੂ** : ਕਰਨਾਟਕ ਦੇ ਗ੍ਰਹਿ ਮੰਤਰੀ ਜੀ ਪਰਮੇਸ਼ਵਰ ਨੇ ਰੇਣੂਕਾਸਵਾਮੀ ਹੱਤਿਆ ਮਾਮਲੇ ਦੀ ਜਾਂਚ ਦੇ ਸੰਬੰਧ 'ਚ ਕਿਹਾ ਕਿ ਕਿਸੇ ਪ੍ਰਤੀ ਨਰਮ ਰੁਖ ਅਪਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਕੇਸ ਦੇ ਸੰਬੰਧ 'ਚ ਕੰਨੜ ਅਦਾਕਾਰ ਦਰਸ਼ਨ ਥੂਗੁਦੀਪਾ ਅਤੇ ਉਸ ਦੀ ਦੋਸਤ ਅਦਾਕਾਰਾ ਪਵਿੱਤਰਾ ਗੌੜਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਰਮੇਸ਼ਵਰ ਨੇ ਕਿਹਾ—ਮੈਂ ਅਤੇ ਮੁੱਖ ਮੰਤਰੀ ਸਿੱਧਾਰਮਈਆ ਨੇ ਵਾਰ-ਵਾਰ ਕਿਹਾ ਹੈ ਕਿ ਅਸੀਂ ਇਸ ਮਾਮਲੇ 'ਚ ਬਿਨਾਂ ਕਿਸੇ ਪੱਖਪਾਤ ਦੇ ਕਾਰਵਾਈ ਕਰਾਂਗੇ। ਦਰਸ਼ਨ ਅਤੇ ਉਸ ਦੇ 17 ਸਾਥੀਆਂ ਨੂੰ ਰੇਣੂਕਾਸਵਾਮੀ ਦੀ ਹੱਤਿਆ ਦੇ ਦੋਸ਼ 'ਚ 8 ਜੂਨ ਨੂੰ ਚਿਤਰਦੁਰਗ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਆਪੋਜ਼ੀਸ਼ਨ ਅੜ ਗਈ ਤਾਂ ਆਜ਼ਾਦ ਭਾਰਤ 'ਚ ਪਹਿਲੀ ਵਾਰ ਸਪੀਕਰ ਲਈ ਵੋਟਾਂ ਪੈਣਗੀਆਂ



**ਨਵੀਂ ਦਿੱਲੀ** : ਜੇ ਆਪੋਜ਼ੀਸ਼ਨ ਪਾਰਟੀਆਂ ਅਗਲੇ ਹਫਤੇ ਲੋਕ ਸਭਾ ਦੇ ਸਪੀਕਰ ਦੇ ਅਹੁਦੇ ਲਈ ਸਰਕਾਰ ਨੂੰ ਵੋਟਾਂ ਪੁਆਉਣ ਲਈ ਮਜਬੂਰ ਕਰਦੀਆਂ ਹਨ ਤਾਂ ਆਜ਼ਾਦ ਭਾਰਤ ਵਿਚ ਇਹ ਪਹਿਲੀ ਮਿਸਾਲ ਹੋਵੇਗੀ, ਕਿਉਂਕਿ ਹੁਣ ਤੱਕ ਆਮ ਸਹਿਮਤੀ ਨਾਲ ਹੀ ਸਪੀਕਰ ਬਣਦੇ ਆਏ ਹਨ।

ਆਜ਼ਾਦੀ ਤੋਂ ਪਹਿਲਾਂ 24 ਅਗਸਤ 1925 ਨੂੰ ਸੈਂਟਰਲ ਲੈਜਿਸਲੇਟਿਵ ਅਸੈਂਬਲੀ (ਉਦੋਂ ਲੋਕ ਸਭਾ ਇਸੇ ਨਾਂਅ ਨਾਲ ਜਾਣੀ ਜਾਂਦੀ ਸੀ) ਦੀ ਚੋਣ ਹੋਈ ਸੀ, ਜਿਸ ਵਿਚ ਸਵਰਾਜਿਸਟ ਪਾਰਟੀ ਦੇ ਉਮੀਦਵਾਰ ਵਿੱਠਲ ਭਾਈ ਜੇ ਪਟੇਲ ਨੇ ਟੀ ਰੰਗਾਚਾਰੀਅਰ ਨੂੰ ਦੋ ਵੋਟਾਂ ਨਾਲ ਹਰਾਇਆ ਸੀ। ਪਟੇਲ ਨੂੰ 58 ਤੇ ਰੰਗਾਚਾਰੀਅਰ ਨੂੰ 56 ਵੋਟਾਂ ਮਿਲੀਆਂ ਸਨ। 2024 ਦੀਆਂ ਲੋਕ ਸਭਾ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰਕੇ ਆਪੋਜ਼ੀਸ਼ਨ ਪਾਰਟੀਆਂ ਦਾ ਗੱਠਜੋੜ 'ਇੰਡੀਆ' ਡਿਪਟੀ ਸਪੀਕਰ ਦਾ ਅਹੁਦਾ ਮੰਗ ਰਿਹਾ ਹੈ, ਜੋ ਕਿ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਨੂੰ ਦੇਣ ਦੀ ਰਵਾਇਤ ਰਹੀ ਹੈ। ਮੋਦੀ ਸਰਕਾਰ ਨੇ ਇਹ ਰਵਾਇਤ ਤੋੜ ਦਿੱਤੀ ਸੀ ਤੇ ਡਿਪਟੀ ਸਪੀਕਰ ਨਿਯੁਕਤ ਹੀ ਨਹੀਂ ਹੋਣ ਦਿੱਤਾ ਸੀ। ਇਕ ਸੀਨੀਅਰ ਕਾਂਗਰਸੀ ਆਗੂ ਨੇ ਕਿਹਾ ਕਿ ਜੇ ਆਪੋਜ਼ੀਸ਼ਨ ਨੂੰ ਡਿਪਟੀ ਸਪੀਕਰ ਦਾ ਅਹੁਦਾ ਨਾ ਮਿਲਿਆ ਤਾਂ ਉਹ ਸਰਕਾਰ ਨੂੰ ਸਪੀਕਰ ਦੇ ਅਹੁਦੇ ਲਈ ਵੋਟਾਂ ਪੁਆਉਣ 'ਤੇ ਮਜਬੂਰ ਕਰੇਗੀ। 18ਵੀਂ ਲੋਕ ਸਭਾ ਦਾ ਪਹਿਲਾ ਅਜਲਾਸ 24 ਜੂਨ ਤੋਂ ਸ਼ੁਰੂ ਹੋਣਾ ਹੈ। ਨਵੇਂ ਮੈਂਬਰਾਂ ਦੇ ਸਹੁੰ ਚੁੱਕਣ ਤੋਂ ਬਾਅਦ ਸਪੀਕਰ ਦੀ ਚੋਣ ਕੀਤੀ ਜਾਵੇਗੀ। ਇੰਡੀਆ ਗੱਠਜੋੜ ਕੋਲ 233 ਮੈਂਬਰ ਹਨ, ਜਦਕਿ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਕੋਲ 293 ਮੈਂਬਰ। ਭਾਜਪਾ ਦੀਆਂ 240 ਸੀਟਾਂ ਹਨ, ਜਦਕਿ ਤੇਲਗੂ ਦੇਸਮ 16 ਮੈਂਬਰਾਂ ਤੇ ਜਨਤਾ ਦਲ ਯੂ 12 ਮੈਂਬਰਾਂ ਨਾਲ ਭਾਜਪਾ ਦੀਆਂ ਵੱਡੀਆਂ ਇਤਿਹਾਦੀ ਪਾਰਟੀਆਂ ਹਨ। ਆਪੋਜ਼ੀਸ਼ਨ ਵਾਲੇ ਤੇਲਗੂ ਦੇਸਮ 'ਤੇ ਜ਼ੋਰ ਪਾ ਰਹੇ ਹਨ ਕਿ ਉਹ ਸਪੀਕਰ ਦਾ ਅਹੁਦਾ ਮੰਗੇ, ਨਹੀਂ ਤਾਂ ਭਾਜਪਾਈ ਉਸ ਨੂੰ ਤੋੜ ਸਕਦੇ ਹਨ। ਸ਼ਿਵ ਸੈਨਾ (ਯੂ ਬੀ ਟੀ) ਦੇ ਆਗੂ ਸੰਜੇ ਰਾਊਤ ਨੇ ਐਤਵਾਰ ਕਿਹਾ ਸੀ ਕਿ ਭਾਜਪਾ ਉਨ੍ਹਾਂ ਪਾਰਟੀਆਂ ਨਾਲ ਧੋਖਾ ਕਰਦੀ ਹੈ, ਜਿਹੜੀਆਂ ਉਸ ਦੀ ਹਮਾਇਤ ਕਰਦੀਆਂ ਹਨ। ਜਨਤਾ ਦਲ ਯੂ ਨੇ ਤਾਂ ਐਲਾਨ ਕਰ ਦਿੱਤਾ ਹੈ ਕਿ ਉਹ ਸਪੀਕਰ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਦੀ ਹਮਾਇਤ ਕਰੇਗੀ, ਪਰ ਤੇਲਗੂ ਦੇਸਮ ਸਰਬਸੰਮਤੀ ਵਾਲਾ ਉਮੀਦਵਾਰ ਚਾਹੁੰਦੀ ਹੈ।

ਸੈਂਟਰਲ ਲੈਜਿਸਲੇਟਿਵ ਅਸੈਂਬਲੀ ਦੇ ਸਪੀਕਰ ਦੇ ਅਹੁਦੇ ਲਈ 1925 ਤੋਂ 1946 ਤੱਕ 6 ਵਾਰ ਚੋਣ ਹੋਈ ਸੀ। ਆਜ਼ਾਦੀ ਤੋਂ ਬਾਅਦ ਆਮ ਸਹਿਮਤੀ ਨਾਲ ਹੀ ਸਪੀਕਰ ਚੁਣੇ ਜਾਂਦੇ ਰਹੇ ਹਨ। ਐੱਮ ਏ ਅਯੰਗਰ, ਗੁਰਦਿਆਲ ਸਿੰਘ ਢਿੱਲੋਂ,

● ਬਾਕੀ ਸਫ਼ਾ 2 'ਤੇ

## ਗੰਭੀਰ ਪਾਣੀ ਸੰਕਟ ਦੀ ਚਿਤਾਵਨੀ



**ਨਵੀਂ ਦਿੱਲੀ** : ਹਿੰਦੂ ਕੁਸ਼ ਹਿਮਾਲਿਆ ਵਿਚ ਇਸ ਸਾਲ ਬਰਫਬਾਰੀ ਵਿਚ ਰਿਕਾਰਡ ਗਿਰਾਵਟ ਕਾਰਨ ਨੀਵੇਂ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਨੂੰ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨੇਪਾਲ ਸਥਿਤ ਅੰਤਰ-ਸਰਕਾਰੀ ਸੰਸਥਾ ਇੰਟਰਨੈਸ਼ਨਲ ਸੈਂਟਰ ਫਾਰ ਇੰਟੈਗਰੇਟਿਡ ਮਾਊਂਟੇਨ ਡਿਵੈਲਪਮੈਂਟ ਦੇ ਪ੍ਰਮੁੱਖ ਮਾਹਰਾਂ ਨੇ ਜਲ ਪ੍ਰਬੰਧਨ ਅਥਾਰਟੀਆਂ ਨੂੰ ਸੋਕਾ ਪ੍ਰਬੰਧਨ ਰਣਨੀਤੀਆਂ ਅਤੇ ਸੰਕਟਕਾਲੀਨ ਜਲ ਸਪਲਾਈ ਉਪਾਅ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਹਿੰਦੂ ਕੁਸ਼ ਹਿਮਾਲੀਅਨ ਖੇਤਰ ਬਰਫ, ਬਰਫ ਦੇ ਪਹਾੜ, ਝੀਲਾਂ ਅਤੇ ਦਰਿਆਵਾਂ ਸਮੇਤ ਧਰਤੀ ਦੀ ਸਤਹ 'ਤੇ ਜੰਮੇ ਪਾਣੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਇਹ ਜੰਮਿਆ ਹੋਇਆ ਪਾਣੀ ਹਿੰਦੂ ਕੁਸ਼ ਹਿਮਾਲੀਅਨ ਖੇਤਰ 'ਚ ਰਹਿਣ ਵਾਲੇ ਲੱਗਭੱਗ 24 ਕਰੋੜ ਲੋਕਾਂ ਲਈ ਤਾਜ਼ੇ ਪਾਣੀ ਦਾ ਅਹਿਮ ਸਰੋਤ ਹੈ ਅਤੇ ਹੇਠਲੇ ਖੇਤਰਾਂ 'ਚ ਰਹਿਣ ਵਾਲੇ ਲੱਗਭੱਗ 165 ਕਰੋੜ ਲੋਕਾਂ ਨੂੰ ਇਸ ਜੰਮੇ ਹੋਏ ਪਾਣੀ ਤੋਂ ਲਾਭ ਮਿਲਦਾ ਹੈ।

## ਦਿੱਲੀ ਹਵਾਈ ਅੱਡੇ 'ਤੇ ਅੱਧਾ ਘੰਟਾ ਬਿਜਲੀ ਗੁੱਲ




**ਨਵੀਂ ਦਿੱਲੀ** : ਸੋਮਵਾਰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਅੱਧੇ ਘੰਟੇ ਤੋਂ ਵੱਧ ਬਿਜਲੀ ਗੁੱਲ ਰਹਿਣ ਕਾਰਨ ਚੈੱਕ ਇਨ ਤੇ ਬੋਰਡਿੰਗ ਸੇਵਾਵਾਂ ਠੱਪ ਰਹੀਆਂ। ਇਸ ਦੌਰਾਨ ਲੋਕਾਂ ਨੂੰ ਕਾਊਂਟਰ 'ਤੇ ਵੀ ਸੇਵਾ ਨਹੀਂ ਮਿਲੀ। ਹਵਾਈ ਅੱਡੇ ਦੇ ਪਾਵਰ ਗਰਿੱਡ ਵਿਚ ਖਰਾਬੀ ਕਾਰਨ ਇਹ ਹਾਲਤ ਬਣੀ। ਇਕ ਯਾਤਰੀ ਨੇ ਐੱਕਸ 'ਤੇ ਲਿਖਿਆ—ਬਿਜਲੀ ਗੁੱਲ ਹੋਣ ਨਾਲ ਦਿੱਲੀ ਹਵਾਈ ਅੱਡੇ ਦਾ ਟਰਮੀਨਲ 3 ਪੂਰੀ ਤਰ੍ਹਾਂ ਠੱਪ, ਕੋਈ ਕਾਊਂਟਰ ਨਹੀਂ, ਕੋਈ ਡਿਜੀ ਯਾਤਰਾ ਨਹੀਂ, ਕੁਝ ਵੀ ਕੰਮ ਨਹੀਂ ਕਰ ਰਿਹਾ।

# ਇੰਜੀਨੀਅਰਾਂ ਵੱਲੋਂ ਫਰੀ ਬਿਜਲੀ ਨੀਤੀ 'ਤੇ ਫੌਰੀ ਨਜ਼ਰਸਾਨੀ ਦੀ ਸਲਾਹ

**ਪਟਿਆਲਾ** : ਅੱਤ ਦੀ ਗਰਮੀ ਤੇ ਝੋਨੇ ਦੀ ਲੁਆਈ ਨੇ ਪਿਛਲੇ ਤਿੰਨ ਦਿਨਾਂ ਵਿਚ ਬਿਜਲੀ ਦੀ ਮੰਗ ਦਾ ਪਿਛਲੇ ਸਾਲ ਦਾ 15325 ਮੈਗਾਵਾਟ ਦਾ ਰਿਕਾਰਡ ਤੋੜ ਦਿੱਤਾ ਹੈ। ਆਲ ਇੰਡੀਆ ਪਾਵਰ ਇੰਜੀਨੀਅਰਜ਼ ਫੈਡਰੇਸ਼ਨ ਨੇ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਖਬਰਦਾਰ ਕੀਤਾ ਹੈ ਕਿ ਮੰਗ ਵਧਣ ਨਾਲ ਤਕੜੇ ਕੱਟ ਲੱਗ ਸਕਦੇ ਹਨ। ਫੈਡਰੇਸ਼ਨ ਨੇ ਸੁਝਾਅ ਦਿੱਤਾ ਹੈ ਕਿ ਸਰਕਾਰੀ ਦਫਤਰਾਂ ਦਾ ਸਮਾਂ ਸਵੇਰੇ 7 ਵਜੇ ਤੋਂ 2 ਵਜੇ ਤੱਕ ਦਾ ਕਰ ਦਿੱਤਾ ਜਾਵੇ ਅਤੇ ਮਾਲ, ਦੁਕਾਨਾਂ ਸਣੇ ਸਾਰੇ ਕਮਰਸ਼ੀਅਲ ਅਦਾਰੇ ਸ਼ਾਮੀਂ 7 ਵਜੇ ਬੰਦ ਕਰਨ ਦੇ ਹੁਕਮ ਦਿੱਤੇ ਜਾਣ। ਉਸ ਨੇ ਪੀਕ ਲੋਡ ਦੀਆਂ ਰੋਕਾਂ ਲਾਗੂ ਕਰਨ ਲਈ ਵੀ ਕਿਹਾ ਹੈ।

ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਤੇ ਕੌਮਾਂਤਰੀ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰਲੇ ਇਲਾਕਿਆਂ ਵਿਚ ਝੋਨੇ ਦੀ ਲੁਆਈ ਲਈ 11 ਜੂਨ ਤੋਂ ਨਹਿਰੀ ਪਾਣੀ ਦੀ ਬਿਨਾਂ ਰੋਕ-ਟੋਕ ਦੇ ਸਪਲਾਈ ਕੀਤੀ ਗਈ। ਮੋਗਾ, ਸੰਗਰੂਰ, ਮਾਲੇਰਕੋਟਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਮੁਹਾਲੀ, ਰੂਪਨਗਰ, ਲੁਧਿਆਣਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਤੇ ਪਠਾਨਕੋਟ ਵਿਚ ਟਿਊਬਵੈੱਲਾਂ ਲਈ 15 ਜੂਨ ਤੋਂ ਬਿਜਲੀ ਦੀ ਸਪਲਾਈ ਕੀਤੀ ਜਾ ਰਹੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਇਕ ਅਧਿਕਾਰੀ ਨੇ ਕਿਹਾ ਕਿ ਬਿਜਲੀ ਦੀ ਮੰਗ 15500 ਮੈਗਾਵਾਟ ਨੂੰ ਛੂਹ ਰਹੀ ਹੈ ਤੇ ਜੇ 1200 ਮੈਗਾਵਾਟ ਹੋਰ ਵਧੀ ਤਾਂ ਗਰਿੱਡ ਵੀ ਫੇਲ੍ਹ ਹੋ ਸਕਦਾ ਹੈ। ਫੈਡਰੇਸ਼ਨ ਨੇ ਕਿਹਾ ਹੈ ਕਿ ਪੰਜਾਬ ਵਿਚ ਜਿੱਥੇ ਝੋਨਾ ਨਹੀਂ ਲੱਗਾ, ਉਥੇ ਬਿਜਾਈ ਦਾ ਸਮਾਂ 25 ਜੂਨ ਕੀਤਾ ਜਾਵੇ ਤੇ ਇਸ ਦੀ ਕਿਸੇ ਨੂੰ ਵੀ ਉਲੰਘਣਾ ਨਾ ਕਰਨ ਦਿੱਤੀ ਜਾਵੇ। ਵੱਧ ਪਾਣੀ ਲੈਣ ਵਾਲੀਆਂ ਪੂਸਾ 44 ਵਰਗੀਆਂ ਕਿਸਮਾਂ ਦਾ ਝੋਨਾ ਲਾਉਣ 'ਤੇ ਰੋਕ ਲਾਈ ਜਾਵੇ ਤੇ ਪੀ ਆਰ 126 ਵਰਗੀਆਂ ਕਿਸਮਾਂ ਤੇ ਬਾਸਮਤੀ ਆਦਿ ਲਾਉਣ ਲਈ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਜਾਵੇ, ਜਿਹੜੀਆਂ ਤਿੰਨ ਮਹੀਨਿਆਂ ਵਿਚ ਝਾੜ ਦਿੰਦੀਆਂ ਹਨ। ਬਿਜਲੀ ਚੋਰੀ ਕਰਨ ਵਾਲਿਆਂ 'ਤੇ ਕੌਮੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਲਾਇਆ ਜਾਵੇ ਤੇ ਫਰੀ ਬਿਜਲੀ ਦੀ ਨੀਤੀ 'ਤੇ ਤੁਰੰਤ ਨਜ਼ਰਸਾਨੀ ਕੀਤੀ ਜਾਵੇ।

ਪਾਵਰ ਕਾਰਪੋਰੇਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਿਛਲੇ ਤਿੰਨ ਦਿਨਾਂ ਵਿਚ ਮੰਗ 15500 ਮੈਗਾਵਾਟ ਨੂੰ ਛੂਹਣ ਕਾਰਨ ਵੱਡਾ ਖਤਰਾ ਮੰਡਰਾ ਰਿਹਾ ਹੈ। ਪਿਛਲੇ ਸਾਲ 23 ਜੂਨ ਨੂੰ 15325 ਮੈਗਾਵਾਟ ਤੱਕ ਮੰਗ ਵਧੀ ਸੀ। ਜੂਨ ਦੇ ਆਖਰੀ ਹਫਤੇ ਝੋਨਾ ਲਾਉਣ ਦਾ ਕੰਮ ਸਿਖਰ 'ਤੇ ਹੋਵੇਗਾ ਤੇ ਬਿਜਲੀ ਦੀ ਮੰਗ 16500 ਮੈਗਾਵਾਟ ਤਕ ਅੱਪੜ ਸਕਦੀ ਹੈ। ਫੈਡਰੇਸ਼ਨ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕੇਂਦਰੀ ਊਰਜਾ ਮੰਤਰੀ ਤੋਂ ਤਰਜੀਹੀ ਆਧਾਰ 'ਤੇ ਕੇਂਦਰੀ ਪੂਲ ਵਿੱਚੋਂ ਘੱਟੋ-ਘੱਟ ਇਕ ਹਜ਼ਾਰ ਮੈਗਾਵਾਟ ਹੋਰ ਬਿਜਲੀ ਮੰਗੇ।

## ਅੱਜ-ਨਾਮਾ

ਚਰਚਾ ਵਿੱਚ ਆ ਦਿੱਲੀ ਦਾ ਏਅਰਪੋਰਟ,
ਹਾਲਤ ਪ੍ਰਬੰਧਾਂ ਦੀ ਜਿੱਥੇ ਈ ਬੁਰੀ ਬੇਲੀ।
ਸਾਰੇ ਭਾਰਤ ਦੀ ਏਥੋਂ ਈ ਤਾਰ ਹਿੱਲਦੀ,
ਹਵਾਈ ਸੇਵਾ ਦੀ ਅਸਲ ਜੋ ਧੁਰੀ ਬੇਲੀ।
ਖਬਰ ਪਹਿਲੀ ਨਹੀਂ ਪੂਰੀ ਹੈ ਪੜ੍ਹੀ ਹੁੰਦੀ,
ਆਵੇ ਉਦੋਂ ਵੀ ਚੜ੍ਹਦੀ ਫਿਰ ਤੁਰੀ ਬੇਲੀ।
ਫਿਕਰ ਭੋਰਾ ਸਰਕਾਰ ਨੂੰ ਜਾਪਦਾ ਨਹੀਂ,
ਜਾਂਦੀ ਸਾਖ ਜਦ ਭਾਰਤ ਦੀ ਖੁਰੀ ਬੇਲੀ।
ਹੁੰਦੇ ਦੁਖੀ ਪਸੰਜਰ ਜਿਉਂ ਨਿੱਤ ਰਹਿੰਦੇ,
ਦੁਨੀਆ ਵਿੱਚ ਕੀ ਪੈਂਦੜਾ ਅਸਰ ਬੇਲੀ।
ਹੋਵੇ ਸਰਕਾਰ ਤਾਂ ਮੁੱਦੇ ਸਭ ਸਾਂਭ ਲਾਂਭੇ,
ਕੱਢੇ ਸਰਵਿਸ ਜ਼ਰੂਰੀ ਦੀ ਕਸਰ ਬੇਲੀ।

-ਤੀਸ ਮਾਰ ਖਾਂ

# ਚੱਕ ਬਾਹਮਣੀਆਂ ਟੋਲ ਖਿਲਾਫ ਸਾਂਝਾ ਸੰਘਰਸ਼ ਵਿਸ਼ਾਲ ਹੋਇਆ




**ਸ਼ਾਹਕੋਟ (ਗਿਆਨ ਸੈਦਪੁਰੀ)**

ਬੀਤੀ 2 ਜੂਨ ਤੋਂ ਬੀ ਕੇ ਯੂ ਤੋਤੇਵਾਲ ਵੱਲੋਂ ਰੇਟਾਂ ਵਿੱਚ ਵਾਧੇ ਅਤੇ ਲੋਕਾਂ ਦੀਆਂ ਮੰਗਾ ਨੂੰ ਲੈ ਕੇ ਚੱਕ ਬਾਹਮਣੀਆਂ ਟੋਲ ਫਰੀ ਕੀਤਾ ਗਿਆ ਸੀ। ਇਹਨਾਂ ਮੰਗਾਂ ਨੂੰ ਲੈ ਕੇ ਸ਼ੁਰੂ ਹੋਏ ਸੰਘਰਸ਼ ਵਿੱਚ ਸੋਮਵਾਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਟਰੱਕ ਯੂਨੀਅਨ ਧਰਮਕੋਟ ਵੀ ਕੁਦ ਪਈਆਂ। ਚੱਕ ਬਾਹਮਣੀਆਂ ਸਟੇਜ ਤੋਂ ਬੋਲਦਿਆਂ ਸੁੱਖ ਗਿੱਲ ਮੋਗਾ ਸੂਬਾ ਪ੍ਰਧਾਨ ਬੀਕੇਯੂ ਤੋਤੇਵਾਲ,ਗੁਰਚਰਨ ਸਿੰਘ ਚਾਹਲ ਜਨਰਲ ਸੈਕਟਰੀ ਜਿਲ੍ਹਾ ਜਲੰਧਰ ਬੀ ਕੇ ਯੂ ਉਗਰਾਹਾਂ, ਸਤਵੀਰ ਸਿੰਘ ਸੱਤੀ ਪ੍ਰਧਾਨ ਟਰੱਕ ਯੂਨੀਅਨ ਧਰਮਕੋਟ ਨੇ ਟੋਲ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਖਿਲਾਫ ਬੋਲਦਿਆਂ ਕਿਹਾ ਕਿ ਐੱਨ ਐੱਚ ਏ ਆਈ ਵੱਲੋਂ ਆਮ ਲੋਕਾਂ ਤੋਂ ਬੇਲੋੜਾ ਗੁੰਡਾ ਟੈਕਸ ਵਸੂਲਿਆ ਜਾਂਦਾ ਹੈ। ਪਹਿਲਾਂ ਹੀ ਰੇਟ ਬਹੁਤ ਜ਼ਿਆਦਾ ਸਨ, ਪਰ ਹੁਣ ਫਿਰ 1 ਜੂਨ ਤੋਂ ਟੋਲ ਰੇਟਾਂ ਚ 5 ਫੀਸਦੀ ਵਾਧਾ ਕਰ ਦਿੱਤਾ ਗਿਆ ਹੈ, ਜੋ ਕੇ ਬਰਦਾਸ਼ਤ ਤੋਂ ਬਾਹਰ ਹੈ। ਆਗੂਆਂ ਕਿਹਾ ਕਿ ਨਾ ਇਸ ਟੋਲ 'ਤੇ ਆਮ ਲੋਕਾਂ ਦੀ ਸਹੂਲਤ ਲਈ ਐਂਬੂਲੈਂਸ, ਹਾਈਡਰਾ ਮਸ਼ੀਨ, ਟਾਇਲਟ-ਬਾਥਰੂਮ ਹੈ। ਫਲਾਈਓਵਰਾਂ 'ਤੇ ਬਿਜਲੀ ਬਿੱਲ ਨਾ ਭਰਨ ਕਰਕੇ ਸਾਰੀਆਂ ਲਾਈਟਾਂ ਬੰਦ ਹਨ, ਥਾਂ-ਥਾਂ ਤੋਂ ਮੋਗਾ-ਲਾਂਬੜਾ ਤੱਕ ਰੋਡ ਟੁੱਟਾ ਹੋਇਆ ਹੈ, ਬੇਲੋੜੇ ਕੱਟਾਂ ਕਰਕੇ ਆਏ ਦਿਨ ਐਕਸੀਡੈਂਟ ਹੋ ਕੇ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ । ਸੜਕ 'ਤੇ ਲੱਗੇ ਹੋਏ ਸਾਰੇ ਪੌਦਿਆਂ ਦੀ ਕਾਂਟ-ਛਾਂਟ ਦੀ ਥਾਂ ਉਹਨਾਂ ਨੂੰ ਅੱਗ ਲਾ ਕੇ ਸਾੜਿਆ ਗਿਆ ਹੈ। ਅਵਾਰਾ ਪਸ਼ੂਆਂ ਕਰਕੇ ਆਏ ਦਿਨ ਐਕਸੀਡੈਂਟ ਹੁੰਦੇ ਹਨ, ਓਵਰਲੋਡ ਗੱਡੀਆਂ ਤੋਂ ਤਿੰਨ ਗੁਣਾਂ ਗੁੰਡਾ ਟੈਕਸ ਵਸੂਲਿਆ ਜਾਂਦਾ ਹੈ ਅਤੇ ਟੋਲ ਸਟਾਫ ਵੱਲੋਂ ਆਮ ਲੋਕਾਂ ਨਾਲ ਮਾੜਾ ਵਿਹਾਰ ਅਤੇ ਮਾੜੀ ਸ਼ਬਦਾਵਲੀ ਵਰਤੀ ਜਾਂਦੀ ਹੈ। ਟਰੱਕ ਯੂਨੀਅਨ ਧਰਮਕੋਟ ਦੀ ਇਹ ਮੰਗ ਹੈ ਕਿ 10 ਕਿਲੋਮੀਟਰ ਦੇ ਦਾਇਰੇ 'ਚ ਆਉਣ ਵਾਲੀਆਂ ਲੋਕਲ ਗੱਡੀਆਂ ਦਾ ਟੋਲ ਟੈਕਸ ਮੁਆਫ ਕੀਤਾ ਜਾਵੇ ਅਤੇ ਓਵਰਲੋਡਿੰਗ ਗੱਡੀ ਤੋਂ ਤਿੰਨ ਗੁਣਾ ਟੈਕਸ ਨਾ ਵਸੂਲਿਆ ਜਾਵੇ। ਆਗੂਆਂ ਦੱਸਿਆ ਕਿ ਪੁਲਸ ਪ੍ਰਸ਼ਾਸਨ ਵੱਲੋਂ ਐੱਨ ਐੱਚ ਏ ਆਈ ਦੇ ਕਹਿਣ 'ਤੇ ਕਿਸਾਨਾਂ ਨੂੰ ਧਮਕਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਪੁਲਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇ ਉਹਨਾਂ ਕਿਸਾਨਾਂ ਜਾਂ ਟਰੱਕ ਯੂਨੀਅਨ ਦੇ ਵਰਕਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਇਸ ਮੌਕੇ ਲਖਵਿੰਦਰ ਸਿੰਘ ਕਰਮੂਵਾਲਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਚਮਕੌਰ ਸਿੰਘ, ਸੀਤੋ ਕੌਰ ਕਮੇਟੀ ਮੈਂਬਰ ਪੰਜਾਬ, ਸੁੱਖਾ ਐੱਮ ਸੀ ਧਰਮਕੋਟ, ਰਾਜਪਾਲ ਸਿੰਘ ਮਖੀਜਾ, ਸੋਹਣ ਸਿੰਘ ਬੱਲ ਜ਼ਿਲ੍ਹਾ ਪ੍ਰਧਾਨ ਜਲੰਧਰ ਉਗਰਾਹਾਂ, ਬਲਕਾਰ ਸਿੰਘ ਬਲਾਕ ਪ੍ਰਧਾਨ ਸ਼ਾਹਕੋਟ ਉਗਰਾਹਾਂ, ਪ੍ਰਿੰਸੀਪਲ ਮਨਜੀਤ ਸਿੰਘ, ਰਣਯੋਧ ਸਿੰਘ ਕੋਟ ਈਸੇ ਖਾਂ, ਮਹਿਲ ਸਿੰਘ ਕੋਟ ਈਸੇ ਖਾਂ, ਤਲਵਿੰਦਰ ਗਿੱਲ ਤੋਤੇਵਾਲਾ, ਡਾ. ਸਰਤਾਜ ਧਰਮਕੋਟ, ਲਾਡੀ ਭੱਦਮਾਂ, ਕਿੱਕਰ ਸਿੰਘ ਢੋਸ, ਬਲਵਿੰਦਰ ਸਿੰਘ ਮੈਂਬਰ, ਬੈੜ ਸਿੰਘ ਮੈਂਬਰ, ਮੰਦਰ ਸਿੰਘ ਮੈਂਬਰ, ਇੰਦਰਜੀਤ ਸਿੰਘ ਮੈਂਬਰ, ਲਖਜਿੰਦਰ ਸਿੰਘ ਪੱਪੂ ਐੱਮ ਸੀ, ਸੇਵਕ ਚਾਹਲ, ਬਲਵਿੰਦਰ ਸਿੰਘ ਰੋਸ਼ਨ ਵਾਲਾ, ਨਿਰਵੈਰ ਸਿੰਘ, ਮਲਕੀਤ ਸਿੰਘ, ਹਜ਼ੂਰਾ ਸਿੰਘ ਤੇ ਗੁਰਬਖਸ਼ ਸਿੰਘ ਆਦਿ ਹਾਜ਼ਰ ਸਨ।

## ਲਾਡੋਵਾਲ ਟੋਲ ਪਲਾਜ਼ਾ 'ਤੇ ਧਰਨਾ ਜਾਰੀ

**ਲੁਧਿਆਣਾ** : ਕਿਸਾਨ ਯੂਨੀਅਨਾਂ ਦਾ ਸੋਮਵਾਰ ਦੂਜੇ ਦਿਨ ਵੀ ਲਾਡੋਵਾਲ ਟੋਲ ਬੈਰੀਅਰ 'ਤੇ ਧਰਨਾ ਜਾਰੀ ਰਿਹਾ ਤੇ ਵਾਹਨ ਚਾਲਕ ਬਗੈਰ ਟੋਲ ਅਦਾ ਕੀਤੇ ਲੰਘਦੇ ਰਹੇ। ਟੋਲ ਕੰਪਨੀ ਦੇ ਅਧਿਕਾਰੀਆਂ ਨੇ ਦੱਸਿਆ ਕਿ 24 ਘੰਟਿਆਂ 'ਚ ਔਸਤਨ 40000 ਵਾਹਨ ਬੈਰੀਅਰ ਨੂੰ ਪਾਰ ਕਰਦੇ ਹਨ ਅਤੇ ਕੰਪਨੀ ਨੂੰ ਅੰਦਾਜ਼ਨ ਰੋਜ਼ਾਨਾ ਇੱਕ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਲਾਡੋਵਾਲ ਟੋਲ ਪਲਾਜ਼ਾ ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਹੈ। ਇੱਥੇ ਕਾਰ ਦੇ ਇੱਕ ਪਾਸੇ ਦੇ ਸਫਰ ਲਈ 220 ਰੁਪਏ ਲਏ ਜਾਂਦੇ ਹਨ। ਜੇ ਕਿਸੇ ਵਾਹਨ 'ਤੇ ਫਾਸਟ-ਟੈਗ ਨਹੀਂ ਹੈ ਤਾਂ ਉਸ ਨੂੰ ਸਿਰਫ ਇਕ ਪਾਸੇ ਦੀ ਯਾਤਰਾ ਲਈ 430 ਰੁਪਏ ਦਾ ਟੈਕਸ ਦੇਣਾ ਪੈਂਦਾ ਹੈ। ਪਿਛਲੇ ਇੱਕ ਸਾਲ 'ਚ ਇਸ ਟੋਲ ਦੀਆਂ ਦਰਾਂ 'ਚ ਤਿੰਨ ਵਾਰ ਵਾਧਾ ਕੀਤਾ ਗਿਆ ਹੈ। ਕਿਸਾਨਾਂ ਦੀ ਮੰਗ ਹੈ ਕਿ ਦਰਾਂ ਘਟਾਈਆਂ ਜਾਣ, ਤਾਂ ਜੋ ਯਾਤਰੀਆਂ ਨੂੰ ਰਾਹਤ ਮਿਲੇ। ਲੁਧਿਆਣਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਐੱਸ ਡੀ ਐੱਮ ਟੋਲ ਬੈਰੀਅਰ 'ਤੇ ਜਾ ਕੇ ਕਿਸਾਨਾਂ ਨਾਲ ਗੱਲਬਾਤ ਕਰਨਗੇ ਤਾਂ ਜੋ ਮਾਮਲੇ ਦਾ ਸੁਖਾਵਾਂ ਹੱਲ ਕੱਢਿਆ ਜਾ ਸਕੇ।

18-JUNE-PAGE-1.qxd 6/17/2024 8:47 PM Page 2



## ਜਾਮਾ ਮਸਜਿਦ ਕਾਲਾਂਵਾਲੀ 'ਚ ਲੱਗੀਆਂ ਬਕਰੀਦ ਦੀਆਂ ਰੌਣਕਾਂ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਮੰਡੀ ਕਾਲਾਂਵਾਲੀ ਦੀ ਜਾਮਾ ਮਸਜਿਦ ਵਿਖੇ ਈਦ-ਉੱਲ-ਅਜ਼ਾਹ (ਬਕਰੀਦ) ਦੇ ਪਵਿੱਤਰ ਤਿਉਹਾਰ ਮੌਕੇ ਮੌਲਵੀ ਫਿਰੋਜ਼ ਖਾਨ ਜੋਈਆ ਵੱਲੋਂ ਸਭਨੂੰ ਆਪਸੀ ਭਾਈਚਾਰਕ ਸਾਂਝ ਨੂੰ ਪ੍ਰਪੱਕ ਕਰਨ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਨਮਾਜ਼ੀਆਂ ਨੂੰ ਸੰਬੋਧਨ ਕਰਦਿਆਂ ਮੌਲਵੀ ਫਿਰੋਜ਼ ਖਾਨ ਜੋਈਆ ਨੇ ਕਿਹਾ ਕਿ ਅੱਲ੍ਹਾ ਤਾਲਾ ਨੇ ਸਾਨੂੰ ਸਭ ਨੂੰ ਆਪਸੀ ਮੁਹਬਤਾਂ ਨਾਲ ਇਸ ਸੰਸਾਰ ਵਿੱਚ ਵਿਚਰਨ ਤੇ ਇੱਕ ਦੂਜੇ ਦਾ ਸਤਿਕਾਰ ਕਰਨ ਦਾ ਸੰਦੇਸ਼ ਦਿੱਤਾ ਹੈ। ਆਪਣੇ ਪ੍ਰਵਚਨਾਂ ਦੌਰਾਨ ਮੌਲਵੀ ਫਿਰੋਜ਼ ਖਾਨ ਜੋਈਆ ਨੇ ਫਿਲਸਤੀਨ ਤੇ ਇਜ਼ਰਾਇਲ ਦਰਮਿਆਨ ਜੰਗ ਦਾ ਜ਼ਿਕਰ ਕਰਦੇ ਕਿਹਾ ਕਿ ਸੰਸਾਰ ਦੇ ਹਰ ਵਿਅਕਤੀ ਨੂੰ ਆਪਣੇ ਆਕੀਦੇ ਤੇ ਧਰਮ ਵਿੱਚ ਪ੍ਰਪੱਕ ਰਹਿਣ ਦਾ ਹੱਕ ਹੈ। ਇਸ ਮੌਕੇ ਜਾਮਾ ਮਸਜਿਦ ਦੇ ਪ੍ਰਧਾਨ ਬਸ਼ੀਰ ਮੁਹੰਮਦ ਨੇ ਕਿਹਾ ਕਿ ਇਸ ਪਵਿੱਤਰ ਤਿਉਹਾਰ 'ਤੇ ਸਿਰਸਾ ਤੋਂ ਕਾਂਗਰਸ ਦੇ ਐੱਮ ਪੀ ਕੁਮਾਰੀ ਸੈਲਜ਼ਾ, ਭਾਜਪਾ ਆਗੂ ਅਸ਼ੋਕ ਤੰਵਰ, ਸਾਬਕਾ ਵਿਧਾਇਕ ਬਲਕੌਰ ਸਿੰਘ ਕਾਲਾਂਵਾਲੀ ਤੇ ਸਿੱਖ ਜਰਨਲਿਸਟ ਐਸੋਸੀਏਸ਼ਨ ਦੇ ਜਰਨਲ ਸੱਕਤਰ ਮਾ: ਸੁਰਿੰਦਰ ਪਾਲ ਸਿੰਘ ਤੋਂ ਬਿਨਾਂ ਮੰਡੀ ਕਾਲਾਂਵਾਲੀ ਦੀਆਂ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਹਸਤੀਆਂ ਵੱਲੋਂ ਆਪਣੇ ਭਰਾਵਾਂ ਨੂੰ ਬਕਰੀਦ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਸਮੇਂ ਮਾਇਨੁਦੀਨ, ਅਜੀਜ਼, ਇਮਾਨ, ਮੋਇਤ ਤੇ ਰਫੀਕ ਸਮੇਤ ਬਹੁਤ ਸਾਰੇ ਪਤਵੰਤਿਆਂ ਵੱਲੋਂ ਆਪਣੇ ਭਰਾਵਾਂ ਦੇ ਗਲ ਲੱਗ ਕੇ ਤਿਉਹਾਰ ਦੀ ਖੁਸ਼ੀ ਪ੍ਰਗਟ ਕੀਤੀ ਗਈ।

## ਭਸੌੜ 'ਚ ਬਕਰੀਦ ਦੀ ਨਮਾਜ਼ ਅਦਾ ਕੀਤੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੋਮਵਾਰ ਬਕਰੀਦ ਦੇ ਮੌਕੇ ਪਿੰਡ ਭਸੌੜ ਵਿਖੇ ਨਮਾਜ ਅਦਾ ਕੀਤੀ ਗਈ ਅਤੇ ਮੁਸਲਮ ਭਾਈਚਾਰੇ ਨੇ ਇੱਕ ਦੂਜੇ ਨੂੰ ਗਲੇ ਮਿਲ ਕੇ ਈਦ ਦੀਆਂ ਮੁਬਾਰਕਾਂ ਦਿੱਤੀਆਂ।ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਨੇ ਮੁਸਲਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਆਪਸੀ ਭਾਈਚਾਰਕ ਸਾਂਝ ਦੀ ਗੱਲ ਵੀ ਕਹੀ।ਉਨ੍ਹਾ ਕਿਹਾ ਕਿ ਭਾਰਤ ਇੱਕੋ ਇੱਕ ਅਜਿਹਾ ਦੇਸ਼ ਹੈ, ਜਿੱਥੇ ਸਭ ਧਰਮਾਂ ਦੇ ਲੋਕ ਆਪਸ ਵਿੱਚ ਸਭ ਤਿਉਹਾਰ ਮਿਲ ਕੇ ਮਨਾਉਂਦੇ ਹਨ।ਉਨ੍ਹਾਂ ਵਧਾਈ ਸੰਦੇਸ਼ ਵਿੱਚ ਕਿਹਾ ਕਿ ਆਓ ਏਕਤਾ ਦੇ ਪ੍ਰਤੀਕ ਇਸ ਤਿਓਹਾਰ ਮੌਕੇ ਆਪਸੀ ਭਾਈਚਾਰਕ ਸਾਂਝ ਨੂੰ ਹਮੇਸ਼ਾ ਕਾਇਮ ਰੱਖਣ ਦਾ ਪ੍ਰਣ ਕਰਨ ਦੀ ਗੱਲ ਵੀ ਆਖੀ।

## ਈਦ-ਉੱਲ-ਅਜਹਾ ਮੌਕੇ ਮੁਸਲਮ ਭਾਈਚਾਰੇ ਦੀ ਖੁਸ਼ੀ 'ਚ ਸ਼ਰੀਕ ਹੋਏ ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਈਦ-ਉੱਲ-ਅਜਹਾ ਮੌਕੇ ਮਸੀਤ ਵਾਲਾ ਚੌਕ ਸਥਿਤ ਇਤਿਹਾਸਕ ਜਾਮਾ ਮਸਜਿਦ ਵਿਖੇ ਮੁਸਲਮ ਭਾਈਚਾਰੇ ਦੀ ਖੁਸ਼ੀ 'ਚ ਸ਼ਰੀਕ ਹੋਏ।ਉਨ੍ਹਾ ਕਿਹਾ ਕਿ ਇਹ ਤਿਉਹਾਰ, ਜਿਸ ਨੂੰ ਬਕਰੀਦ ਦਾ ਨਾਮ ਵੀ ਦਿੱਤਾ ਜਾਂਦਾ ਹੈ, ਖੁਸ਼ੀ ਤੇ ਗਮੀ ਦੋਵਾਂ ਦਾ ਪ੍ਰਤੀਕ ਹੈ।ਇਸ ਮੌਕੇ ਹਨੀ ਫੱਤਣਵਾਲਾ ਨੇ ਦੇਸ਼ਵਾਸੀਆਂ ਨੂੰ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਬਣਾਉਣ ਦਾ ਸੰਦੇਸ਼ ਦਿੱਤਾ।ਇਸ ਮੌਕੇ ਮੌਲਵੀ ਮੁਹੰਮਦ ਹਾਸ਼ਿਮ ਨੇ ਈਦ ਦੀ ਨਮਾਜ ਅਦਾ ਕਰਵਾਈ।ਇਸ ਮੌਕੇ ਚੇਅਰਮੈਨ ਮੁੰਹਮਦ ਅਸ਼ਰਫ, ਪ੍ਰਧਾਨ ਡਾ. ਸਈਦ ਨੇਤਾ ਜੀ, ਸੈਕਟਰੀ ਅਕਬਰ ਅਲੀ, ਰਾਜਾ ਖਾਨ, ਡਾ. ਇਮਰਾਨ ਖਾਨ ਸਮੇਤ ਵੱਡੀ ਗਿਣਤੀ 'ਚ ਮੁਸਲਮ ਭਾਈਚਾਰੇ ਦੇ ਲੋਕ ਮੌਜੂਦ ਸਨ।ਇਸ ਮੌਕੇ ਹਨੀ ਫੱਤਣਵਾਲਾ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਜਨਰਲ ਸਕੱਤਰ ਗੁਰਦਾਸ ਗਿਰਧਰ, ਰੁਬੀ ਬਰਾੜ, ਜਗਸੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ-ਵੱਖ ਧਰਮਾਂ ਦੇ ਲੋਕ ਤੇ ਪਤਵੰਤੇ ਸੱਜਣ ਹਾਜ਼ਰ ਸਨ।

## ਰੇਲਵੇ ਸਟੇਸ਼ਨਾਂ ਤੇ ਬੱਸ ਸਟੈਂਡ 'ਤੇ ਚਲਾਇਆ ਸਰਚ ਅਭਿਆਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਜਿੱਥੇ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ, ਉੱਥੇ ਹੀ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਰਾਤ ਦਿਨ ਪੀ.ਸੀ.ਆਰ ਮੋਟਰਸਾਇਕਲ ਪੁਲਸ ਪਾਰਟੀਆਂ ਵੱਲੋਂ ਗਸ਼ਤ ਕੀਤੀ ਜਾ ਰਹੀ ਹੈ, ਉੱਥੇ ਹੀ ਡਰੋਨ ਕੈਮਰਿਆਂ ਰਾਹੀਂ ਸ਼ਹਿਰ ਅੰਦਰ ਨਿਗ੍ਹਾ ਰੱਖੀ ਜਾ ਰਹੀ ਹੈ।ਇਸੇ ਤਹਿਤ ਹੀ ਸ੍ਰੀ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਦੀ ਅਗਵਾਈ ਹੇਠ ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ, ਲੰਬੀ ਦੇ ਏਰੀਏ 'ਚ ਪੈਂਦੇ ਸਮੂਹ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਵਿਖੇ ਸਰਚ ਅਭਿਆਨ ਚਲਾਇਆ ਗਿਆ। ਇਸ ਮੌਕੇ ਕੰਵਲਪ੍ਰੀਤ ਸਿੰਘ ਚਾਹਲ ਐਸ.ਪੀ (ਐੱਚ), ਸਤਨਾਮ ਸਿੰਘ ਡੀ.ਐਸ.ਪੀ (ਸ੍ਰੀ ਮੁਕਤਸਰ ਸਾਹਿਬ), ਫ਼ਤਿਹ ਸਿੰਘ ਬਰਾੜ ਡੀ.ਐਸ.ਪੀ (ਲੰਬੀ), ਜਸਬੀਰ ਸਿੰਘ ਡੀ.ਐਸ.ਪੀ (ਗਿੱਦੜਬਾਹਾ), ਪਵਨਜੀਤ ਡੀ.ਐਸ.ਪੀ (ਮਲੋਟ) ਤੇ ਸਮੂਹ ਮੁੱਖ ਅਫ਼ਸਰਾਨ ਥਾਣਾ ਤੋਂ ਇਲਾਵਾ ਜ਼ਿਲ੍ਹੇ ਦੇ 300 ਦੇ ਕਰੀਬ ਅਧਿਕਾਰੀਆਂ ਤੇ ਕ੍ਰਮਚਾਰੀਆਂ ਵੱਲੋਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੇ ਸਰਚ ਅਪ੍ਰੇਸ਼ਨ ਚਲਾਇਆ ਗਿਆ।ਇਸ ਮੌਕੇ ਪਾਇਸ ਐਪ ਦੀ ਵਰਤੋਂ ਨਾਲ ਸ਼ੱਕੀ ਪੁਰਸ਼ਾਂ ਨੂੰ ਚੈੱਕ ਕੀਤਾ ਗਿਆ।ਰੇਲਵੇ ਸਟੇਸ਼ਨ, ਬੱਸ ਸਟੈਂਡ ਤੇ ਪਾਰਕਿੰਗ 'ਚ ਵਹੀਕਲਾਂ ਦੀ ਵਾਹਨ ਐਪ ਰਾਹੀਂ ਜਾਂਚ ਕੀਤੀ ਗਈ।ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਸਿਮੂਹ ਰੇਲਵੇ ਸਟੇਸ਼ਨ, ਬੱਸ ਸਟੈਂਡ ਵਿਖੇ ਸਰਚ ਅਪ੍ਰੇਸ਼ਨ ਚਲਾਇਆ ਗਿਆ, ਜਿਸ 'ਤੇ ਪੁਲਸ ਵੱਲੋਂ ਰੇਲਵੇ ਸਟੇਸ਼ਨ, ਬੱਸ ਸਟੈਂਡ ਨੂੰ ਜਾਂਦੇ ਹੋਏ ਰਸਤਿਆਂ ਨੂੰ ਨਾਕਾਬੰਦੀ ਕਰਕੇ ਸੀਲ ਕੀਤਾ ਗਿਆ ਤੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ।ਇਸ ਤੋਂ ਬਾਅਦ ਰੇਲਵੇ ਸਟੇਸ਼ਨ, ਬੱਸ ਸਟੈਂਡ ਅੰਦਰ ਬੈਗ, ਲਵਾਰਿਸ ਸਮਾਨ, ਪਾਰਕਿੰਗ ਵਿੱਚ ਲੰਮੇ ਸਮੇਂ ਤੋਂ ਖੜੇ ਵਹੀਕਲਾਂ ਤੇ ਬਿਨਾਂ ਨੰਬਰ ਪਲੇਟ ਦੇ ਵਹੀਕਲਾਂ ਨੂੰ ਚੈੱਕ ਕੀਤਾ ਗਿਆ।ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

## ਸਟਰੀਮ ਲਾਈਨ ਵੈੱਲਫੇਅਰ ਸੁਸਾਇਟੀ ਵੱਲੋਂ ਛਬੀਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਟਰੀਮ ਲਾਈਨ ਵੈੱਲਫੇਅਰ ਸੋਸਾਇਟੀ ਫਿਰੋਜ਼ਪੁਰ ਨੇ ਦੀਵਾਨ ਚੰਦ ਸਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ, ਰਾਮ ਕਿਸ਼ੋਰ ਕੋਆਰਡੀਨੇਟਰ, ਰਮੇਸ਼ ਬਜਾਜ ਸੀਨੀਅਰ ਮੀਤ ਪ੍ਰਧਾਨ, ਸਤੀਸ਼ ਵਧਵਾ, ਐਸ਼ ਬਾਲਾ ਦੀ ਅਗਵਾਈ ਹੇਠ ਰਘੂਨਾਥ ਮੰਦਰ ਬਾਗੀ ਰੋਡ ਫਿਰੋਜ਼ਪੁਰ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ।ਸੜਕ 'ਤੇ ਲੰਘਦਿਆਂ ਲੋਕਾਂ ਨੇ ਠੰਢਾ ਮਿੱਠਾ ਜਲ ਪੀਤਾ ਤੇ ਇਸ ਨੇਕ ਕੰਮ ਲਈ ਸੁਸਾਇਟੀ ਦਾ ਧੰਨਵਾਦ ਕੀਤਾ।ਇਸ ਸਮੇਂ ਬੱਚਿਆਂ ਨੇ ਜਿਨ੍ਹਾਂ ਵਿੱਚ ਸਮਰਜੀਤ ਸਿੰਘ, ਕੇਸ਼ਵ ਸ਼ਰਮਾ, ਸੁਖਮਨਜੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਸੜਕ 'ਤੇ ਲੰਘਦੇ ਲੋਕਾਂ ਨੂੰ ਠੰਢਾ ਮਿੱਠਾ ਜਲ ਪਿਲਾ ਕੇ ਖੂਬ ਸੇਵਾ ਕੀਤੀ।

## ਪੁਲਸ ਵੱਲੋਂ ਨਸ਼ਿਆਂ ਖਿਲਾਫ ਸਰਚ ਉਪਰੇਸ਼ਨ



**ਲੁਧਿਆਣਾ (ਜਸਦੀਪ ਵਰਤੀਆ)**-ਥਾਣਾ ਸਲੇਮ ਟਾਬਰੀ ਅਧੀਨ ਪੈਂਦੀ ਐਲਡੀਕੋ ਚੌਕੀ ਦੇ ਇੰਚਾਰਜ ਅਜੀਤ ਪਾਲ ਸਿੰਘ ਤੇ ਥਾਣਾ ਮੁਖੀ ਜੈਦੀਪ ਜਾਖੜ ਸਮੇਤ ਪੁਲਸ ਪਾਰਟੀ ਵੱਲੋਂ ਚੌਕੀ ਅਧੀਨ ਪੈਂਦੇ ਇਲਾਕਿਆਂ ਜਿਵੇਂ ਭੱਟੀਆਂ, ਹਜ਼ੂਰੀ ਬਾਗ ਕਲੋਨੀ ਤੇ ਵੱਖ ਵੱਖ ਇਲਾਕਿਆਂ 'ਚ ਨਸ਼ਿਆਂ ਖਿਲਾਫ ਸਰਚ ਮੁਹਿੰਮ ਚਲਾਈ ਗਈ। ਇਸ ਦੌਰਾਨ ਉਨ੍ਹਾਂ ਦੀ ਟੀਮ ਵੱਲੋਂ ਵੱਖ ਵੱਖ ਇਲਾਕਿਆਂ 'ਚ ਨਸ਼ਾ ਵੇਚਣ ਵਾਲੇ ਤਸਕਰ ਦੇ ਘਰਾਂ 'ਚ ਜਾ ਕੇ ਚੈਕਿੰਗ ਕੀਤੀ ਗਈ। ਮੌਕੇ 'ਤੇ ਗੱਲਬਾਤ ਕਰਦਿਆਂ ਚੌਕੀ ਇੰਚਾਰਜ ਅਜੀਤ ਪਾਲ ਸਿੰਘ ਨੇ ਦੱਸਿਆ ਕਿ ਇਲਾਕਿਆਂ 'ਚ ਗਲਤ ਅਨਸਰਾਂ ਤੇ ਨਸ਼ਾ ਤਸਕਰਾਂ ਦੇ ਘਰਾਂ ਦੀ ਤਲਾਸ਼ੀ ਕੀਤੀ ਗਈ ਹੈ। ਇਸ ਤੋਂ ਇਲਾਵਾ ਇਲਾਕਿਆਂ ਦੇ ਲੋਕਾਂ ਨੂੰ ਸੂਚਿਤ ਤੇ ਜਾਗਰੂਕ ਵੀ ਕੀਤਾ ਗਿਆ ਕਿ ਜੇਕਰ ਉਨ੍ਹਾਂ ਦੇ ਆਲੇ-ਦੁਆਲੇ ਕੋਈ ਨਸ਼ਾ ਵੇਚਦਾ ਹੈ ਤਾਂ ਉਨ੍ਹਾਂ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਅਰੁੰਧਤੀ ਰਾਏ ਤੇ ਡਾ. ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਵਿਰੋਧ 'ਚ ਜ਼ੋਰਦਾਰ ਅਵਾਜ਼ ਉਠਾਉਣ ਦੀ ਮੰਗ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਦਿੱਲੀ ਦੇ ਉੱਪ-ਰਾਜਪਾਲ ਨੇ ਪ੍ਰਸਿੱਧ ਲੇਖਕਾ ਤੇ ਸਮਾਜਿਕ ਕਾਰਕੁੰਨ ਅਰੁੰਧਤੀ ਰਾਏ ਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾ. ਸ਼ੇਖ ਸ਼ੌਕਤ ਹੁਸੈਨ ਦੇ ਖਿਲਾਫ਼ 14 ਸਾਲ ਪੁਰਾਣੇ ਭਾਸ਼ਣ ਦੇ ਮਾਮਲੇ ਵਿੱਚ ਗ਼ੈਰ-ਕਨੂੰਨੀ ਸਰਗਰਮੀਆਂ ਰੋਕੂ ਕਨੂੰਨ (ਯੂਏਪੀਏ) ਦੇ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ 'ਤੇ ਇਨਕਲਾਬੀ ਕੇਂਦਰ ਪੰਜਾਬ ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ।

ਜਥੇਬੰਦੀ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਅਰੁੰਧਤੀ ਰਾਏ ਅਤੇ ਡਾ ਸ਼ੇਖ ਸ਼ੌਕਤ ਹੁਸੈਨ ਦੁਆਰਾ ਨਵੰਬਰ 2010 ਵਿੱਚ ਇੱਕ ਪ੍ਰੋਗਰਾਮ ਦੌਰਾਨ ਕਸ਼ਮੀਰ ਨੂੰ ਲੈ ਕੇ ਦਿੱਤੇ ਗਏ ਬਿਆਨ ਦੇ ਅਧਾਰ 'ਤੇ ਸੁਸ਼ੀਲ ਪੰਡਿਤ ਦੁਆਰਾ ਮੁਕੱਦਮਾ ਦਰਜ ਕਰਾਇਆ ਗਿਆ ਸੀ, ਜਿਸ 'ਤੇ 14 ਸਾਲਾਂ ਬਾਅਦ ਯੂਏਪੀਏ ਲਾਇਆ ਜਾ ਰਿਹਾ ਹੈ। ਅਸਲ ਵਿੱਚ ਇਹ ਘਟਨਾਕ੍ਰਮ ਦੇਸ਼ ਦੇ ਲੋਕ ਪੱਖੀ ਬੁੱਧੀਜੀਵੀਆਂ/ਸਮਾਜਿਕ ਕਾਰਕੁੰਨਾਂ ਦੀ ਜ਼ੁਬਾਨਬੰਦੀ ਕਰਨ ਅਤੇ ਬਿਨਾਂ ਕਿਸੇ ਟਰਾਇਲ ਦੇ ਸਾਲਾਂ ਬੱਧੀ ਜੇਲ੍ਹਾਂ ਵਿੱਚ ਸਾੜ ਦੇਣ ਦੀ ਫ਼ਾਸੀਵਾਦੀ ਕਵਾਇਦ ਦਾ ਹੀ ਹਿੱਸਾ ਹੈ। ਜਿਸ ਦੇ ਤਹਿਤ ਭੀਮਾ ਕੋਰੇਗਾਓਂ ਮਾਮਲੇ ਵਿੱਚ ਅਨੇਕਾਂ ਸਮਾਜਿਕ ਸਿਆਸੀ ਕਾਰਕੁਨਾਂ ਅਤੇ ਦਿੱਲੀ ਦੰਗਿਆਂ ਵਿੱਚ ਉਮਰ ਖਾਲਿਦ ਜਿਹੇ ਲੋਕ ਜੇਲ੍ਹਾਂ ਵਿੱਚ ਬੰਦ ਹਨ। ਇਸ ਕਾਰਵਾਈ ਰਾਹੀਂ ਮੋਦੀ ਸਰਕਾਰ ਇਹ ਸੰਕੇਤ ਦੇਣਾ ਚਾਹੁੰਦੀ ਹੈ ਕਿ ਲੋਕਾਂ ਦੇ ਪੱਖ ਵਿੱਚ ਉੱਠਣ ਵਾਲੀਆਂ ਅਵਾਜ਼ਾਂ ਉੱਪਰ ਜਬਰ ਦਾ ਸਿਲਸਿਲਾ ਮੋਦੀ ਦੇ ਤੀਜੇ ਕਾਰਜਕਾਲ ਵਿੱਚ ਬਾਦਸਤੂਰ ਜਾਰੀ ਰਹੇਗਾ। ਇਹ ਵੀ ਧਿਆਨ ਦੇਣ ਯੋਗ ਹੈ ਕਿ ਜਦੋਂ ਇੱਕ ਪਾਸੇ ਜੰਮੂ-ਕਸ਼ਮੀਰ ਵਿੱਚ ਹਾਲਾਤ ਵਿਗੜਦੇ ਜਾ ਰਹੇ ਹਨ ਤੇ ਮੋਦੀ ਸਰਕਾਰ ਦੇ ਧਾਰਾ 370 ਖ਼ਤਮ ਹੋਣ ਤੋਂ ਬਾਅਦ ਜੰਮੂ-ਕਸ਼ਮੀਰ ਅੰਦਰ 'ਸ਼ਾਂਤੀ' ਅਤੇ 'ਕਨੂੰਨ ਵਿਵਸਥਾ' ਬਹਾਲ ਹੋਣ ਦੇ ਸਾਰੇ ਦਾਅਵਿਆਂ ਦੀ ਫੂਕ ਨਿਕਲ ਚੁੱਕੀ ਹੈ।

ਜੰਮੂ ਕਸ਼ਮੀਰ ਦੇ ਲੋਕਾਂ ਕੋਲੋਂ ਪੂਰਨ ਰਾਜ ਦਾ ਦਰਜਾ ਖੋਹ ਕੇ ਕੇਂਦਰ ਸ਼ਾਸ਼ਿਤ ਰਾਜ ਭਾਵ ਫਾਸ਼ੀ ਕੇਂਦਰੀ ਹਕੂਮਤ ਦੇ ਹਵਾਲੇ ਕਰ ਦਿੱਤਾ ਗਿਆ ਹੈ। ਵਿਕਾਸ ਦੇ ਨਾਂਅ ਹੇਠ ਕਸ਼ਮੀਰ ਵਾਦੀ ਦੇ ਕੁਦਰਤੀ ਸੋਮਿਆਂ ਨੂੰ ਦੇਸੀ/ਵਿਦੇਸ਼ੀ ਕਾਰਪੋਰੇਟ ਲੁਟੇਰਿਆਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ। ਅਰੁੰਧਤੀ ਰਾਏ ਤੇ ਡਾ ਸ਼ੇਖ ਸ਼ੌਕਤ ਹੁਸੈਨ ਦੇ ਇਸ ਮਾਮਲੇ ਨੂੰ ਚੁੱਕ ਕੇ ਮੋਦੀ ਸਰਕਾਰ ਆਪਣੇ ਕੁਕਰਮਾਂ ਦੀ ਪਰਦਾਪੋਸ਼ੀ ਕਰਨਾ ਚਾਹੁੰਦੀ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਜਗਜੀਤ ਸਿੰਘ ਲਹਿਰਾ ਮੁਹੱਬਤ, ਮੁਖਤਿਆਰ ਸਿੰਘ ਪੂਹਲਾ ਅਤੇ ਜਸਵੰਤ ਜੀਰਖ ਨੇ ਮੋਦੀ ਸਰਕਾਰ ਦੇ ਫ਼ਾਸੀਵਾਦੀ ਜਬਰ ਦੇ ਇਸ ਬੁਲਡੋਜ਼ਰ ਨੂੰ ਜੁਝਾਰੂ ਲੋਕ ਇਕਜੁਟਤਾ ਰਾਹੀਂ ਹੀ ਰੋਕਿਆ ਜਾ ਸਕਦਾ ਹੈ। ਮੁਲਕ ਦੇ ਸਾਰੇ ਸੰਜੀਦਾ ਲੋਕਾਂ ਨੂੰ ਯੂਏਪੀਏ ਜਿਹੇ ਜਾਬਰ ਲੋਕ-ਵਿਰੋਧੀ ਕਨੂੰਨਾਂ ਨੂੰ ਰੱਦ ਕਰਨ ਅਤੇ ਇਹਨਾਂ ਕਾਨੂੰਨਾਂ ਤਹਿਤ ਜੇਲ੍ਹਾਂ ਅੰਦਰ ਡੱਕੇ ਸਾਰੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਜ਼ੋਰਦਾਰ ਅਵਾਜ਼ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

## ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੁਸਾਇਟੀ ਵੱਲੋਂ ਮੁਫਤ ਹੋਮਿਓਪੈਥਿਕ ਤੇ ਦੰਦਾਂ ਦਾ ਚੈੱਕਅੱਪ ਕੈਂਪ



**ਨਾਭਾ (ਵਰਿੰਦਰ ਵਰਮਾ)**-ਲੋੜਵੰਦ ਪਰਵਾਰਾਂ ਦੀ ਮਦਦ ਲਈ ਹਰ ਸਮੇਂ ਤੱਤਪਰ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੁਸਾਇਟੀ ਨਾਭਾ ਨੇ ਅੱਠਵਾਂ ਮੁਫਤ ਹੋਮਿਓਪੈਥਿਕ ਤੇ ਦੰਦਾਂ ਦੇ ਚੈੱਕਅਪ ਕੈਂਪ ਸੁਨਿਆਰਾਂ ਵਾਲੀ ਧਰਮਸ਼ਾਲਾ ਵਿਖੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਤੇ ਅਰਦਾਸ ਕਰਨ ਉਪਰੰਤ ਗੁਰੂ ਸਾਹਿਬ ਤੋਂ ਆਗਿਆ ਲੈ ਲਗਾਇਆ ਗਿਆ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ, ਰਵਿੰਦਰ ਸਿੰਘ, ਜਸਵਿੰਦਰ ਪਾਲ ਸਿੰਘ ਤੇ ਦਵਿੰਦਰ ਪਾਲ ਸਿੰਘ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਆਪਣੇ ਜਨਮ ਦਿਨ ਮੌਕੇ ਗੁਰਦਿੱਤ ਸੇਠ ਤੇ ਸਿਮਰਨ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਗੁਰਦਿਤ ਸੇਠ ਵੱਲੋਂ ਹਰ ਸਮੇਂ ਲੋੜਵੰਦਾਂ ਦੀ ਮਦਦ ਕਰਨ ਲਈ ਸੰਸਥਾ ਨੂੰ ਵਿਸ਼ਵਾਸ ਦਿਵਾਇਆ ਗਿਆ।ਇਸ ਮੌਕੇ ਸੰਸਥਾ ਵੱਲੋਂ ਦੋਵਾਂ ਦਾ ਵਿਸ਼ੇਸ਼ ਸਨਮਾਨ ਕਰਦਿਆਂ ਧੰਨਵਾਦ ਕੀਤਾ।ਡਾ. ਮਨਪ੍ਰੀਤ ਸਿੰਘ ਬੀ ਐੱਚ ਐੱਮ ਐੱਸ, ਡਾ. ਰਣਬੀਰ ਕੌਰ ਬੀ ਡੀ ਐੱਸ ਵੱਲੋਂ ਕੜਾਕੇ ਦੀ ਗਰਮੀ ਵਿੱਚ 125 ਦੇ ਕਰੀਬ ਲੋੜਵੰਦ ਪਰਿਵਾਰਾਂ ਦੇ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ।ਸੰਸਥਾ ਦੇ ਸੇਵਾਦਾਰਾਂ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਸਦਕਾ ਇਹ ਕੈਂਪ ਲਗਾਤਾਰ ਹਰ ਮਹੀਨੇ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ, ਸੰਗਤਾਂ ਵੱਧ ਤੋਂ ਵੱਧ ਪੀਜੀਆਈ ਚੰਡੀਗੜ੍ਹ ਓਪੀਡੀ ਵਾਲਾ ਗੇਟ ਕੈਂਸਰ ਹਸਪਤਾਲ ਸੰਗਰੂਰ ਸਰਕਾਰੀ ਹਸਪਤਾਲ ਸੰਗਰੂਰ ਨਿਊ ਚੰਡੀਗੜ੍ਹ ਕੈਂਸਰ ਹਸਪਤਾਲ ਰਜਿੰਦਰਾ ਪਟਿਆਲਾ, ਨਾਭਾ ਹਸਪਤਾਲ ਸੈਕਟਰ 32 ਪੀਜੀਆਈ ਤੇ ਹੋਰ ਕਰਜਾਂ ਵਿੱਚ ਸੰਸਥਾ ਦਾ ਵੱਧ ਤੋਂ ਵੱਧ ਸਹਿਯੋਗ ਦੇਣ।ਇਸ ਮੌਕੇ ਪ੍ਰਿਤਪਾਲ ਸਿੰਘ, ਅਮਰਜੋਤ ਸਿੰਘ, ਅੰਟਾਲ ਸਿੰਘ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਸੁਖੀ ਨਾਭਾ, ਹਰਪ੍ਰੀਤ ਕੌਰ, ਅਵਨੀਤ ਕੌਰ, ਭੁਪਿੰਦਰ ਸਿੰਘ, ਜੰਗ ਬਹਾਦਰ ਸਿੰਘ, ਅਸ਼ੋਕ ਅਰੋੜਾ ਤੋਂ ਇਲਾਵਾ ਸੰਸਥਾ ਦੇ ਸੇਵਾਦਾਰ ਹਾਜ਼ਰ ਸਨ।

## ਹਰਜੋਤ ਬੈਂਸ ਨੂੰ ਸਦਮਾ, ਸਹੁਰੇ ਦਾ ਦਿਹਾਂਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਹੁਰਾ ਰਾਕੇਸ਼ ਕੁਮਾਰ ਯਾਦਵ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਵ. ਰਾਕੇਸ਼ ਕੁਮਾਰ ਯਾਦਵ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਧਰਮ ਪਤਨੀ ਜਯੋਤੀ ਯਾਦਵ ਆਈ ਪੀ ਐਸ ਸੁਪਰਡੈਂਟ ਆਫ ਪੁਲਸ ਐਸ.ਏ.ਐਸ ਨਗਰ ਮੁਹਾਲੀ ਦੇ ਪਿਤਾ ਸਨ।ਵੱਖ ਵੱਖ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੇ ਸਵ.ਰਾਕੇਸ਼ ਕੁਮਾਰ ਯਾਦਵ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



## ਗੁਰਜੀਤ ਐਮੀ ਦੀ ਵੈੱਬ ਸੀਰੀਜ਼ 'ਕਲਾਸ ਰੂਮ' ਦਾ ਪੋਸਟਰ ਜਾਰੀ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**

ਵੈਬ ਸੀਰੀਜ਼ 'ਕਲਾਸ ਰੂਮ' ਦਾ ਪੋਸਟਰ ਜਾਰੀ ਕਰਦਿਆਂ ਕਹਾਣੀਕਾਰ ਗੁਰਸੇਵਕ ਸਿੰਘ ਪ੍ਰੀਤ ਅਤੇ ਐਡਵੋਕੇਟ ਰਣਜੀਤ ਥਾਂਦੇਵਾਲਾ ਨੇ ਦੱਸਿਆ ਕਿ ਇਹ ਵੈਬ ਸੀਰੀਜ਼ ਨਾਵਲਕਾਰ ਗੁਰਜੀਤ ਐਮੀ ਵੱਲੋਂ ਲਿਖੀ ਅਤੇ ਤਿਆਰ ਕੀਤੀ ਗਈ ਹੈ। ਇਸਦੇ ਚਾਰ ਐਪੀਸੋਡ ਤਿਆਰ ਹੋ ਗਏ ਹਨ। ਇਹ ਵੈੱਬ ਸੀਰੀਜ਼ 20 ਜੂਨ ਨੂੰ ਯੂਟਿਊਬ ਚੈਨਲ 'ਕਲੱਚ ਪਲੇਟ ਫ਼ਿਲਮਜ਼' ਉਪਰ ਰਿਲੀਜ਼ ਕੀਤਾ ਜਾਵੇਗਾ।

ਉਨ੍ਹਾਂ ਗੁਰਜੀਤ ਐਮੀ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਦੱਸਿਆ ਕਿ ਐਮੀ ਇਸ ਤੋਂ ਪਹਿਲਾਂ ਇੱਕ ਅੰਗਰੇਜ਼ੀ ਨਾਲ ਲੈਟਸਗੋ ਲੈਸਬੋ, ਇਕ ਪੰਜਾਬੀ ਨਾਵਲ ਨੋ ਨਾਚੀਆਂ ਤੇ ਹੋਰ ਸਾਹਿਤਕ ਕਿਰਤਾਂ ਦੀ ਰਚਨਾ ਕਰ ਚੁੱਕੇ ਹਨ। ਇਸ ਲੜੀਵਾਰ ਦੇ ਨਿਰਦੇਸ਼ਕ ਮਨਦੀਪ ਰੁਪਾਣਾ, ਸੰਪਾਦਕ ਰੋਬਿਨ ਸੰਧੂ ਤੇ ਕਲਾਕਾਰ ਜਸਵਿੰਦਰ ਅਮੋਲ, ਵਜਿੰਦਰ ਅਵਤਾਰ ਸਿੰਘ ਬਰਾੜ, ਤੇਜ ਕੌਰ, ਦਵਿੰਦਰ ਗੋਰੀਆ, ਮਾਰਕ ਜੌਨ, ਵਿਸ਼ਾਲ ਵਿਨਾਇਕ, ਤਰਲੋਕ ਕੋਕੀ, ਲਵਲੀ ਬੱਲ, ਕਰਨ ਸ਼ਰਮਾ, ਹੀਰ ਅਮਨ, ਮੀਨਾਕਸ਼ੀ ਧਮੀਜਾ, ਕਮਲ ਅਟਵਾਲ, ਰੋਹਿਤ ਵਰਮਾ, ਜਤਿੰਦਰ ਰਿਸ਼ੀ ਤੇ ਰਾਕੇਸ਼ ਸੋਨੂੰ ਹਨ।

## ਸੰਗਰਾਣਾ ਦੇ ਗਿਆਰਾਂ ਵਿਦਿਆਰਥੀਆਂ ਨੂੰ ਸਾਲ ਭਰ ਦੀ ਪੜ੍ਹਨ ਸਮਗਰੀ ਸੌਂਪੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**



ਪਿੰਡ ਸੰਗਰਾਣਾ ਵਿਖੇ 'ਵਿੱਦਿਆ ਦਾ ਲੰਗਰ' ਨਾਮੀ ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਦੇ ਚੱਲ ਰਹੇ ਸਿਲਸਿਲੇ ਦੌਰਾਨ ਗੁਰਪ੍ਰੀਤ ਸਿੰਘ ਅਸਰੀਜਾ (ਆਸਟ੍ਰੇਲੀਆ) ਅਤੇ ਜਲੰਧਰ ਸਿੰਘ ਮਹਿਲ ਦੇ ਸਹਿਯੋਗ ਨਾਲ ਗਿਆਰਾਂ ਵਿਦਿਆਰਥੀਆਂ ਨੂੰ ਵਰਦੀਆਂ, ਪੂਰੇ ਸਾਲ ਦੀ ਸਟੇਸ਼ਨਰੀ ਅਤੇ ਹੋਰ ਲੋੜੀਂਦੀ ਸਮੱਗਰੀ ਦੇਣ ਦੀ ਸੇਵਾ ਨਿਭਾਈ।ਇਸ ਮੌਕੇ ਦਰਸ਼ਨ ਸਿੰਘ ਵੜਿੰਗ, ਹਰਨੇਕ ਸਿੰਘ, ਪਰਮਜੀਤ ਸਿੰਘ, ਗੁਰਕੀਰਤ ਬਰਾੜ, ਨਿਰਮਲ ਸਿੰਘ ਔਲਖ, ਨਿਰਮਲ ਸਿੰਘ ਬਰਾੜ, ਮੰਦਰ ਸਿੰਘ, ਗੋਰਾ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।ਸੰਸਥਾ ਦੇ ਪ੍ਰਬੰਧਕ ਪ੍ਰੋ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪਿੰਡ ਦੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਅਤੇ ਉਨ੍ਹਾਂ ਨੂੰ ਆਪਣੇ ਪੈਰਾ ਸਿਰ ਖੜੇ ਹੋਣ ਦੇ ਕਾਬਲ ਬਣਾਉਣ ਲਈ ਮਦਦ ਕਰਦੀ ਹੈ। ਉਨ੍ਹਾਂ ਕਿਹਾ ਕਿ ਜਲੰਧਰ ਸਿੰਘ ਨੇ ਕੈਨੇਡਾ ਤੋਂ ਬੱਚਿਆਂ ਦੀ ਸਿੱਖਿਆ ਲਈ ਤਨਦੇਹੀ ਨਾਲ ਸੇਵਾ ਨਿਭਾਉਣ ਦਾ ਅਹਿਦ ਕੀਤਾ।ਕਮੇਟੀ ਨੇ ਇਸ ਸਾਲ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦੇ ਹੋਏ ਅਗਲੇ ਸਾਲ ਦੀ ਰਣਨੀਤੀ ਤਿਆਰ ਕੀਤੀ ਤੇ ਇਸ ਸਾਲ ਦੀਆਂ ਤਰੁਟੀਆਂ ਦੂਰ ਕਰਨ ਦਾ ਅਹਿਦ ਲਿਆ। ਅਖੀਰ ਵਿਚ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਗੁਰਪ੍ਰੀਤ ਸਿੰਘ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਵਿਦਿਆਰਥੀ ਤੇ ਪਿੰਡ ਵਾਸੀ ਵੀ ਮੌਜੂਦ ਸਨ।

## ਕੰਧ ਡਿੱਗਣ ਕਰਕੇ ਮਾਰੇ ਗਏ ਮਜ਼ਦੂਰਾਂ ਨੂੰ ਸ਼ਰਧਾਂਜਲੀਆਂ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**

ਕਣਕਵਾਲ ਭੰਗੂਆਂ ਨੇੜੇ ਸ਼ੈਲਰ ਦੀ ਕੰਧ ਡਿੱਗਣ ਕਾਰਨ ਪਿੰਡ ਹੀਰੋਂ ਖੁਰਦ ਦੇ ਦੋ ਮਜ਼ਦੂਰ ਨੌਜਵਾਨਾਂ ਦੀ ਮੌਤ ਹੋ ਗਈ ਸੀ।ਉਨ੍ਹਾਂ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ ਤੇ ਅੰਤਮ ਅਰਦਾਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ।ਜ਼ਿਕਰਯੋਗ ਹੈ ਕਿ ਉਕਤ ਮਜ਼ਦੂਰ ਪਰਵਾਰਾਂ ਨਾਲ ਲੰਘੇ ਦਿਨਾਂ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਦੇ ਨੁਮਾਇੰਦੇ ਨੇ ਦੁੱਖ ਸਾਂਝਾ ਕਰਨ ਦੀ ਖੇਚਲ ਕਰਨੀ ਮੁਨਾਸਿਬ ਨਹੀਂ ਸਮਝੀ, ਜਦਕਿ ਹਾਦਸੇ ਤੋਂ 4-5 ਦਿਨ ਪਹਿਲਾਂ ਵੱਖ-ਵੱਖ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਪਿੰਡਾਂ 'ਚ ਆਪੋ-ਆਪਣੇ ਉਮੀਦਵਾਰਾਂ ਵਾਸਤੇ ਵੋਟਾਂ ਮੰਗਣ ਲਈ ਹਰਲ-ਹਰਲ ਕਰਦੇ ਫਿਰਦੇ ਸਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਲੀਡਰ ਸਿਰਫ਼ ਵੋਟਾਂ ਸਮੇਂ ਹੀ ਲੋਕਾਂ ਦੇ ਵਿਹੜਿਆਂ ਵਿੱਚ ਜਾਂਦੇ ਹਨ।ਮ੍ਰਿਤਕਾਂ ਦੇ ਮਾਪਿਆਂ ਤੇ ਆਮ ਲੋਕਾਂ 'ਚ ਰੋਸ ਹੈ ਕਿ ਕਿਸੇ ਵੀ ਰਾਜਨੀਤਿਕ ਦਲ ਦੇ ਨੁਮਾਇੰਦਿਆਂ ਵੱਲੋਂ ਪਰਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ।ਹਲਕਾ ਬੁਢਲਾਡਾ ਦੇ ਵਿਧਾਇਕ ਜੋ ਕਿ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਵੀ ਹਨ, ਨੇ ਵੀ ਇਨ੍ਹਾਂ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਦਾ ਜੋਖਮ ਨਹੀ ਉਠਾਇਆ, ਜਿਸ ਨੂੰ ਲੈ ਕੇ ਪਿੰਡ ਵਾਸੀਆਂ 'ਚ ਭਾਰੀ ਰੋਸ ਦੇਖਣ ਨੂੰ ਮਿਲਿਆ।ਇਸ ਸਮੇਂ ਬਹੁਜਨ ਸਮਾਜ ਪਾਰਟੀ ਹਲਕਾ ਬੁਢਲਾਡਾ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਬੋੜਾਵਾਲ ਮ੍ਰਿਤਕ ਨੌਜਵਾਨ ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਅਤੇ ਉਨ੍ਹਾਂ ਨੇ ਮ੍ਰਿਤਕ ਮਜ਼ਦੂਰ ਨੌਜਵਾਨਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

## ਐਡਵੋਕੇਟ ਗੁਰਜੋਤ ਕੌਰ ਮਾਂਗਟ ਬਣੇ ਬੀ ਕੇ ਯੂ ਸ਼ਾਦੀਪੁਰ ਦੇ ਸੀਨੀਅਰ ਮੀਤ ਪ੍ਰਧਾਨ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਦੀ ਪ੍ਰਧਾਨਗੀ ਹੇਠ ਦੋਰਾਹਾ ਦੀ ਹਿੰਦੂ ਧਰਮਸ਼ਾਲਾ ਵਿਖੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ ਕਿ ਮੈਡਮ ਗੁਰਜੋਤ ਕੌਰ ਮਾਂਗਟ ਉਨ੍ਹਾਂ ਨਾਲ ਕਿਸਾਨ ਅੰਦੋਲਨ ਦੇ ਸਮੇਂ ਤੋਂ ਜੁੜੇ ਹੋਏ ਹਨ ਜੋ ਕਿ ਇੱਕ ਬਹੁਤ ਮਿਹਨਤੀ ਅਤੇ ਜਜ਼ਬੇ ਵਾਲੇ ਇਨਸਾਨ ਹਨ।ਭਾਰਤੀ ਕਿਸਾਨ ਯੂਨੀਅਨ ਸਮੇਂ-ਸਮੇਂ 'ਤੇ ਆਪਣੀਆਂ ਇਕਾਈਆਂ ਵਿੱਚ ਵਾਧਾ ਕਰਦੀ ਰਹਿੰਦੀ ਹੈ। ਇਸੇ ਕੜੀ ਤਹਿਤ ਉਨ੍ਹਾਂ ਨੇ ਜਥੇਬੰਦੀ ਦਾ ਵਾਧਾ ਕਰਦਿਆਂ ਮੈਡਮ ਗੁਰਜੋਤ ਕੌਰ ਮਾਂਗਟ ਨੂੰ ਪੰਜਾਬ ਦਾ ਸੀਨੀਅਰ ਮੀਤ ਪ੍ਰਧਾਨ ਲਗਾਇਆ ਅਤੇ ਜਸਪ੍ਰੀਤ ਕੌਰ ਅੜੈਚਾਂ ਨੂੰ ਜ਼ਿਲ੍ਹਾ ਲੁਧਿਆਣਾ ਦਾ ਪ੍ਰਧਾਨ ਲਗਾਇਆ ਹੈ।ਸ਼ਾਦੀਪੁਰ ਨੇ ਕਿਹਾ ਕਿ ਨਵ-ਨਿਯੁਕਤ ਗੁਰਜੋਤ ਮਾਂਗਟ ਅਤੇ ਬੀਬੀ ਜਸਪ੍ਰੀਤ ਪੂਰੀ ਤਨਦੇਹੀ ਨਾਲ ਆਪਣਾ ਫਰਜ਼ ਨਿਭਾਉਣਗੇ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ ਬੀਬੀ ਗੁਰਜੋਤ ਕੌਰ ਮਾਂਗਟ ਅਤੇ ਜਸਪ੍ਰੀਤ ਕੌਰ ਅੜੈਚਾਂ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਨਗੇ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨਗੇ ਅਤੇ ਜਥੇਬੰਦੀ ਨੂੰ ਉਚਾਈਆਂ ਵੱਲ ਲੈ ਕੇ ਜਾਣਗੇ।ਸਥਾਨਕ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਕਿ ਪੰਜਾਬ ਦੇ ਕਿਸਾਨ ਝੋਨਾ ਲਾਉਣਾ ਕਿਉਂ ਨਹੀਂ ਛੱਡ ਰਹੇ, ਦੇ ਜੁਆਬ 'ਚ ਸ਼ਾਦੀਪੁਰ ਨੇ ਕਿਹਾ ਕਿ ਭਾਵੇਂ ਕਿ ਜੋ ਪੰਜਾਬ ਦਾ ਵਾਟਰ ਲੈਵਲ ਦਿਨੋਂ ਦਿਨ ਘੱਟ ਰਿਹਾ ਹੈ ਪਰ ਕਿਸਾਨ ਝੋਨੇ ਦੀ ਫਸਲ ਨੂੰ ਨਹੀਂ ਛੱਡ ਰਹੇ ਕਿਉਂਕਿ ਉਨ੍ਹਾਂ ਨੂੰ ਇਸ ਉਪਰ ਐੱਮਐੱਸਪੀ ਮਿਲ ਜਾਂਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਕਿਰਸਾਨੀ ਅਤੇ ਪਾਣੀ ਇਸ ਨਾਲ ਬਚ ਸਕਦਾ। ਅਗਰ ਸਰਕਾਰ ਹੋਰ ਫਸਲਾਂ ਉਪਰ ਸਬਸਿਡੀ ਦਿੰਦੀ ਹੈ ਤਾਂ ਕਿਸਾਨਾਂ ਦਾ ਰੁਝਾਨ ਇਸ ਫਸਲ ਵੱਲ ਘਟ ਜਾਵੇਗਾ।ਉਨ੍ਹਾਂ ਦੀ ਜਥੇਬੰਦੀ ਬੜੇ ਲੰਬੇ ਸਮੇਂ ਤੋਂ ਸਰਕਾਰ ਤੋਂ ਇਹ ਮੰਗ ਕਰਦੀ ਆ ਰਹੀ ਹੈ ਪਰ ਉਨ੍ਹਾਂ ਦੀ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਸਰਕਾਰ ਨੇ ਕੁਝ ਸਬਜ਼ੀਆਂ/ਦਾਲਾਂ ਅਤੇ ਬਾਸਮਤੀ ਅਤੇ ਮੂੰਗੀ ਦੀ ਦਾਲ ਉੱਪਰ ਐੱਮਐੱਸਪੀ ਦਿੱਤੀ ਹੈ ਪਰ ਜਦੋਂ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ, ਮੰਡੀ ਵਿੱਚ ਆਉਂਦੀ ਹੈ ਤਾਂ ਉਥੇ ਇਸਦੀ ਖਰੀਦ ਨਹੀਂ ਕੀਤੀ ਜਾਂਦੀ।ਮਾਰਕੀਟਿੰਗ ਦੇ ਬੁਰੇ ਹਾਲ ਹੋਣ ਕਰਕੇ ਕਿਸਾਨ ਝੋਨੇ ਨੂੰ ਹੀ ਅਹਿਮੀਅਤ ਦਿੰਦੇ ਨੇ ਕਿਉਂਕਿ ਝੋਨਾ ਇੱਕ ਸੇਫ ਫਸਲ ਹੈ। ਸਰਕਾਰ ਕਣਕ ਝੋਨੇ ਵਾਂਗ ਹੋਰ ਫਸਲਾਂ ਉਪਰ ਵੀ ਐੱਮਐੱਸਪੀ ਨਿਸ਼ਚਿਤ ਕਰੇ ਤੇ ਇਨ੍ਹਾਂ ਦੀ ਮਾਰਕੀਟਿੰਗ ਦਾ ਸਹੀ ਪ੍ਰਬੰਧ ਕਰੇ ਤਾਂ ਪੰਜਾਬ ਦਾ ਬਚਾਅ ਹੋ ਸਕਦਾ ਹੈ।ਪਾਣੀ ਦਿਨੋ ਦਿਨ ਨੀਚੇ ਜਾ ਰਿਹਾ ਹੈ ਕਿਸੇ ਸਮੇਂ ਇਸ ਤਰ੍ਹਾਂ ਦੇ ਹਾਲਾਤ ਹੋਣਗੇ ਕਿ ਸਾਡੇ ਬੱਚਿਆਂ ਵਾਸਤੇ ਪੀਣ ਵਾਲਾ ਪਾਣੀ ਵੀ ਨਹੀਂ ਹੋਵੇਗਾ। ਇਸ ਸਭ ਕਾਸੇ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੋਵੇਗੀ।ਦੂਸਰੇ ਪਾਸੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਏ ਜਾਣ ਉੱਪਰ ਉਨ੍ਹਾਂ ਨੇ ਕਿਹਾ ਕਿ ਕਿ ਨਾੜ ਨੂੰ ਖੇਤ ਵਿੱਚ ਵਾਹਣ ਵਾਲੀਆਂ ਮਸ਼ੀਨਾਂ ਕਾਫੀ ਮਹਿੰਗੀਆਂ ਹਨ ਪੰਜ ਚਾਰ ਕਿੱਲਿਆਂ ਵਾਲਾ ਕਿਸਾਨ ਇਨ੍ਹਾਂ ਨੂੰ ਨਹੀਂ ਲੈ ਸਕਦਾ। ਸੋ ਸਰਕਾਰ ਸਬਸਿਡੀ ਦੇਵੇ ਤਾਂ ਕਿ ਆਮ ਕਿਸਾਨ ਮਸ਼ੀਨਾਂ ਨੂੰ ਖਰੀਦ ਕੇ ਫਸਲਾਂ ਦੀ ਪਰਾਲੀ ਨੂੰ ਆਪਣੇ ਖੇਤ ਵਿੱਚ ਹੀ ਵਾਹ ਸਕਦਾ ਹੈ।ਦੂਜੇ ਪਾਸੇ ਉਨ੍ਹਾਂ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਲਗਾਉਣਾ ਤਾਂ ਬਿਲਕੁਲ ਹੀ ਗਲਤ ਹੈ ਜਿਸ ਕਰਕੇ ਕਈ ਵੱਡੇ ਵੱਡੇ ਹਾਦਸੇ ਵਾਪਰ ਚੁੱਕੇ ਹਨ। ਬੱਚਿਆਂ ਦੀਆਂ ਸਕੂਲ ਵੈਨਾਂ ਵੀ ਇਸ ਅੱਗ ਦਾ ਸ਼ਿਕਾਰ ਹੋ ਚੁੱਕੀਆਂ ਹਨ। ਕਈ ਪਰਿਵਾਰ ਇਸ ਅੱਗ ਦੀ ਲਪੇਟ ਵਿੱਚ ਆ ਕੇ ਜਾਨ ਗਵਾ ਚੁੱਕੇ ਹਨ।ਸਰਕਾਰ ਨੂੰ ਚਾਹੀਦਾ ਕਿ ਉਹ ਇਸ ਪ੍ਰਤੀ ਸਖਤ ਕਾਨੂੰਨ ਬਣਾਵੇ ਤੇ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨੇ ਲਾਵੇ ਜਿਸ ਕਰਕੇ ਇਸ ਰੁਝਾਨ ਨੂੰ ਠੱਲ ਪੈ ਸਕੇ।ਇਹ ਪੁੱਛੇ ਜਾਣ 'ਤੇ ਕਿ ਬਹੁਤ ਲੰਬਾ ਕਿਸਾਨੀ ਸੰਘਰਸ਼ ਚਲਿਆ ਪਰ ਹੁਣ ਦੁਬਾਰਾ ਮੋਦੀ ਸਰਕਾਰ ਆ ਚੁੱਕੀ ਹੈ ਤੇ ਹੁਣ ਉਨ੍ਹਾਂ ਦਾ ਜੋ ਸੰਘਰਸ਼ ਹੈ ਉਹ ਕਿਸ ਤਰ੍ਹਾਂ ਦਾ ਰਹੇਗਾ, ਦੇ ਜੁਆਬ 'ਚ ਸ਼ਾਦੀਪੁਰ ਨੇ ਆਖਿਆ ਕਿ ਉਨ੍ਹਾਂ ਦਾ ਰਵੱਈਆ ਪਹਿਲਾਂ ਵਾਲਾ ਹੀ ਰਹੇਗਾ। ਮੋਦੀ ਸਰਕਾਰ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਆਪਣਾ ਧਰਨਾ ਪ੍ਰਦਰਸ਼ਨ ਕਰਨਗੇ। ਇਸ ਗੱਲ 'ਤੇ ਜ਼ੋਰ ਪਾਉਣਗੇ ਕਿ ਜੋ ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨੀਆਂ ਜਾ ਚੁੱਕੀਆਂ ਨੇ ਉਨ੍ਹਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ ਤਾਂ ਜੋ ਕਿਸਾਨ ਜੋ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਉਨ੍ਹਾਂ ਨੂੰ ਬਚਾਇਆ ਜਾ ਸਕੇ।ਕਿਸਾਨਾਂ ਦੀਆਂ ਇੰਨੀਆਂ ਜ਼ਿਆਦਾ ਜਥੇਬੰਦੀਆਂ ਹੋਣ ਦੇ ਬਾਵਜੂਦ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਇਸਦਾ ਜਵਾਬ ਦਿੰਦੇ ਹੋਏ ਸ਼ਾਦੀਪੁਰ ਨੇ ਕਿਹਾ ਕਿ ਭਾਵੇਂ ਪਹਿਲਾਂ ਮੋਦੀ ਦੀ ਮਜ਼ਬੂਤ ਸਰਕਾਰ ਸੀ ਪਰ ਹੁਣ ਮਜਬੂਰ ਮੋਦੀ ਸਰਕਾਰ ਹੈ। ਮੋਦੀ ਦੀ ਸਰਕਾਰ ਦੂਜੀ ਪਾਰਟੀਆਂ ਦੇ ਉਪਰ ਨਿਰਭਰ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਮਨਵਾਉਣ ਦੇ ਲਈ ਅਤੇ ਜੋ ਪਾਣੀਆਂ ਨੂੰ ਲੈ ਕੇ ਮਸਲੇ ਨੇ ਉਨ੍ਹਾਂ ਨੂੰ ਲੈ ਕੇ ਜਥੇਬੰਦੀ 22 ਜੂਨ ਨੂੰ ਇੱਕ ਕਨਵੋਕੇਸ਼ਨ ਰੱਖੀ ਹੈ, ਇਸ ਵਿੱਚ ਉਹ ਮੰਥਨ ਕਰਨਗੇ ਤੇ ਇਸ ਮੰਥ ਤੋਂ ਬਾਅਦ ਹੀ ਉਹ ਇਸ ਤਰ੍ਹਾਂ ਦੀ ਕੋਈ ਠੋਸ ਨੀਤੀ ਬਣਾਉਣਗੇ ਕਿ ਮੋਦੀ ਸਰਕਾਰ ਨੂੰ ਉਨ੍ਹਾਂ ਦੀਆਂ ਮੰਨੀਆ ਮੰਗਾਂ ਲਾਗੂ ਕਰਨੀਆਂ ਹੀ ਪੈਣਗੀਆਂ। ਇਸ ਮੌਕੇ ਤੇ ਗੁਰਜੋਤ ਕੌਰ ਮਾਂਗਟ ਨੇ ਕਿਹਾ ਕਿ ਜੋ ਉਹਨਾਂ ਨੂੰ ਜਥੇਬੰਦੀ ਵੱਲੋਂ ਜ਼ਿੰਮੇਵਾਰੀ ਦਿੱਤੀ ਗਈ ਆ ਉਹ ਇਸ ਨੂੰ ਪੂਰੀ ਤਨ ਦਾ ਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਰਾਜਨੀਤਿਕ ਪਾਰਟੀਆਂ ਨਾਲੋਂ ਇਸ ਜਥੇਬੰਦੀ ਦਾ ਹਿੱਸਾ ਬਣਨ ਨਾਲ ਉਹ ਆਪਣੇ ਲੋਕਾਂ ਲਈ ਹੋਰ ਵਧੀਆ ਤਰੀਕੇ ਨਾਲ ਕੰਮ ਕਰ ਸਕਣਗੇ।ਇਸ ਮੌਕੇ ਜਸਪ੍ਰੀਤ ਕੌਰ ਅੜੈਚਾਂ ਨੇ ਕਿਹਾ ਕਿ ਜਥੇਬੰਦੀ ਅਤੇ ਇਸ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਜੋ ਉਨ੍ਹਾਂ ਨੂੰ ਜ਼ਿਲ੍ਹੇ ਦੇ ਪ੍ਰਧਾਨ ਦੇ ਅਹੁਦੇ ਨਾਲ ਨਿਵਾਜਿਆ ਹੈ ਉਹ ਇਨ੍ਹਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਇਨ੍ਹਾਂ ਦੀ ਨੁਮਾਇੰਦਗੀ ਹੇਠ ਸਾਰੇ ਕੰਮ ਕਰਨਗੇ।

## ਝੁੱਗੀਆਂ 'ਚ ਜਾ ਕੇ ਬੱਚਿਆਂ ਨੂੰ ਵੰਡਿਆ ਜੂਸ



**ਮਾਨਸਾ (ਆਤਮਾ ਸਿੰਘ ਪਮਾਰ)**-ਸਲੱਮ ਫਾਊਂਡੇਸ਼ਨ ਦੀ ਟੀਮ ਨੇ ਜਨਰਲ ਸੱਕਤਰ ਆਰ ਕੇ ਅਟਵਾਲ ਤੇ ਪੰਜਾਬ ਪ੍ਰਧਾਨ ਮੈਡਮ ਰੁਪਿੰਦਰ ਬਾਵਾ ਦੀ ਅਗਵਾਈ ਹੇਠ ਨਿਮਾਣੀ ਦੇ ਸ਼ੁਭ ਅਵਸਰ ਨੂੰ ਮੁੱਖ ਰੱਖਦੇ ਹੋਏ ਝੁੱਗੀਆਂ ਵਿੱਚ ਜਾ ਕੇ ਬੱਚਿਆਂ ਨੂੰ ਜੂਸ ਵੰਡਿਆ ਅਤੇ ਨਾਲ ਹੀ ਮੈਡਮ ਮੰਜੂ ਜਿੰਦਲ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕੀ ਆਮ ਲੋਕਾਂ ਤੱਕ ਤਾਂ ਹਰ ਚੀਜ਼ ਅਸਾਨੀ ਨਾਲ਼ ਹੀ ਪਹੁੰਚ ਜਾਂਦੀ, ਪਰ ਇਸ ਤਰ੍ਹਾਂ ਦੇ ਬੱਚਿਆਂ ਵਿੱਚ ਚੀਜ਼ ਲੈ ਕੇ ਜਾਣ ਦਾ ਮੌਕਾ ਕਿਸੇ ਕਿਸੇ ਨੂੰ ਹੀ ਮਿਲਦਾ ਹੈ ਅਤੇ ਨਾਲ ਹੀ ਇਸ ਸਭਾ ਵਿੱਚ ਨਵ ਨਿਯੁਕਤ ਅਹੁਦੇਦਾਰ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਸੀਮਾ ਸ਼ਰਮਾ ਨੇ ਕਿਹਾ ਕਿ ਇਸ ਨੇਕ ਕੰਮ ਵਿੱਚ ਹਿੱਸਾ ਪਾ ਕੇ ਮਨ ਨੂੰ ਬਹੁਤ ਸਕੂਨ ਮਿਲਿਆ।ਇਸ ਨੇਕ ਕੰਮ ਵਿੱਚ ਸਹਿਯੋਗੀ ਰਹੇ ਸ਼ਹਿਰੀ ਪ੍ਰਧਾਨ ਇਕਬਾਲ ਸਿੰਘ, ਸਹਿਰੀ ਪ੍ਰਧਾਨ ਬੁਢਲਾਡਾ ਪਰਮਜੀਤ ਕੌਰ, ਨਵੇਂ ਨਿਯੁਕਤੇ ਮੈਂਬਰ ਸੁਰਿੰਦਰ ਸਿੰਘ ਆਦਿ ਵੀ ਸ਼ਾਮਲ ਸਨ।

## ਠੰਢੇ-ਮਿੱਠੇ ਜਲ ਦੀ ਛਬੀਲ ਤੇ ਹਦਵਾਣਿਆਂ ਦਾ ਭੰਡਾਰਾ



**ਜਗਰਾਉਂ (ਅਮਿਤ ਖੰਨਾ)**-ਪਿਛਲੇ ਸਾਲ ਵਾਂਗ ਇਸ ਸਾਲ ਵੀ ਝਾਂਸੀ ਰਾਣੀ ਚੌਕ ਜਗਰਾਉਂ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਤੇ ਹਦਵਾਣਿਆਂ ਦਾ ਭੰਡਾਰਾ ਲਗਾਇਆ। ਇਸ ਛਬੀਲ ਦਾ, ਜੋ ਸ਼ਾਮ ਤੱਕ ਚੱਲੀ, ਰਾਹ ਚੱਲਦੇ ਲੋਕਾਂ ਨੇ ਭਰਪੂਰ ਆਨੰਦ ਲਿਆ।

ਇਸ ਮੌਕੇ ਕਰਤ ਪ੍ਰੀਤ ਸਿੰਘ (ਏਕਮ), ਜਸਵਿੰਦਰ ਸਿੰਘ, ਹਰਸ਼ ਜੈਵੀਰ, ਰਾਜ ਸਿੱਧੂ, ਦਿਲਪ੍ਰੀਤ, ਤਰਨ, ਹਾਕਮ ਸਿੰਘ, ਪਿਆਰ ਸਿੰਘ, ਲਵਪ੍ਰੀਤ ਸਿੰਘ, ਮਨੋਹਰ ਸਿੰਘ, ਜੈਦੀਪ ਸਿੰਘ, ਗੁਰਸਹਿਜ ਸਿੰਘ ਧੰਜਲ, ਰਣਵੀਰ ਸਿੰਘ ਧੰਜਲ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਨੇ ਸਭ ਦੇ ਸਹਿਯੋਗ ਲਈ ਧੰਨਵਾਦ ਕੀਤਾ।

## ਛਬੀਲ ਲਾਈ



**ਬਾਘਾਪੁਰਾਣਾ (ਮਨੀ ਸਿੰਗਲਾ)**-ਵਧਦੀ ਗਰਮੀ ਨੂੰ ਦੇਖਦੇ ਹੋਏ ਮੁੱਦਕੀ ਰੋਡ ਦੇ ਦੁਕਾਨਦਾਰਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਸੇਵਾਦਾਰ ਲੱਕੀ ਜਿੰਦਲ ਸਾਇਕਲਾਂ ਵਾਲੇ, ਮੰਗਲ ਸਿੰਘ, ਪ੍ਰਦੀਪ ਕੁਮਾਰ, ਅਨਮੋਲ ਸਿੰਗਲਾ ਅਤੇ ਹੋਰ ਸੇਵਾਦਾਰ ਹਾਜ਼ਰ ਸਨ।


# PAOS INDUSTRIES LTD.

CIN : L24100PB1990PLC049032
Registered Office: Village Pawa, G.T. Road, Near Civil Airport, Ludhiana-141-120 (Pb)
Ph.+91-161-522-0000 Email : paosindustriesltd@gmail.com, rajagromills@gmail.com

**NOTICE OF 34th ANNUAL GENERAL MEETING, BOOK CLOSURE AND E-VOTING INFORMATION**

NOTICE is hereby given that the 34th Annual General Meeting (AGM) of the company will be held on Tuesday, the 09th day of July, 2024 at 10.00 A.M. at the Registered Office of the Company at Village Pawa, G.T. Road, Near Civil Airport, Ludhiana-141 120 (Pb) to transact the businesses set out in the notice of AGM.

The notice of Annual General Meeting, Annual Report and Attendance Slip has been sent to all the members in the electronic mode whose E-mail ID's are registered with the company/Depositories and to others by courier. Members may note that the Notice and Annual Report 2023-24 will also be available on the Company's website www.paosindustries.in and website of the Stock Exchange, i.e. BSE Limited at https://www.bseindia.com.

NOTICE is hereby given pursuant to Section 91 of the Companies Act, 2013 and Regulation 42 of SEBI (Listing Obligations and Disclosure Requirements) Regulations, 2015 that the Register of Members and Share Transfer Books of the Company will remain closed from Wednesday, 03rd July, 2024 to Tuesday, 09th July, 2024 (both days inclusive) for the purpose of 34th Annual General Meeting of the Company.

Notice is also hereby given Pursuant to the provisions of Section 108 of the Companies Act, 2013 read with rule 20 of the Companies (Management and Administration) Rules, 2014, as amended, and Regulation 44 of the SEBI (Listing Obligations and Disclosure Requirements) Regulations, 2015 that the Company is also providing the facility to members to Vote Electronically (remote e-voting) through Central Depository Services (India) Limited e-voting platform. The procedure for E-Voting is given under "Voting through electronic means" in the Notice.

The e-voting facility will be available during the following voting period :

| Commencement of E-voting | End of E-voting |
|---|---|
| Saturday 06th July, 2024 at 9:00 A.M. (IST) | Monday 08th July, 2024 at 5:00 P.M. (IST) |

During the period, members of the Company, holding shares either in physical form or in dematerialized form, as on the cut-off date 02.07.2024 may cast their vote electronically. The e-voting module shall be displayed by CDSL for voting thereafter and voting shall not be allowed beyond the above mentioned date and time.

For instructions relating to e-voting, members may kindly go through the instructions in the Notice of the 34th AGM and they may also refer to the E-voting User Manual for shareholders available at the Help section of https://www.evotingindia.com or send an e-mail to helpdesk.evoting@cdslindia.com.

The Company Secretary of Company will be person responsible to address the grievances connected with the voting by electronic means. His contact details are given below:

Tel: +91-161-5220000
e-mail: paosindustriesltd@gmail.com, rajagromills@gmail.com

For PAOS INDUSTRIES LIMITED
Sd/-
Managing Director (DIN : 00057485)

DATE : 17-06-2024
PLACE : LUDHIANA


## ...ਸਫ਼ਾ 1 ਦੇ ਬਾਕੀ

### ਆਪੋਜ਼ੀਸ਼ਨ ਅੜ ਗਈ ...

ਬਲਰਾਮ ਜਾਖੜ ਤੇ ਜੀ ਐੱਮ ਸੀ ਬਾਲਯੋਗੀ ਦੁਬਾਰਾ ਚੁਣੇ ਜਾਂਦੇ ਰਹੇ। ਅਯੰਗਰ ਲੋਕ ਸਭਾ ਦੇ ਪਹਿਲੇ ਡਿਪਟੀ ਸਪੀਕਰ ਬਣੇ ਸਨ। 1956 ਵਿਚ ਜੀ ਵੀ ਮਾਵਲੰਕਰ ਦੀ ਮੌਤ ਤੋਂ ਬਾਅਦ ਉਹ ਸਪੀਕਰ ਚੁਣੇ ਗਏ। 1957 ਦੀ ਆਮ ਚੋਣ ਜਿੱਤ ਕੇ ਉਹ ਦੂਜੀ ਵਾਰ ਸਪੀਕਰ ਬਣੇ। ਢਿੱਲੋਂ 1969 ਵਿਚ ਐੱਨ ਸੰਜੀਵਾ ਰੈਡੀ ਦੇ ਅਸਤੀਫੇ ਤੋਂ ਬਾਅਦ ਚੌਥੀ ਲੋਕ ਸਭਾ ਦੇ ਸਪੀਕਰ ਬਣੇ। ਢਿੱਲੋਂ 1971 ਵਿਚ ਪੰਜਵੀਂ ਲੋਕ ਸਭਾ ਦੇ ਵੀ ਸਪੀਕਰ ਬਣੇ ਤੇ ਐਮਰਜੈਂਸੀ ਦੌਰਾਨ ਅਸਤੀਫਾ ਦੇਣ ਤੱਕ ਪਹਿਲੀ ਦਸੰਬਰ 1975 ਤੱਕ ਸਪੀਕਰ ਰਹੇ। ਜਾਖੜ ਸੱਤਵੀਂ ਤੇ ਅੱਠਵੀਂ ਲੋਕ ਸਭਾ ਦੇ ਸਪੀਕਰ ਬਣੇ ਅਤੇ ਦੋਨੋਂ ਵਾਰ ਮਿਆਦ ਪੂਰੀ ਕਰਨ ਵਾਲੇ ਪਹਿਲੇ ਸਪੀਕਰ ਰਹੇ। ਤੇਲਗੂ ਦੇਸਮ ਦੇ ਬਾਲਯੋਗੀ 12 ਵੀਂ ਲੋਕ ਸਭਾ ਦੇ ਸਪੀਕਰ ਚੁਣੇ ਗਏ। ਉਹ 19 ਮਹੀਨੇ ਇਸ ਅਹੁਦੇ 'ਤੇ ਰਹੇ। 12 ਅਕਤੂਬਰ 1999 ਨੂੰ ਉਹ 13ਵੀਂ ਲੋਕ ਸਭਾ ਦੇ ਸਪੀਕਰ ਚੁਣੇ ਗਏ ਤੇ 3 ਮਾਰਚ 2002 ਨੂੰ ਹੈਲੀਕਾਪਟਰ ਹਾਦਸੇ ਵਿਚ ਮਾਰੇ ਜਾਣ ਤੱਕ ਇਸ ਅਹੁਦੇ 'ਤੇ ਰਹੇ।

## ਬਾਬਾ ਰਾਮ ਦਾਸ ਜੀ ਕੋਟੜਾ ਕੌੜਾ ਵਾਲਿਆਂ ਦੀ ਯਾਦ 'ਚ ਛਬੀਲ ਲਾਈ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲੋਹ ਲੰਗਰ ਕਮੇਟੀ ਕੋਟੜਾ ਕੌੜਾ ਵੱਲੋਂ ਇਲਾਕੇ ਤੇ ਲਹਿਰਾ ਮੁਹੱਬਤ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ 108 ਸੰਤ ਬਾਬਾ ਰਾਮ ਦਾਸ ਜੀ ਕੋਟੜਾ ਕੌੜਾ ਵਾਲਿਆਂ ਦੀ ਪਿੰਡ ਲਹਿਰਾ ਮੁਹੱਬਤ ਸਥਿੱਤ ਅਸਥਾਨ ਹਵੇਲੀ (ਨੇੜੇ ਲਹਿਰਾ ਖਾਨਾ ਰੋਡ) ਵਿਖੇ ਬਾਬਾ ਰਾਮ ਦਾਸ ਜੀ ਦੀ ਯਾਦ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਲੋਹ ਲੰਗਰ ਕਮੇਟੀ ਦੇ ਮੈਂਬਰ ਰਾਜਿੰਦਰ ਸਿੰਘ ਰਾਏ ਖਾਨਾ, ਅਮਰੀਕ ਸਿੰਘ ਲਹਿਰਾ ਧੂਰਕੋਟ, ਬਲਵੰਤ ਸਿੰਘ ਵਿਰਕ, ਅਮਰਜੀਤ ਸਿੰਘ ਗਿੱਲ, ਚੜ੍ਹਤ ਸਿੰਘ ਚਿੜੀਆ ਨੇ ਦੱਸਿਆ ਕਿ ਬਾਬਾ ਜੀ ਵੱਲੋਂ ਸ਼ੁਰੂ ਕੀਤੀ ਛਬੀਲ ਦੀ ਪ੍ਰੰਪਰਾ ਸ਼ਰਧਾਲੂ ਸੇਵਾਦਾਰਾਂ ਵੱਲੋਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲਗਾਤਾਰ ਨਿਭਾਈ ਜਾ ਰਹੀ ਹੈ। ਇਸ ਮੌਕੇ ਜਗਦੇਵ ਸਿੰਘ ਦੇਬੀ, ਗੁਰਪ੍ਰੀਤ ਸਿੰਘ ਨੰਬਰਦਾਰ, ਜਗਸੀਰ ਸਿੰਘ ਸੀਰਾ, ਹਰੀ ਸਿੰਘ, ਬੱਗਾ ਸਿੰਘ, ਛਿਬਿਰ ਸਿੰਘ ਕੋਟੜਾ ਕੌੜਾ, ਕੁਲਵਿੰਦਰ ਸਿੰਘ, ਅਮਰਿੰਦਰ ਸਿੰਘ, ਹਰਸੁੱਖਦੀਪ ਸਿੰਘ ਵਿੱਕੀ, ਗੁਰਜੋਤ ਸਿੰਘ, ਗੁਰਮੇਲ ਸਿੰਘ ਹੀਰਾ, ਜਗਤਾਰ ਸਿੰਘ ਲਹਿਰਾ ਧੂਰਕੋਟ ਅਤੇ ਜੱਸਾ ਸਿੰਘ ਕੋਟੜਾ ਕੌੜਾ ਤੋਂ ਇਲਾਵਾ ਹੋਰ ਸੇਵਾਦਾਰ ਹਾਜ਼ਰ ਸਨ।


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

18-Jun-PAGE-3.qxd 6/17/2024 9:03 PM Page 1



# ਓਬਰਾਏ ਦੇ ਯਤਨਾਂ ਸਦਕਾ ਫਾਂਸੀ ਤੋਂ ਬਚਿਆ ਨੌਜਵਾਨ ਵਤਨ ਪਰਤਿਆ

## * 9 ਸਾਲਾਂ ਬਾਅਦ ਹੋਏ ਮਾਂ-ਪੁੱਤ ਦੇ ਮਿਲਾਪ ਨੇ ਹਰੇਕ ਦੀਆਂ ਅੱਖਾਂ ਨਮ ਕੀਤੀਆਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕੌਮਾਂਤਰੀ ਹੱਦਾਂ-ਸਰਹੱਦਾਂ ਤੋਂ ਉੱਤੇ ਉੱਠਦਿਆਂ ਦੇਸ਼-ਵਿਦੇਸ਼ ਵਿੱਚ ਲੋੜਵੰਦਾਂ ਲਈ ਮਸੀਹਾ ਬਣ ਕੇ ਨਿੱਤ ਦਿਨ ਲੋਕ ਸੇਵਾ ਦੀਆਂ ਨਵੀਆਂ ਮਿਸਾਲਾਂ ਸਿਰਜ ਰਹੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਤਿੰਨ ਭਾਰਤੀ ਨੌਜਵਾਨਾਂ ਦੀ ਦੁਬਈ ਵਿਖੇ ਫਾਂਸੀ ਦੀ ਸਜ਼ਾ ਮੁਆਫ਼ ਹੋਣ ਉਪਰੰਤ ਲੁਧਿਆਣੇ ਜ਼ਿਲ੍ਹੇ ਨਾਲ ਸੰਬੰਧਿਤ ਨੌਜਵਾਨ ਸੁਖਵੀਰ ਸਿੰਘ ਪੁੱਤਰ ਲਛਮਣ ਸਿੰਘ ਵੀ ਵਤਨ ਪਰਤ ਆਇਆ ਹੈ। ਮੌਤ ਦੇ ਮੂੰਹ ਤੋਂ ਬਚ ਕੇ ਆਏ ਬਜ਼ੁਰਗ ਮਾਪਿਆਂ ਦੇ ਇਕਲੌਤੇ ਪੁੱਤ ਸੁਖਵੀਰ ਅਤੇ ਉਸਦੀ ਬਜ਼ੁਰਗ ਮਾਂ ਦੇ 9 ਸਾਲਾਂ ਬਾਅਦ ਹਵਾਈ ਅੱਡੇ ਤੇ ਹੋਏ ਮਿਲਾਪ ਦੌਰਾਨ ਜਦ ਦੋਵੇਂ ਮਾਂ-ਪੁੱਤ ਰੋਂਦਿਆਂ ਇੱਕ-ਦੂਜੇ ਨੂੰ ਗਲ਼ ਲੱਗ ਕੇ ਮਿਲੇ ਤਾਂ ਇੱਕ ਵਾਰ ਇੰਝ ਮਹਿਸੂਸ ਹੋਇਆ ਜਿਵੇਂ ਵਕਤ ਰੁਕ ਗਿਆ ਹੋਵੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਸਾਲ 2018 ਦੁਬਈ ਵਿਖੇ ਤਿੰਨ ਪੰਜਾਬੀ ਨੌਜਵਾਨ ਜਿਨ੍ਹਾਂ 'ਚ ਸੁਖਵੀਰ ਸਿੰਘ ਤੋਂ ਇਲਾਵਾ ਗੁਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਅਤੇ ਜਤਿੰਦਰ ਕੁਮਾਰ ਪੁੱਤਰ ਜਸਵੀਰ ਕੁਮਾਰ ਵਾਸੀ ਬੰਗਾ, ਸੁਡਾਨ ਦੇਸ਼ ਨਾਲ ਸੰਬੰਧਿਤ ਇੱਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਫ਼ੜੇ ਗਏ ਸਨ ਅਤੇ ਅਦਾਲਤ ਵੱਲੋਂ ਉਕਤ ਤਿੰਨਾਂ ਨੌਜਵਾਨਾਂ ਨੂੰ 25-25 ਸਾਲ ਦੀ ਸਜ਼ਾ ਸੁਣਾ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਸਜ਼ਾ ਉਪਰੰਤ ਉਪਰੋਕਤ ਨੌਜਵਾਨਾਂ ਵੱਲੋਂ ਕੀਤੀ ਗਈ ਅਪੀਲ 'ਤੇ ਅਦਾਲਤ ਨੇ ਸਖ਼ਤ ਰਵਈਆ ਅਪਣਾਉਂਦਿਆਂ ਇਨ੍ਹਾਂ ਦੀ 25-25 ਸਾਲ ਵਾਲੀ ਸਜ਼ਾ ਨੂੰ ਫਾਂਸੀ ਵਿੱਚ ਤਬਦੀਲ ਕਰ ਦਿੱਤਾ, ਜਿਸ ਉਪਰੰਤ ਉਕਤ ਨੌਜਵਾਨਾਂ ਦੇ ਪਰਿਵਾਰਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਮਦਦ ਕਰਨ ਦੀ ਅਪੀਲ ਕੀਤੀ ਸੀ। ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪੀੜਤ ਪਰਿਵਾਰਾਂ ਨਾਲ ਮਿਲ ਕੇ ਸੁਡਾਨ ਨਾਲ ਸੰਬੰਧਿਤ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੋਈ ਸਫ਼ਲਤਾ ਨਹੀਂ ਮਿਲੀ, ਜਿਸ ਕਾਰਨ ਸਭ ਨੇ ਇਸ ਕੇਸ ਦੇ ਹੱਲ਼ ਹੋਣ ਦੀ ਆਸ ਛੱਡ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਪਰ ਕੁਦਰਤ ਨੇ ਅਜਿਹਾ ਕਰਿਸ਼ਮਾ ਕੀਤਾ ਕਿ ਉਨ੍ਹਾਂ ਦੀ ਸਲਾਹ ਮੁਤਾਬਿਕ ਈਦ ਮੌਕੇ ਪਰਿਵਾਰ ਵੱਲੋਂ ਮੁੜ ਕੀਤੀ ਗਈ ਰਹਿਮ ਦੀ ਅਪੀਲ 'ਤੇ ਅਦਾਲਤ ਵੱਲੋਂ ਉਕਤ ਤਿੰਨੇ ਨੌਜਵਾਨਾਂ ਦੀ ਸਜ਼ਾ ਮੁਆਫ਼ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਇੱਕ ਅਜਿਹਾ ਵਿਸ਼ੇਸ਼ ਕੇਸ ਸੀ, ਜਿਸ ਵਿੱਚ ਮਰਨ ਵਾਲੇ ਨੌਜਵਾਨ ਦੇ ਪਰਿਵਾਰ ਨੂੰ ਬਲੱਡ ਮਨੀ ਨਹੀਂ ਦਿੱਤੀ ਗਈ। ਡਾ. ਓਬਰਾਏ ਅਨੁਸਾਰ ਇਸ ਕੇਸ ਨਾਲ ਸੰਬੰਧਿਤ ਦੋ ਨੌਜਵਾਨ ਪਹਿਲਾਂ ਹੀ ਆਪਣੇ ਘਰ ਪਹੁੰਚ ਚੁੱਕੇ ਹਨ ਜਦਕਿ ਸੁਖਵੀਰ ਦੀ ਵੀ ਅੱਜ ਵਤਨ ਵਾਪਸੀ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਵੱਲੋਂ ਸਮੇਂ-ਸਮੇਂ ਤੇ ਪੀੜਤ ਪਰਿਵਾਰਾਂ ਨੂੰ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਤੋਂ ਇਲਾਵਾ ਹਰ ਪੱਖ ਤੋਂ ਸਹਿਯੋਗ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅੱਜ ਵਤਨ ਪਹੁੰਚੇ ਸੁਖਵੀਰ ਦੀ ਹਵਾਈ ਟਿਕਟ ਵੀ ਉਸਦੇ ਪਰਿਵਾਰ ਦੀ ਮੰਗ 'ਤੇ ਉਨ੍ਹਾਂ ਨੇ ਹੀ ਖ਼੍ਰੀਦ ਕੇ ਦਿੱਤੀ ਹੈ। ਇਸ ਮੌਕੇ ਪਹੁੰਚੇ ਸਰਬੱਤ ਦਾ ਭਲਾ ਟਰੱਸਟ ਦੇ ਆਗੂ ਸੁਖਜਿੰਦਰ ਸਿੰਘ ਹੇਰ ਅਤੇ ਮਨਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਸਿਆਸੀ ਹੱਦਬੰਦੀਆਂ ਤੋਂ ਉੱਤੇ ਉੱਠ ਕੇ ਬਿਨਾਂ ਕਿਸੇ ਸਵਾਰਥ ਤੋਂ ਬੱਚਿਆਂ ਦੀਆਂ ਜ਼ਿੰਦਗੀਆਂ ਬਚਾਉਣ ਵਾਲੇ ਫਰਿਸ਼ਤੇ ਡਾ. ਓਬਰਾਏ ਦੀ ਬਦੌਲਤ ਸਾਲ 2010 ਤੋਂ ਲੈ ਕੇ ਹੁਣ ਤੱਕ ਲਗਭਗ 145 ਵਿਅਕਤੀਆਂ ਨੂੰ ਫਾਂਸੀ ਜਾਂ 45 ਸਾਲਾਂ ਤੱਕ ਦੀਆਂ ਲੰਮੀਆਂ ਸਜ਼ਾਵਾਂ ਤੋਂ ਮੁਕਤੀ ਮਿਲੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਡਾ. ਓਬਰਾਏ ਵੱਲੋਂ ਸੁਖਵੀਰ ਲਈ ਪੰਜਾਬ ਅੰਦਰ ਹੀ ਰੁਜ਼ਗਾਰ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

# ਪੰਜਾਬ ਦੇ ਨਵੇਂ ਬਣੇ ਸਾਂਸਦ ਸੂਬੇ ਦੇ ਹੱਕੀ ਮੁੱਦੇ ਪਾਰਲੀਮੈਂਟ 'ਚ ਉਠਾਉਣ : ਸਤਨਾਮ ਸਿੰਘ ਚੋਹਲਾ



**ਚੋਹਲਾ ਸਾਹਿਬ (ਰਮਨ ਚੱਢਾ)**-ਅਕਾਲੀ ਆਗੂ ਸਤਨਾਮ ਸਿੰਘ ਚੋਹਲਾ ਹਲਕਾ ਖਡੂਰ ਸਾਹਿਬ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਨਵ-ਨਿਯੁਕਤ ਲੋਕ ਸਭਾ ਮੈਂਬਰਾਂ ਨੂੰ ਸੂਬੇ ਦੇ ਹੱਕੀ ਮੁੱਦੇ ਪਾਰਲੀਮੈਂਟ ਵਿੱਚ ਉਠਾਉਣ ਲਈ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸਰਹੱਦੀ ਸੂਬਾ ਪੰਜਾਬ ਰਾਜਨੀਤਿਕ, ਧਾਰਮਿਕ, ਆਰਥਿਕ ਪੱਖੋਂ ਬੜੀ ਬੁਰੀ ਤਰ੍ਹਾਂ ਲਿਤਾੜਿਆ ਗਿਆ, ਜਿਸ ਦਾ ਕਾਰਨ ਸਿਆਸੀ ਹੈ।ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਵਿਤਕਰਾ ਕੀਤਾ ਗਿਆ।ਪੰਜਾਬੀ ਸੂਬਾ ਲੰਗੜਾ ਬਣਾਇਆ ਗਿਆ ਅਤੇ ਚੰਡੀਗੜ੍ਹ ਰਾਜਧਾਨੀ ਖੋਹੀ ਗਈ, ਭਾਖੜਾ ਡੈਮ ਦਾ ਕੰਟਰੋਲ ਨਵੀਂ ਦਿੱਲੀ ਨੇ ਖੋਹ ਲਿਆ, ਆਰਥਿਕ ਹਾਲਤ ਨਾਲ ਜੁੜਿਆ ਦਰਿਆਈ ਪਾਣੀਆਂ ਦਾ ਇਨਸਾਫ਼ ਜਾਣਬੁੱਝ ਕੇ ਸੈਂਟਰ ਸਰਕਾਰ ਕਰ ਨਹੀਂ ਰਹੀ।ਸਤਨਾਮ ਸਿੰਘ ਚੋਹਲਾ ਸਾਹਿਬ ਨੇ ਕਿਹਾ ਕਿ ਪਾਣੀਆਂ ਦਾ ਮਾਲਕ ਪੰਜਾਬ ਹੈ ਪਰ ਇਸ ਤੇ ਕਬਜ਼ਾ ਕੇਂਦਰ ਸਰਕਾਰ ਨੇ ਕੀਤਾ ਹੈ।ਇਕ ਧਾਰਮਿਕ ਮੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਬਾਰੇ ਵੀ ਹੈ ਜੋ ਕਦੇ ਸਮੇਂ 'ਤੇ ਨਹੀ ਹੋਈ।ਇਹ 1920 'ਚ ਬਣੀ ਸੀ ਤੇ ਇਸ ਸਬੰਧੀ ਕਨੂੰਨ 1925 'ਚ ਬਣਿਆ ਸੀ।ਪੰਜਾਬ ਤੇ ਪੰਥ ਦੇ ਮਸਲੇ ਸੁਲਝਾਉਣ ਲਈ ਕਈ ਮੋਰਚੇ ਲਾਏ ਗਏ ਪਰ ਕੇਂਦਰ ਸਰਕਾਰ ਦੂਸਰੇ ਸੂਬਿਆਂ ਨੂੰ ਲਾਭ ਪਹੁੰਚਾਉਣ ਲਈ ਤਤਪਰ ਰਹੀ।ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਸਿਰ 58 ਕਰੋੜ ਦਾ ਕਰਜ਼ਾ ਹੈ।ਇਸ ਸਬੰਧ ਵਿੱਚ ਪੰਜਾਬ ਦੇ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਅਪੀਲ ਹੈ ਕਿ ਓਹ ਅਪਣਾ ਅਸਰ ਰਸੂਖ ਵਰਤਦੇ ਹੋਏ, ਕੇਂਦਰ ਸਰਕਾਰ ਕੋਲੋਂ ਉਕਤ ਮਸਲੇ ਸੁਲਝਾਉਣ ਤਾਂ ਜੋ ਪੰਜਾਬ ਨੂੰ ਸਮੇਂ ਦਾ ਹਾਣੀ

# ਰਾਤ ਨੂੰ ਘੁੰਮਦਾ ਨਜ਼ਰ ਆਉਂਦਾ ਡਰੋਨ ਬਣਿਆ ਲੋਕ-ਚਰਚਾ ਦਾ ਵਿਸ਼ਾ

## * ਜਾਂਚ ਕਰਵਾ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ : ਡੀ ਐੱਸ ਪੀ ਭਿੱਖੀਵਿੰਡ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪਾਕਿਸਤਾਨ ਡਰੋਨ ਰਾਹੀਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਕਰਕੇ ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਹੈ।ਆਏ ਦਿਨ ਇਨ੍ਹਾਂ ਡਰੋਨਾਂ ਦਾ ਸਰਹੱਦ ਨੇੜਿਓਂ ਫੜੇ ਜਾਣ ਦੀਆਂ ਖ਼ਬਰਾਂ ਟੀਵੀ ਚੈਨਲਾਂ ਤੇ ਅਖਬਾਰਾਂ 'ਚ ਨਜ਼ਰ ਆਉਂਦੀਆਂ ਸਨ, ਪ੍ਰੰਤੂ ਹੁਣ ਇਨ੍ਹਾਂ ਡਰੋਨਾਂ ਨੇ ਸ਼ਹਿਰਾਂ 'ਚ ਦਸਤਕ ਦੇਣਾ ਸ਼ੁਰੂ ਕਰ ਦਿੱਤਾ ਹੈ।ਡਰੋਨ ਗਤੀਵਿਧੀਆਂ ਦਾ ਤਾਜ਼ਾ ਮਾਮਲਾ ਭਿੱਖੀਵਿੰਡ ਤੋਂ ਸਾਹਮਣੇ ਆਇਆ ਹੈ, ਜਿੱਥੇ ਬੀਤੇ ਕੁਝ ਕੁ ਦਿਨਾਂ ਤੋਂ ਇੱਕ ਡਰੋਨ ਘੁੰਮਦਾ ਨਜ਼ਰ ਆ ਰਿਹਾ ਹੈ, ਜਿਸ ਨੂੰ ਲੋਕਾਂ ਨੇ ਆਪਣੇ ਮੋਬਾਈਲ ਦੇ ਕੈਮਰਿਆਂ ਵਿੱਚ ਕੈਦ ਕੀਤਾ ਹੈ।ਕਥਿਤ ਤੌਰ 'ਤੇ ਇਹ ਡਰੋਨ ਐਤਵਾਰ ਰਾਤ ਨੂੰ ਵੀ ਖੇਮਕਰਨ ਰੋਡ ਦੇ ਬੱਸ ਅੱਡੇ ਨਜ਼ਦੀਕ ਰਾਤ ਸਮੇਂ ਆਸਮਾਨ 'ਚ ਘੁੰਮਦਾ ਨਜ਼ਰ ਆਇਆ, ਪ੍ਰੰਤੂ ਸ਼ਹਿਰ ਵਾਸੀਆਂ ਵੱਲੋਂ ਇਸ ਸੰਬੰਧੀ ਸੂਚਿਤ ਕੀਤੇ ਜਾਣ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਾ ਨਜ਼ਰ ਨਹੀਂ ਆ ਰਿਹਾ।

ਪੁਲਸ ਪ੍ਰਸ਼ਾਸਨ ਨੂੰ ਸ਼ਹਿਰ ਵਾਸੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਡਰੋਨ ਨੂੰ ਕਾਬੂ ਕਰਕੇ ਜਾਂਚ ਪੜਤਾਲ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਕਿਸਮ ਦੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

ਉਧਰ ਜਦੋਂ ਇਸ ਮਾਮਲੇ ਸੰਬੰਧੀ ਸਬ ਡਵੀਜ਼ਨ ਭਿੱਖੀਵਿੰਡ ਤੋਂ ਡੀ. ਐੱਸ. ਪੀ. ਪ੍ਰੀਤ ਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਕੁਝ ਦਿਨਾਂ ਤੋਂ ਘੁੰਮਦੇ ਡਰੋਨ ਦੀ ਸੂਚਨਾ ਸ਼ਹਿਰ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਰਵਾਉਣ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਅਜੋਕੇ ਵਾਤਾਵਰਣ ਦੀਆਂ ਚੁਣੌਤੀਆਂ ਮਨੁੱਖ ਨੇ ਆਪ ਸਹੇੜੀਆਂ:ਬਾਬਾ ਬਲਬੀਰ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਅਗਾੜਾ ਪਿਛਾੜਾ ਪਾਤਸ਼ਾਹੀ ਪੰਜਵੀਂ ਪਿੰਡ ਜੀਓਬਾਲਾ ਜਿਸ ਦੀ ਕਾਰਸੇਵਾ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਵੱਲੋਂ ਸੰਤ ਮਹਾਂਪੁਰਸ਼ ਬਾਬਾ ਗੁਰਪਿੰਦਰ ਸਿੰਘ ਕਾਰ ਸੇਵਾ ਗੁਰੂਸਰ ਸਤਲਾਨੀ ਸੰਪਰਦਾ ਨੂੰ ਸੌਂਪੀ ਗਈ ਹੈ। ਉਨ੍ਹਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁ: ਅਗਾੜਾ ਪਿਛਾੜਾ ਵਿਖੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ। ਇਸ ਮੌਕੇ ਦੀਵਾਨ ਵਿੱਚ ਉਚੇਚੇ ਤੌਰ 'ਤੇ ਪੁੱਜੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਕਿੱਲੇ ਗੁਰੂ ਸਾਹਿਬ ਗੱਡੇ ਸਨ ਅਸੀਂ ਪੁੱਟਣੇ ਸ਼ੁਰੂ ਕਰ ਦਿੱਤੇ ਹਨ। ਗੁਰੂ ਵੱਲੋਂ ਬਖਸ਼ੀ ਮਰਯਾਦਾ ਦੇ ਉਲੰਘਣ ਕਾਰਨ ਮਨੁੱਖੀ ਜੀਵ ਨੂੰ ਬਹੁਤ ਸਾਰੀਆਂ ਦੁਖਦ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਵਿਗਿਆਨਕ ਯੁੱਗ ਅੰਦਰ ਮਨੁੱਖ ਨੂੰ ਸੁਖ ਸਹੂਲਤਾਂ ਦੀ ਪ੍ਰਾਪਤੀ ਲਈ ਸਮੁੱਚੇ ਵਾਤਾਵਰਣ ਨੂੰ ਹੀ ਤਹਿਸ-ਨਹਿਸ, ਗੰਧਲਾ ਤੇ ਜੀਵਨ ਮਾਰੂ ਬਣਾ ਲਿਆ ਹੈ। ਉਨ੍ਹਾਂ ਕਿਹਾ ਜੇਕਰ ਸਮੁੱਚੀ ਲੋਕਾਈ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਅਪਨਾ ਲਵੇ ਤਾਂ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਸੁਖੀ ਜੀਵਨ ਬਤੀਤ ਕਰ ਸਕਦੀ ਹੈ। ਜਿੰਨੀਆਂ ਵੀ ਚੁਣੌਤੀਆਂ ਸਾਡੇ ਸਾਹਮਣੇ ਹਨ ਇਹ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸਿੱਖ ਸਿਧਾਂਤ ਨੂੰ ਪਿੱਠ ਦੇ ਕੇ ਮਨੁੱਖ ਨੇ ਆਪ ਸਹੇੜੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਵੋਟ ਪ੍ਰਾਪਤੀ ਲਈ ਲੀਹਾਂ ਤੋਂ ਲੱਥ ਕੇ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਲੋਕਾਂ ਨੂੰ ਬੇਵਕੂਫ ਬਣਾ ਰਹੀਆਂ ਹਨ ਜਿਸ ਵੋਟ ਖਾਤਰ ਸਮੁੱਚਾ ਤਾਣਾ ਬਾਣਾ ਹੀ ਵਿਗੜ ਰਿਹਾ ਹੈ। ਇਸ ਲਈ ਸਿੱਧੇ ਰੂਪ ਵਿੱਚ ਸਰਕਾਰਾਂ ਅਸੀ ਤੇ ਆਮ ਜਨਤਾ ਵੀ ਬਰਾਬਰ ਦੀ ਜ਼ੁੰਮੇਵਾਰ ਹੈ। ਬਾਬਾ ਅਵਤਾਰ ਸਿੰਘ ਮੁਖੀ ਬਾਬਾ ਬਿਧੀਚੰਦ ਜੀ ਸਪੰਰਦਾ ਬਾਬਾ ਮੇਜਰ ਸਿੰਘ ਮੁਖੀ ਤਰਨਾਦਲ ਨੇ ਵੀ ਸੰਬੋਧਨ ਕੀਤਾ। ਉਪਰੰਤ ਕਬੱਡੀ ਮੈਚ ਹੋਏ ਜਿਸ ਵਿੱਚ ਰਮਦਾਸ ਕਲੱਬ ਯੂਐੱਸਏ ਅਤੇ ਖੋਖਰ ਫੌਜੀਆਂ ਗੁਰਦਾਸਪੁਰ ਟੀਮਾਂ ਵਿਚ ਗਹਿਗਚ ਮੁਕਾਬਲਾ ਹੋਇਆ। ਯੂ. ਐੱਸ. ਏ. ਟੀਮ ਨੇ ਜੇਤੂ ਟਰਾਫੀ ਪ੍ਰਾਪਤ ਕੀਤੀ।

ਇਸ ਮੌਕੇ ਸਿੱਖ ਇਤਿਹਾਸ ਗਿਆਨੀ ਪਰਮਜੀਤ ਸਿੰਘ ਖਾਲਸਾ ਕਵੀਸ਼ਰ, ਗਿ. ਕੇਵਲ ਸਿੰਘ ਕੋਮਲ, ਭਾਈ ਗੁਰਸ਼ਰਨ ਸਿੰਘ ਜਾਗੋ ਲਹਿਰ, ਗਿ. ਜਤਿੰਦਰ ਪਾਲ ਸਿੰਘ ਜੋਧ, ਢਾਡੀ ਭਾਈ ਲਖਬੀਰ ਸਿੰਘ ਕੋਮਲ ਨੇ ਸੰਗਤਾਂ ਨਾਲ ਸਾਂਝਾ ਕੀਤਾ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਗੁਰਦੇਵ ਸਿੰਘ ਭੱਟੀ, ਸੰਤ ਬਾਬਾ ਸ਼ਿੰਦਾ ਸਿੰਘ ਭਿੱਖੀਵਿੰਡ, ਸੰਤ ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਸ. ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਸੰਤ ਬਾਬਾ ਬਲਕਾਰ ਸਿੰਘ ਹਨੂੰਮਾਨਗੜ੍ਹ, ਸੰਤ ਬਾਬਾ ਸੱਜਣ ਸਿੰਘ ਬੇਰ ਸਾਹਿਬ, ਸੰਤ ਬਾਬਾ ਬੁੱਧ ਸਿੰਘ ਨਿੱਕੇ ਘੁੰਮਣ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਕੁੱਲੀਵਾਲੇ, ਸੰਤ ਬਾਬਾ ਦਰਸ਼ਨ ਸਿੰਘ ਬੋਰੀਵਾਲੇ, ਸੰਤ ਬਾਬਾ ਹਰੀ ਸਿੰਘ ਨਾਨਕਸਰ ਹਰੀਕੇ, ਸੰਤ ਬਾਬਾ ਵੀਰ ਸਿੰਘ ਜੀਓਬਾਲਾ, ਸੰਤ ਬਾਬਾ ਗੁਲਾਬ ਸਿੰਘ ਠੱਠੀਖਾਰਾ, ਸੰਤ ਬਾਬਾ ਹਰਦੇਵ ਸਿੰਘ ਝਾੜ ਸਾਹਿਬ, ਬਾਬਾ ਹੀਰਾ ਸਿੰਘ ਠੱਠਾ, ਬਾਬਾ ਅਵਤਾਰ ਸਿੰਘ ਧੱਤਲਾਂਵਾਲੇ, ਭਾਈ ਕੁਲਵਿੰਦਰ ਸਿੰਘ, ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਬਲਦੇਵ ਸਿੰਘ ਢੋਢੀਵਿੰਡ, ਬਾਬਾ ਗਗਨਦੀਪ ਸਿੰਘ ਆਦਿ ਹਾਜ਼ਰ ਹੋਏ।

ਸਟੇਜ ਸੰਚਾਲਣ ਗਿਆਨੀ ਗੁਰਬਚਨ ਸਿੰਘ ਕਲਸੀਆਂ ਅਤੇ ਭਾਈ ਬੂਟਾ ਸਿੰਘ ਨੇ ਬਾਖੂਬੀ ਨਿਭਾਇਆ। ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਤੇ ਸ਼ਾਮ ਫੇਰੀਆਂ ਦਾ ਸਿਲਸਿਲਾ ਜਾਰੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਕ੍ਰਾਂਤੀਕਾਰੀ ਰਹਿਬਰ ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਪੁਰਬ ਸਬੰਧੀ ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਿਰ ਰਜਿ. ਫੱਜੂਪੁਰ, ਧਾਰੀਵਾਲ ਦੇ ਪ੍ਰਬੰਧਾਂ ਹੇਠ ਸੰਗਤ ਵੱਲੋਂ ਧਾਰੀਵਾਲ ਇਲਾਕੇ ਅੰਦਰ ਪਿੱਛਲੇ ਕੁੱਝ ਦਿਨਾਂ ਤੋਂ ਪ੍ਰਭਾਤ ਫੇਰੀਆਂ ਅਤੇ ਸ਼ਾਮ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਅੱਜ ਦੀ ਪ੍ਰਭਾਤ ਫੇਰੀ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਤੋਂ ਆਰੰਭ ਹੋ ਕੇ ਕਰਮਵਾਰ ਬੇਦੀ ਕਲੋਨੀ ਧਾਰੀਵਾਲ ਵਿਖੇ ਰਵੀ ਕੁਮਾਰ ਭਗਤ ਦੇ ਘਰ ਅਤੇ ਪਿੰਡ ਅਹਿਮਦਾਬਾਦ ਵਿੱਚ ਤਨਵੀਰ ਭਗਤ ਦੇ ਘਰ ਪਹੁੰਚੀ। ਇਸ ਮੌਕੇ ਭਾਈ ਦੀਨਾ ਨਾਥ, ਭਾਈ ਹਰਿੰਦਰ ਸਿੰਘ ਪਨੂੰ, ਭਾਈ ਸੰਤੋਖ ਸਿੰਘ ਲੇਹਲ ਅਤੇ ਬੀਬੀਆਂ ਦੇ ਜਥੇ ਵਲੋਂ ਕਬੀਰ ਬਾਣੀ ਦਾ ਸਬਦ ਗਾਇਨ, ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਦੱਸਿਆ ਕਿ ਕਬੀਰ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਤੋਂ ਪ੍ਰਭਾਤ ਫੇਰੀਆਂ ਅਤੇ ਸ਼ਾਮ ਫੇਰੀਆਂ 20 ਜੂਨ ਤੱਕ ਜ਼ਾਰੀ ਰਹਿਣਗੀਆਂ, ਜੋ ਕਬੀਰ ਮੰਦਿਰ ਫੱਜੂਪੁਰ ਤੋਂ ਆਰੰਭ ਹੋ ਕੇ ਸ਼ਹਿਰ ਧਾਰੀਵਾਲ ਸਮੇਤ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕ੍ਰਮਵਾਰ ਜਾਇਆ ਕਰਨਗੀਆਂ। ਉਪਰੰਤ 21 ਜੂਨ ਨੂੰ ਇਲਾਕੇ ਅੰਦਰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਵੇਗਾ ਅਤੇ 22 ਜੂਨ ਨੂੰ ਸਤਿਗੁਰੂ ਕਬੀਰ ਮੰਦਰ ਫੱਜੂਪਰ ਵਿਖੇ ਧਾਰਮਿਕ ਸਮਾਗਮ ਹੋਣਗੇ। ਇਸ ਮੌਕੇ ਪ੍ਰਭਾਤ ਫੇਰੀ 'ਚ ਪ੍ਰਧਾਨ ਅਸ਼ਵਨੀ ਫੱਜੂਪੁਰ, ਗੁਰਬਚਨ ਸਿੰਘ ਜ਼ਿਲ੍ਹੇਦਾਰ, ਸੀਨੀਅਰ ਮੀਤ ਪ੍ਰਧਾਨ ਪ੍ਰੇਮ ਪਾਲ ਪੰਮਾ, ਸੇਵਾਦਾਰ ਕੁੰਦਨ ਲਾਲ, ਕੈਸ਼ੀਅਰ ਪ੍ਰੇਮ ਪਾਲ ਅਹਿਮਦਾਬਾਦ, ਕੀਮਤੀ ਲਾਲ ਭਗਤ, ਸਾਈਂ ਦਾਸ, ਹਰੀ ਰਾਮ, ਪ੍ਰੇਮ ਸਿੰਘ ਬੇਦੀ ਕਲੋਨੀ, ਸਰਪੰਚ ਪ੍ਰਗਟ ਸਿੰਘ ਅਹਿਮਦਾਬਾਦ, ਪ੍ਰੇਮ ਪਾਲ ਲੇਹਲ ਲੰਬੜਦਾਰ, ਬਲਵਿੰਦਰ ਬਿੰਦਾ, ਤਲਵਿੰਦਰਪਾਲ ਹੈਪੀ, ਕਰਨਬੀਰ ਭਗਤ, ਬਲਬੀਰ ਸਿੰਘ, ਰਮਨ ਕੁਮਾਰ, ਹਰਮੀਤ ਭਗਤ, ਅਮਰਜੀਤ ਕੌਰ, ਰੇਨੂੰ ਬਾਲ, ਜੋਤੀ ਬਾਲਾ, ਸ੍ਰਿਸਟਾ, ਸਵਿਤਾ ਆਦਿ ਸੇਵਾਦਾਰਾਂ ਸਮੇਤ ਇਲਾਕੇ ਦੀਆਂ ਸੰਗਤਾਂ ਸ਼ਾਮਲ ਸਨ।

# ਲਾਇਨ ਮਨਦੀਪ ਸਿੰਘ ਸਰਬਸੰਮਤੀ ਨਾਲ ਲਾਇਨਜ਼ ਕਲੱਬ ਦੇ ਪ੍ਰਧਾਨ ਬਣੇ




**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਲਾਇਨਜ਼ ਕਲੱਬ ਅੰਮ੍ਰਿਤਸਰ ਸਿਵਲ ਲਾਈਨਜ਼ ਦੇ ਮੁਖੀ ਲਾਇਨ ਡਾ: ਤੇਜਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਗਵਰਨਿੰਗ ਬੋਰਡ ਦੀ ਮੀਟਿੰਗ ਹੋਈ, ਜਿਸ ਵਿੱਚ ਲਾਇਨ ਮਨਦੀਪ ਸਿੰਘ ਨੂੰ ਸਰਬਸੰਮਤੀ ਨਾਲ ਆਉਣ ਵਾਲੇ ਸਾਲ ਲਈ ਕਲੱਬ ਦਾ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਹਾਜ਼ਰ ਸਮੂਹ ਮੈਂਬਰਾਂ ਨੇ ਲਾਇਨ ਮਨਦੀਪ ਸਿੰਘ ਨੂੰ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ। ਇਸ ਮੌਕੇ ਲਾਇਨ ਰਾਜੇਸ਼ ਸੇਠੀ ਸੈਕਟਰੀ, ਲਾਇਨ ਹਰਜੀਤ ਸਿੰਘ ਖਜ਼ਾਨਚੀ, ਲਾਇਨ ਐਡਵੋਕੇਟ ਬਲਦੇਵ ਸਿੰਘ ਢਿੱਲੋਂ, ਲਾਇਨ ਬਲਬੀਰ ਸਿੰਘ, ਲਾਇਨ ਜਸਦੀਪ ਸਿੰਘ, ਲਾਇਨ ਹਰਦੀਪ ਸਿੰਘ ਖੜਕਾ, ਲਾਇਨ ਬਲਰਾਜ ਕੌਰ ਸੰਧੂ, ਲਾਇਨ ਅੰਜੂ ਸੇਠੀ, ਲਾਇਨ ਕੋਮਲ ਆਦਿ ਹਾਜ਼ਰ ਸਨ।

# ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਦੀ ਮੀਟਿੰਗ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਦੀ ਮੀਟਿੰਗ ਸਰਕਲ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਦੀ ਪ੍ਰਧਾਨਗੀ ਹੇਠ ਸਰਕਲ ਦਫ਼ਤਰ ਵਿਖੇ ਹੋਈ, ਜਿਸ ਵਿਚ ਫੀਲਡ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ ਅਤੇ ਇਸ ਦੇ ਨਿਪਟਾਰੇ ਵਾਸਤੇ ਜਥੇਬੰਦੀ ਵਲੋਂ ਉਪ ਮੁੱਖ ਇੰਜਨੀਅਰ ਹਲਕਾ ਗੁਰਦਾਸਪੁਰ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਸਾਥੀ ਉਦੀਪੁਰ ਨੇ ਦਸਿਆ ਹੈ ਕਿ ਪੈਡੀ ਸੀਜ਼ਨ ਸ਼ੁਰੂ ਹੋ ਚੁੱਕਾ ਹੈ, ਫ਼ੀਲਡ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਗਿਣਤੀ ਨਾ ਮਾਤਰ ਹੀ ਰਹਿ ਗਈ ਹੈ ਜਿਸ ਕਰਕੇ ਖਪਤਕਾਰਾਂ ਨੂੰ ਨਿਰੰਤਰ ਬਿਜਲੀ ਦੀ ਸਪਲਾਈ ਬਹਾਲ ਕਰਨ ਲਈ ਬਿਜਲੀ ਕਾਮਿਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਅਤੇ ਬਣਦੀ ਡਿਊਟੀ ਤੋਂ ਵੱਧ ਕੰਮ ਕਰਨਾਂ ਪੈ ਰਿਹਾ ਹੈ। ਜਿਥੇ ਬਿਜਲੀ ਕਾਮੇ ਦਿਨ-ਰਾਤ ਕੰਮ ਕਰ ਰਹੇ ਹਨ, ਉਥੇ ਉਨ੍ਹਾਂ ਨੂੰ ਖਪਤਕਾਰਾਂ ਦੇ ਗ਼ੁੱਸੇ ਦਾ ਸ਼ਿਕਾਰ ਵੀ ਹੋਣਾ ਪੈ ਰਿਹਾ ਹੈ। ਕਰਮਚਾਰੀ ਕੰਮ ਦੇ ਬੋਝ ਨਾਲ ਨਪੀੜੇ ਜਾ ਰਹੇ ਹਨ ਪਾਵਰਕੌਮ ਦੀ ਮੈਨੇਜਮੈਂਟ ਦਾ ਨਵੀਂ ਭਰਤੀ ਭਰਤੀ ਕਰਨ ਵੱਲ ਕੋਈ ਧਿਆਨ ਨਹੀਂ ਹੈ, ਨਿੱਤ ਦਿਹਾੜੇ ਬਿਜਲੀ ਕਾਮੇ ਘਾਤਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।ਇਸ ਲਈ ਜਥੇਬੰਦੀ ਨੇ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਕੋਲੋ ਮੰਗ ਕੀਤੀ ਹੈ ਕਿ ਨਵੀਂ ਪਕੀ ਭਾਰਤੀ ਤੁਰੰਤ ਕੀਤੀ ਜਾਵੇ ਤਾਂ ਜੋ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਸਕੇ। ਵੱਡੇ ਪੱਧਰ 'ਤੇ ਕਰਮਚਾਰੀ ਸੇਵਾ ਮੁਕਤ ਹੋ ਰਹੇ ਹਨ ਤੇ ਮਹਿਕਮਾ ਖ਼ਾਲੀ ਹੋ ਰਿਹਾ ਹੈ।ਜਥੇਬੰਦੀ ਨੇ ਅਧਿਕਾਰੀਆਂ ਕੋਲੋਂ ਇਹ ਵੀ ਮੰਗ ਕੀਤੀ ਹੈ ਕਰਮਚਾਰੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਤਾਂ ਜੋ ਕਰਮਚਾਰੀ ਫ਼ੀਲਡ ਵਿਚ ਬੇਖੌਫ ਹੋ ਕੇ ਕੰਮ ਕਰ ਸਕਣ।ਇਸ ਦੌਰਾਨ ਸਰਕਲ ਸਕੱਤਰ ਸਾਥੀ ਰਣਧੀਰ ਸਿੰਘ ਕਾਹਲੋ ਨੇ ਪਾਵਰਕੌਮ ਅਤੇ ਟਰਾਂਸਕੋ ਦੀ ਮੈਨੇਜਮੈਂਟ ਕੋਲੋਂ ਮੰਗ ਕੀਤੀ ਹੈ ਕਿ ਜੁਆਇੰਟ ਫੋਰਮ ਅਤੇ ਏਕਤਾ ਮੰਚ ਪੰਜਾਬ ਨਾਲ ਗੱਲਬਾਤ ਕਰਕੇ ਬਿਜਲੀ ਕਾਮਿਆਂ ਦੀਆਂ ਮੰਗਾਂ ਦਾਂ ਨਿਪਟਾਰਾ ਕੀਤਾ ਜਾਵੇ ਨਹੀਂ ਤਾਂ ਪੈਡੀ ਸੀਜ਼ਨ ਦੌਰਾਨ ਬਿਜਲੀ ਕਾਮੇ ਸੰਘਰਸ਼ ਕਰਨ ਨੂੰ ਮਜਬੂਰ ਹੋਣਗੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਬਲਵਿੰਦਰ ਸਿੰਘ ਸੋਹਲ, ਸਾਹਿਬ ਸਿੰਘ ਧਾਲੀਵਾਲ, ਪਿਆਰਾ ਸਿੰਘ ਭਾਮੜੀ, ਕੁਲਦੀਪ ਸਿੰਘ ਅਠਵਾਲ, ਰਾਮ ਲੁਭਾਇਆ, ਨਿਸ਼ਾਨ ਸਿੰਘ ਸੋਹਲ, ਅਮਨਦੀਪ ਸਿੰਘ ਧਾਲੀਵਾਲ, ਸਤਪਾਲ ਸਿੰਘ, ਇੰਜ ਮਲਕੀਤ ਸਿੰਘ, ਸਤੀਸ਼ ਕੁਮਾਰ ਸੈਣੀ ਆਦਿ ਆਗੂ ਹਾਜ਼ਰ ਸਨ।

# ਪੰਜਾਬ 'ਚ ਵੋਟਰਾਂ ਵੱਲੋਂ ਭਾਜਪਾ ਨੂੰ ਨਕਾਰਨ 'ਤੇ ਜਾਖੜ ਦੀ ਖੁੱਸ ਸਕਦੀ ਹੈ ਕੁਰਸੀ : ਜਸਕਰਨ ਬੰਦੇਸ਼ਾ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਬੁਲਾਰਾ ਆਮ ਆਦਮੀ ਪਾਰਟੀ, ਟਰੇਡ ਵਿੰਗ ਦੇ ਸੂਬਾ ਮੀਤ ਪ੍ਰਧਾਨ ਤੇ ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਕ ਸੂਬਾਈ ਮੈਂਬਰ ਜਸਕਰਨ ਬੰਦੇਸ਼ਾ ਨੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਸਮੇਤ ਭਾਜਪਾ ਦੇ ਹੋਰਨਾਂ ਸੂਬਾਈ ਆਗੂਆਂ ਵਲੋਂ ਹਾਲ ਚ ਸੰਪਨ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਕਥਿਤ ਤੌਰ ਤੇ ਸ਼ਬਦੀ ਘੇਰਾਬੰਦੀ ਕਰਕੇ ਪੰਜਾਬ 'ਚ ਭਾਜਪਾ ਦਾ ਜਨਤਕ ਅਧਾਰ ਤੇ 8 ਫ਼ੀਸਦ ਤੋਂ 18 ਫ਼ੀਸਦ ਵੋਟ ਬੈਂਕ ਵਧਣ ਦੇ ਕੀਤੇ ਜਾ ਰਹੇ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਦਾਅਵਿਆਂ ਤੇ ਚੋਟ ਕਰਦਿਆਂ ਕਿਹਾ ਕਿ ਪਹਿਲਾਂ ਪੰਜਾਬ ਭਾਜਪਾ 13 ਸੀਟਾਂ ਚੋ ਆਪਣੇ ਕਥਿਤ ਫਿਰਕੂ ਰਾਜਸੀ ਗਠਜੋੜ ਅਕਾਲੀ ਦਲ ਨਾਲ ਮਿਲ ਕੇ 3 ਸੀਟਾਂ ਤੇ ਚੋਣ ਲੜ ਕੇ ਦੋ ਜਾਂ ਤਿੰਨ ਸੀਟਾਂ ਜਿੱਤਦੀ ਰਹੀ ਹੈ ਪਰ ਇਸ ਵੇਰਾਂ ਭਾਜਪਾ ਦੀ ਹਰਮਨ ਪਿਆਰਤਾ ਤੇ ਵੋਟ ਬੈਂਕ ਪ੍ਰਤੀਸ਼ਤ ਵਧਣ ਦੇ ਅਖੌਤੀ ਦਾਅਵੇ ਠੋਕ ਰਹੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ 'ਚ ਭਾਜਪਾ ਉਮੀਦਵਾਰਾਂ ਨੂੰ ਵੋਟਰਾਂ ਨੇ ਸਿਰੇ ਤੋਂ ਹੀ ਖਾਰਜ ਕਰ ਦਿੱਤਾ ਹੈ ਜਿਸਦੇ ਨਤੀਜੇ ਵਜੋਂ ਸੂਬਾ ਭਾਜਪਾ ਪ੍ਰਧਾਨ ਜਾਖੜ ਦੀ ਝੋਲੀ 'ਚ ਵੋਟਰਾਂ ਨੇ ਗੋਲ ਅੰਡਾ ਪਾਉਂਦਿਆਂ ਸਾਰੇ ਉਮੀਦਵਾਰਾਂ ਨੂੰ ਚੋਣ ਮੈਦਾਨ 'ਚ ਰੋਲ ਦਿੱਤਾ।ਸੂਬਾ ਆਗੂ ਜਸਕਰਨ ਬੰਦੇਸ਼ਾ ਨੇ ਪੰਜਾਬ ਭਾਜਪਾ ਦੇ ਵੋਟ ਬੈਂਕ ਵਧਣ ਦੇ ਅਖੌਤੀ ਦਾਅਵੇ ਦੀ ਫੂਕ ਕੱਢੀ ਅਤੇ ਕਿਹਾ ਕਿ ਭਾਜਪਾ ਦੇ ਵੋਟ ਬੈਂਕ ਦੀ ਪਹਿਲਾਂ ਚਰਚਾ ਤਿੰਨ ਸੀਟਾਂ ਤੱਕ ਸੀਮਤ ਰਹਿੰਦੀ ਸੀ ਅਤੇ ਭਾਜਪਾ ਦਾ ਬਾਕੀ 10 ਹਲਕਿਆਂ 'ਚ ਵੋਟ ਬੈਂਕ ਕਥਿਤ ਫਿਰਕੂ ਅਕਾਲੀ ਭਾਜਪਾ ਗਠਜੋੜ ਵੱਲੋਂ ਚੋਣ ਮੈਦਾਨ 'ਚ ਉਤਾਰੇ ਜਾਂਦੇ ਅਕਾਲੀ ਉਮੀਦਵਾਰਾਂ ਦੇ ਹੱਕ 'ਚ ਭੁਗਤ ਜਾਂਦਾ ਜਾਣ ਕਾਰਣ ਭਾਜਪਾ ਨੂੰ ਅਪਣਾ ਹੀ ਵੋਟ ਬੈਂਕ ਦਿਖਾਈ ਨਹੀਂ ਦਿੰਦਾ ਸੀ।ਪਰ ਹੁਣ ਭਾਜਪਾ ਵੱਲੋਂ ਸਾਰੇ 13 ਹਲਕਿਆਂ 'ਚ ਇਕੱਲਿਆਂ ਚੋਣ ਲੜਨ ਕਰਕੇ ਭਾਜਪਾ ਦੀਆਂ ਕੁੱਲ ਵੋਟਾਂ ਭਾਜਪਾ ਉਮੀਦਵਾਰਾਂ ਨੂੰ ਪੈਣ ਕਰਕੇ ਵੋਟ ਪ੍ਰਤੀਸ਼ਤ ਵਧਣ ਦਾ ਪੰਜਾਬ ਵਾਸੀਆਂ ਨੂੰ ਝਾਉਲਾ ਪਾ ਕੇ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ।ਜਿਸ ਦੇ ਮੱਦੇਨਜ਼ਰ ਪੰਜਾਬ ਭਾਜਪਾ ਦੇ ਪ੍ਰਧਾਨ ਜਾਖੜ ਦਾ ਸੂਝਵਾਨ ਪੰਜਾਬ ਵਾਸੀ ਮਜ਼ਾਕ ਉਡਾ ਰਹੇ ਹਨ। ਉਨ੍ਹਾਂ ਕਿਹਾ ਕਿ ਜਾਖੜ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਕੁਰਸੀ ਖੁੱਸਣ ਜਾਂ ਅਸਤੀਫਾ ਦੇਣ ਲਈ ਬੇਲੋੜਾ ਸ਼ੋਰ ਪ੍ਰਦੂਸ਼ਣ ਫੈਲਾਉਣ ਦੀ ਬਜਾਏ ਭਾਜਪਾ ਨੂੰ ਪੰਜਾਬ 'ਚ ਮਿਲੀ ਨਮੋਸ਼ੀਜਨਕ ਹਾਰ ਕਾਰਨ ਆਪਣੀ ਪ੍ਰਧਾਨਗੀ ਦੀ ਕੁਰਸੀ ਖੁੱਸਣ ਦੀਆਂ ਬਣ ਚੁੱਕੀਆਂ ਸੰਭਾਵਨਾਵਾਂ ਬਾਰੇ ਫ਼ਿਕਰ ਕਰਨਾ ਚਾਹੀਦਾ ਹੈ।ਸੂਬਾਈ ਬੁਲਾਰੇ ਜਸਕਰਨ ਨੇ ਆਏ ਚੋਣ ਨਤੀਜਿਆਂ ਦੇ ਹਵਾਲਿਆਂ ਨਾਲ ਸਪੱਸ਼ਟ ਕੀਤਾ ਕਿ ਕੇਂਦਰੀ ਸੱਤਾ 'ਚ ਪਿਛਲੇ 10 ਸਾਲਾਂ ਤੋਂ ਬਣੀ ਹੋਈ ਭਾਜਪਾ ਨੂੰ ਆਪਣੀਆਂ ਕਿਸਾਨ, ਮਜ਼ਦੂਰ, ਛੋਟੇ ਕਾਰੋਬਾਰੀ, ਗਰੀਬ ਮਾਰੂ ਨੀਤੀਆਂ ਤੋਂ ਇਲਾਵਾ ਫਿਰਕਾਪ੍ਰਸਤੀ, ਸਮਾਜਿਕ ਜ਼ਬਰ, ਵੰਡਵਾਦੀ, ਮਹਿੰਗਾਈ, ਬੇਰੁਜਗਾਰੀ ਨੂੰ ਪ੍ਰਚੰਡ ਕਰਕੇ ਲੋਕਾਂ ਦਾ ਕਚੂੰਮਰ ਕੱਢੇ ਜਾਣ ਤੇ ਦੇਸ਼ ਦੀ ਏਕਤਾ ਅਖੰਡਤਾ ਨੂੰ ਵੀ ਕਮਜ਼ੋਰ ਕੀਤੇ ਜਾਣ ਕਾਰਨ ਪੰਜਾਬ ਸਮੇਤ ਦੇਸ਼ ਭਰ ਚੋਂ ਹੰਕਾਰ ਭਰੇ 400 ਅੰਕੜੇ ਦਾ ਵੋਟਰਾਂ ਹੱਥੋਂ ਵੋਟ ਦੀ ਮਾਰ ਖਾਣੀ ਪਈ ਹੈ ਤੇ ਸਿਆਸੀ ਤੌਰ ਤੇ ਲੱਕ ਤੋੜ ਦਿੱਤਾ ਅਤੇ 240 ਤੱਕ ਸਿਮਟ ਕੇ ਭਾਜਪਾ ਨੂੰ ਹੋਰਨਾਂ ਪਾਰਟੀਆਂ ਦੀਆਂ ਪਹੁੜੀਆਂ/ਬੈਸਾਖੀਆਂ ਦੇ ਸਹਾਰੇ ਅਸਥਿਰ ਸਰਕਾਰ ਬਣਾਉਣ ਲਈ ਮਜਬੂਰ ਹੋਣਾ ਪਿਆ ਹੈ।ਜਲੰਧਰ 'ਚ ਵਿਧਾਨ ਸਭਾ ਹਲਕਾ ਪੱਛਮੀ ਦੀ ਹੋਣ ਜਾ ਰਹੀ ਚੋਣ ਤੇ ਪਾਰਟੀ ਵਲੋਂ ਆਪਣੀ ਰਾਏ ਦਰਜ ਕਰਵਾਉਂਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਾਈ ਕਮਾਨ ਵਲੋਂ ਸ੍ਰੀ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਏ ਜਾਣ ਦਾ ਫੈਸਲਾ ਸਵਾਗਤਯੋਗ ਹੈ ਅਤੇ ਇਸ ਚੋਣ ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪਾਰਟੀ ਉਮੀਦਵਾਰ ਮਹਿੰਦਰ ਭਗਤ ਵੋਟਰਾਂ ਦੇ ਫਤਵੇ ਨਾਲ ਸ਼ਾਨਦਾਰ ਜਿੱਤ ਹਾਸਲ ਕਰਨਗੇ।

# ਮੁਸਲਿਮ ਜਮਾਤ ਅਹਿਮਦੀਆ ਵੱਲੋਂ ਮੁਸਲਮਾਨ ਭਰਾਵਾਂ ਨੂੰ ਈਦ-ਉਲ-ਜ਼ੁਹਾ ਮੁਬਾਰਕ !



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਈਦ ਉਲ ਅਜ਼੍ਹਾ ਦੀ ਨਮਾਜ਼ ਅਦਾ ਕੀਤੀ ਗਈ।ਇਸ ਮੌਕੇ ਕਾਦੀਆਂ ਅਤੇ ਆਸ-ਪਾਸ ਦੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਏ ਈਦ ਅਦਾ ਕਰਨ ਲਈ ਪਹੁੰਚੇ।ਇਹ ਈਦ ਕੁਰਬਾਨੀ ਵਾਲੀ ਈਦ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ।ਹਜ਼ਰਤ ਇਬਰਾਹੀਮ ਅਲੈਹਿੱਸਲਾਮ ਅਤੇ ਆਪ ਦੀ ਪਤਨੀ ਹਜ਼ਰਤ ਹਾਜਰਾ ਅਤੇ ਬੇਟੇ ਹਜ਼ਰਤ ਇਸਮਾਈਲ ਦੀ ਕੁਰਬਾਨੀ ਦੀ ਯਾਦ ਵਿੱਚ ਅਸੀਂ ਈਦ ਕੁਰਬਾਨ ਮਨਾਉਂਦੇ ਹਾਂ ਅਤੇ ਹੱਜ ਅਦਾ ਕਰਦੇ ਹਾਂ।ਕੁਰਾਨ ਮਜੀਦ ਸਾਨੂੰ ਦੱਸਦਾ ਹੈ ਕਿ ਜ਼ਾਹਰੀ ਕੁਰਬਾਨੀ ਦਾ ਗੋਸ਼ਤ ਅਤੇ ਉਸਦਾ ਖ਼ੂਨ ਅੱਲ੍ਹਾ ਤੱਕ ਨਹੀਂ ਪਹੁੰਚਦਾ ਹੈ ਬਲਕਿ ਕੁਰਬਾਨੀ ਕਰਨ ਵਾਲੇ ਦੀ ਨੀਅਤ ਅਤੇ ਮੁਖਲੂਕੇ ਖ਼ੁਦਾ ਦੀ ਹਮਦਰਦੀ ਦੇ ਲਈ ਉਸ ਦੇ ਦਿਲੀ ਜਜ਼ਬੇ ਦਾ ਅਮਲੀ ਇਜ਼ਹਾਰ ਅੱਲ੍ਹਾ ਤੱਕ ਪਹੁੰਚਦਾ ਹੈ।ਇਹ ਈਦ ਹੱਜ ਅਤੇ ਜਾਨਵਰਾਂ ਦੀਆਂ ਕੁਰਬਾਨੀਆਂ ਇਹ ਕੇਵਲ ਜ਼ਾਹਰੀ ਕੁਰਬਾਨੀਆਂ ਨਹੀਂ ਹਨ।ਬਲਕਿ ਇਹ ਇੱਕ ਵੱਡੇ ਮਕਸਦ ਵੱਲ ਧਿਆਨ ਦਿਵਾਉਂਦੇ ਹਨ।ਈਦ ਉਲ ਅਜ਼ਹਾ ਦੇ ਇਨ੍ਹਾਂ ਪਵਿੱਤਰ ਦਿਨਾਂ ਵਿਚ ਮੁਸਲਮਾਨ ਇਹ ਅਹਿਦ ਕਰਦੇ ਹਨ ਕਿ ਜਿਸ ਤਰ੍ਹਾਂ ਅਸੀਂ ਜ਼ਾਹਰੀ ਕੁਰਬਾਨੀ ਕੀਤੀ ਹੈ ਉਸੇ ਤਰ੍ਹਾਂ ਅਸੀਂ ਅੱਲ੍ਹਾ ਦੇ ਹੱਕਾਂ ਦੀ ਅਦਾਇਗੀ ਅਤੇ ਮਖ਼ਲੂਕ ਖ਼ੁਦਾ ਦੀ ਹਮਦਰਦੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇ ਲਈ ਤਿਆਰ ਰਹਾਂਗੇ।ਈਦ ਦੇ ਇਸ ਮੌਕੇ ਮੁਸਲਿਮ ਜਮਾਤ ਅਹਿਮਦੀਆ ਭਾਰਤ ਦਾ ਇਹੀ ਸੰਦੇਸ਼ ਹੈ ਕਿ ਜੇਕਰ ਅਸੀਂ ਆਪਣੀਆਂ ਖ਼ਾਹਿਸ਼ਾਂ ਨੂੰ ਕੁਰਬਾਨ ਕਰਕੇ ਬਿਨਾਂ ਧਾਰਮਿਕ ਭੇਦਭਾਵ ਦੇ ਦੂਸਰਿਆਂ ਦੇ ਹੱਕਾਂ ਦੀ ਅਦਾਇਗੀ ਨੂੰ ਆਪਣਾ ਫ਼ਰਜ਼ ਸਮਝ ਲਵਾਂਗੇ ਤਾਂ ਈਦ ਮਨਾਉਣ ਦਾ ਸਾਡਾ ਮਕਸਦ ਪੂਰਾ ਹੋਵੇਗਾ। ਇਸ ਮੌਕੇ ਮੁਸਲਿਮ ਜਮਾਤ ਅਹਿਮਦੀਆ ਦੇ ਪ੍ਰੈੱਸ ਸਕੱਤਰ ਭਾਰਤ ਕੇ ਤਾਰਿਕ ਅਹਿਮਦ ਨੇ ਦੱਸਿਆ ਕਿ ਇਸ ਮੌਕੇ ਲੰਗਰ ਖਾਨਾ ਹਜ਼ਰਤ ਮਸੀਹ ਮਾਊਦ ਅਲੈਹਸਲਾਮ ਵੱਲੋਂ ਆਏ ਮਹਿਮਾਨਾਂ ਲਈ ਵਿਸ਼ੇਸ਼ ਦਾਅਵਤ ਦਾ ਪ੍ਰਬੰਧ ਵੀ ਕੀਤਾ ਗਿਆ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਦਸ ਦਿਨਾ ਸਮਰ ਕੈਂਪ ਆਯੋਜਿਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ ਤਰਨਤਾਰਨ ਜ਼ੋਨ ਦੇ ਖੇਤਰ ਅਜਨਾਲਾ ਵੱਲੋਂ ਪ੍ਰਚਾਰਕ ਹਰਪ੍ਰਤਾਪ ਸਿੰਘ ਅਜਨਾਲਾ ਦੁਆਰਾ ਪਿੰਡ ਛੀਨਾ ਕਰਮ ਸਿੰਘ ਵਿਖੇ ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰੀ ਲਈ ਗਿਆਨ ਅੰਜਨ ਸਮਰ ਕੈਂਪ ਲਗਾਇਆ ਗਿਆ ਜੋ 7 ਜੂਨ ਤੋਂ 16 ਜੂਨ ਤੱਕ ਚੱਲਿਆ, ਜਿਸ ਵਿੱਚ ਬੱਚਿਆਂ ਨੂੰ ਮੁੱਢਲੇ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ ਗਈ, ਖੇਡ-ਖੇਡ ਦੁਆਰਾ ਲਿਖਤੀ ਐਕਟੀਵਿਟੀਜ਼ ਨਾਲ ਸਿੱਖੀ ਦੀ ਜਾਣਕਾਰੀ ਅਤੇ ਪੰਜਾਬ ਲੋਕ ਖੇਡਾਂ ਕਾਰਵਾਈਆਂ ਗਈਆਂ।ਸਮਾਪਤੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਟੱਡੀ ਸਰਕਲ ਦੇ ਚੇਅਰਮੈਨ ਭਾਈ ਬਲਜੀਤ ਸਿੰਘ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ।ਬੱਚਿਆਂ ਨੂੰ ਗੁਰਮਿਤ ਅਨੁਸਾਰ ਉਚਾ ਸਮਾਜਿਕ ਜੀਵਨ ਜਿਊਣ, ਸਮਾਜਿਕ ਬੁਰਾਈਆਂ ਤੋਂ ਬਚ ਕੇ ਸਮਾਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਤ ਕੀਤਾ।50 ਬੱਚਿਆਂ ਨੂੰ ਮੈਡਲ, ਸ਼ੀਲਡਾਂ ਅਤੇ ਭੇਟਾ ਰਹਿਤ ਧਾਰਮਿਕ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ।ਆਏ ਬੱਚਿਆਂ ਅਤੇ ਮਾਪਿਆਂ ਨੂੰ 100 ਪੌਦੇ ਵੰਡੇ ਗਏ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਯੂਨਿਟ ਛੀਨਾ ਕਰਮ ਸਿੰਘ ਪਿੰਡ ਦੇ ਪ੍ਰਧਾਨ ਗੁਰਲਾਲ ਸਿੰਘ ਛੀਨਾ, ਸਕੱਤਰ ਆਕਾਸ਼ਦੀਪ ਸਿੰਘ, ਸੁਖਮਨਦੀਪ ਸਿੰਘ, ਦਿਲਪ੍ਰੀਤ ਸਿੰਘ ਅਤੇ ਗੁਰਜੀਤ ਸਿੰਘ ਨੌਜਵਾਨਾਂ ਪੂਰਨ ਸਹਿਯੋਗ ਕਰਕੇ ਕੈਂਪ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਦਿੱਤਾ।ਚਾਹ ਪਾਣੀ ਦਾ ਲੰਗਰ ਲਗਾਇਆ ਗਿਆ।ਪ੍ਰਬੰਧ ਦੀ ਜ਼ਿੰਮੇਵਾਰੀ ਉਪਰੋਕਤ ਵੀਰਾਂ ਨਿਭਾਈ।ਗੁਰਲਾਲ ਸਿੰਘ ਛੀਨਾ ਨੇ ਧੰਨਵਾਦ ਕਰਦਿਆਂ ਕਿਹਾ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਦਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਉਪਰਾਲਾ ਸ਼ਲਾਘਾਯੋਗ ਹੈ। ਪੌਦੇ ਲਗਾਉਣ ਨਾਲ ਵਾਤਾਵਰਣ ਹਰਿਆ ਭਰਿਆ ਰਹੇਗਾ । ਆਏ ਮਹਿਮਾਨਾਂ ਨੂੰ ਯਾਦਗਾਰੀ ਮੀਮੈਂਟੋ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਕੀਤੀ ਜਾਵੇਗੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ : ਪੰਡੋਰੀ



**ਤਰਨ ਤਾਰਨ, (ਐੱਸ. ਐੱਸ. ਸੰਧਾ)**-31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਨ 'ਤੇ ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਮਾਈ ਭਾਗੋ ਦੇ ਨਗਰ ਝਬਾਲ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹਾ ਕਨਵੀਨਰ ਅਮਰਜੀਤ ਸਿੰਘ ਕੋਟਲੀ, ਕਰਮ ਸਿੰਘ ਪੰਡੋਰੀ, ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਨਰਿੰਦਰ ਸਿੰਘ ਰਟੋਲ ਨੇ ਅੱਜ ਵੱਖ-ਵੱਖ ਪਿੰਡਾਂ ਰਟੋਲ, ਕੋਟਲੀ, ਸੇਰੋਂ ਠੱਠੀ ਖਾਹਰਾ, ਮੀਆਂਪੁਰ, ਮੱਝੂਪੁਰ ਆਦਿ ਪਿੰਡਾਂ 'ਚ ਸੰਪਰਕ ਮੁਹਿੰਮ ਰਾਹੀਂ ਇਹ ਜਾਣਕਾਰੀ ਦਿੱਤੀ।ਇਨ੍ਹਾਂ ਆਗੂਆਂ ਨੇ ਕਿਹਾ ਕਿ ਪਿੰਡਾਂ 'ਚ ਮਸ਼ੀਨਰੀ ਆਉਣ ਨਾਲ ਮਜ਼ਦੂਰਾਂ ਨੂੰ ਪਿੰਡਾਂ 'ਚ ਕੰਮ ਨਹੀਂ ਮਿਲ ਰਿਹਾ ਜਿਸ ਕਰਕੇ 100 ਦਿਨ ਗਰੰਟੀ ਕਾਨੂੰਨ ਮਨਰੇਗਾ ਸਕੀਮ ਤਹਿਤ ਪਾਰਦਰਸ਼ੀ ਢੰਗ ਨਾਲ ਕੰਮ ਨਹੀਂ ਮਿਲ ਰਿਹਾ ।ਮਨਰੇਗਾ ਦਾ ਮਿਹਨਤਾਨਾ ਮਹਿੰਗਾਈ ਦੇ ਹਿਸਾਬ ਨਾਲ ਬਹੁਤ ਘੱਟ ਹੈ ।ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਘੱਟ-ਘੱਟ ਸੱਤ ਸੌ ਰੁਪਏ ਕੀਤੀ ਜਾਵੇ ਅਤੇ ਸਾਰਾ ਸਾਲ (365 ਦਿਨ) ਕੰਮ ਦਿੱਤਾ ਜਾਵੇ ।ਹਰ ਵਰਕਰ ਦਾ ਮਿਹਨਤਾਨਾ ਸਮੇਂ ਸਿਰ ਉਨ੍ਹਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ।ਹਰ ਹਫਤੇ ਬਾਅਦ ਛੁੱਟੀ ਦਿੱਤੀ ਜਾਵੇ ਅਤੇ ਇਲਾਜ ਦੀ ਸੁਵਿਧਾ ਈਐੱਸਆਈ. ਰਾਹੀਂ ਕੀਤੀ ਜਾਵੇ।ਬੱਚਿਆਂ ਦੀ ਪੜ੍ਹਾਈ ਦਾ ਖਾਸ ਪ੍ਰਬੰਧ ਕੀਤਾ ਜਾਵੇ ।ਇਸ ਮੌਕੇ ਕੁਲਦੀਪ ਸਿੰਘ ਰਟੋਲ, ਅੰਗਰੇਜ਼ ਸਿੰਘ ਕੋਟਲੀ, ਗੁਰਭੇਜ ਸਿੰਘ ਸੇਰੋ, ਗੁਰਪ੍ਰੀਤ ਸਿੰਘ ਠੱਠੀ ਖਾਹਰਾ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਅਮਰੀਕ ਸਿੰਘ ਠੱਠੀ ਖਾਹਰਾ ਅਤੇ ਗੁਰਜੰਟ ਸਿੰਘ ਮੱਝੂਪੁਰ ਆਦਿ ਹਾਜ਼ਰ ਸਨ ।

ਨਵਾਂ ਜ਼ਮਾਨਾ

ਮੰਗਲਵਾਰ, 18 ਜੂਨ 2024

# ਦਾਲ 'ਚ ਕੁਝ ਕਾਲਾ ਹੈ

*ਟੈਸਲਾ ਤੇ ਸਪੇਸਐਕਸ ਦੇ ਚੀਫ ਐਲੋਨ ਮਸਕ ਵੱਲੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ ਵੀ ਐੱਮ) ਦੇ ਹੈਕਿੰਗ ਬਾਰੇ ਦਿੱਤੇ ਬਿਆਨ ਤੋਂ ਬਾਅਦ ਇਕ ਵਾਰ ਫਿਰ ਇਸ ਸੰਬੰਧੀ ਵਿਵਾਦ ਸ਼ੁਰੂ ਹੋ ਗਿਆ ਹੈ। ਐਲੋਨ ਮਸਕ ਨੇ 15 ਜੂਨ ਨੂੰ ਐੱਕਸ ਉੱਤੇ ਲਿਖਿਆ ਸੀ, "ਸਾਨੂੰ ਈ ਵੀ ਐੱਮ ਮਸ਼ੀਨਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਇਨਸਾਨਾਂ ਜਾਂ ਏ ਆਈ ਰਾਹੀਂ ਹੈਕ ਕੀਤੇ ਜਾਣ ਦਾ ਖਤਰਾ ਹਾਲਾਂਕਿ ਛੋਟਾ ਹੈ, ਫਿਰ ਵੀ ਬਹੁਤ ਵੱਡਾ ਹੈ।"*

*ਭਾਰਤ ਵਿੱਚ ਚੋਣਾਂ ਈ ਵੀ ਐੱਮ ਰਾਹੀਂ ਹੁੰਦੀਆਂ ਹਨ। ਹਰ ਚੋਣ ਤੋਂ ਬਾਅਦ ਈ ਵੀ ਐੱਮ ਦੀ ਭਰੋਸੇਯੋਗਤਾ ਉੱਤੇ ਸਵਾਲ ਉਠਦੇ ਰਹੇ ਹਨ। ਮੌਜੂਦਾ ਚੋਣਾਂ ਵਿੱਚ ਵੀ ਵਿਰੋਧੀ ਪਾਰਟੀਆਂ ਦੇ ਆਗੂ ਆਪਣਾ ਸ਼ੱਕ ਪ੍ਰਗਟ ਕਰ ਰਹੇ ਹਨ। ਸਿਰਫ ਇੱਕੋ-ਇੱਕ ਪਾਰਟੀ ਭਾਜਪਾ ਹੈ, ਜਿਸ ਨੂੰ ਈ ਵੀ ਐੱਮ 'ਤੇ ਆਪਣੇ ਨਾਲੋਂ ਵੀ ਵੱਧ ਭਰੋਸਾ ਹੈ। ਇਹੋ ਕਾਰਨ ਹੈ ਕਿ ਚੋਣ ਨਤੀਜੇ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਅੰਗਾਤਮਕ ਲਹਿਜ਼ੇ ਵਿੱਚ ਬਿਆਨ ਦਿੱਤਾ ਸੀ, "ਈ ਵੀ ਐੱਮ ਮਰ ਗਈ ਹੈ ਕਿ ਜ਼ਿੰਦਾ ਹੈ।"*

*ਜਦੋਂ ਭਾਜਪਾ ਵਿਰੋਧੀ ਧਿਰ ਵਿੱਚ ਹੁੰਦੀ ਸੀ, ਉਦੋਂ ਉਸ ਨੂੰ ਵੀ ਈ ਵੀ ਐੱਮ ਉੱਤੇ ਭਰੋਸਾ ਨਹੀਂ ਹੁੰਦਾ ਸੀ। ਚੋਣ ਮਾਹਰ ਤੇ ਭਾਜਪਾ ਆਗੂ ਜੇ ਵੀ ਐੱਲ ਨਰਸਿਮਹਾ ਰਾਓ ਨੇ ਤਾਂ ਇਸ ਸੰਬੰਧੀ 'ਡੈਮੋਕਰੇਸੀ ਐਟ ਰਿਸਕ' ਨਾਮੀ ਲੇਖ ਲਿਖ ਕੇ ਆਪਣਾ ਵਿਰੋਧ ਪ੍ਰਗਟਾਇਆ ਸੀ। ਨਾਗਰਿਕ ਸਮਾਜ ਤਾਂ ਸ਼ੁਰੂ ਤੋਂ ਹੀ ਇਹ ਸਵਾਲ ਚੁੱਕਦਾ ਰਿਹਾ ਹੈ। ਮਾਮਲਾ ਸੁਪਰੀਮ ਕੋਰਟ ਵਿੱਚ ਵੀ ਪੁੱਜਾ, ਪ੍ਰੰਤੂ ਸ਼ੱਕ ਦੂਰ ਨਹੀਂ ਕੀਤੇ ਗਏ।*

*ਲੋਕਤੰਤਰ ਵਿੱਚ ਭਰੋਸੇ ਦਾ ਬਹੁਤ ਮਹੱਤਵ ਹੁੰਦਾ ਹੈ। ਚੋਣ ਪ੍ਰਕ੍ਰਿਆ ਉੱਤੇ ਵਾਰ-ਵਾਰ ਸ਼ੱਕ ਹੋਣਾ ਲੋਕਤੰਤਰ ਦੇ ਹਿੱਤ ਵਿੱਚ ਨਹੀਂ ਹੈ। ਲੋਕਤੰਤਰ ਉਹ ਵਿਵਸਥਾ ਹੈ, ਜਿਸ ਦੀ ਬੁਨਿਆਦ ਵਿਸ਼ਵਾਸ ਹੁੰਦੀ ਹੈ। ਵਿਸ਼ਵਾਸ ਦੀ ਅਣਹੋਂਦ ਲੋਕਤੰਤਰ ਨੂੰ ਤਹਿਸ-ਨਹਿਸ ਕਰ ਦਿੰਦੀ ਹੈ।*

*ਭਾਰਤ ਵਿੱਚ ਮੱਧ ਵਰਗ ਦੀ ਥਾਂ ਗਰੀਬ ਲੋਕਾਂ ਦੀ ਲੋਕਤੰਤਰ ਵਿੱਚ ਡੂੰਘੀ ਆਸਥਾ ਹੈ। ਇਹ ਲੋਕ ਲੋਕਤੰਤਰਿਕ ਸਰਕਾਰ ਤੋਂ ਆਪਣੇ ਕਲਿਆਣ ਦੀ ਉਮੀਦ ਰੱਖਦੇ ਹਨ। ਇਸੇ ਕਾਰਨ ਉਹ ਚੋਣ ਪ੍ਰਕ੍ਰਿਆ ਵਿੱਚ ਜੀ-ਜਾਨ ਨਾਲ ਭਾਗ ਲੈਂਦੇ ਹਨ। ਇਸ ਲਈ ਚੋਣ ਪ੍ਰਕ੍ਰਿਆ ਦੀ ਭਰੋਸੇਯੋਗਤਾ ਵੋਟਰ ਦੀ ਲੋਕਤੰਤਰ ਪ੍ਰਤੀ ਆਸਥਾ ਲਈ ਬੇਹੱਦ ਜ਼ਰੂਰੀ ਹੈ।*

*ਈ ਵੀ ਐੱਮ ਰਾਹੀਂ ਚੋਣ ਪ੍ਰਕ੍ਰਿਆ ਬਾਰੇ ਸ਼ੰਕਿਆਂ ਦਾ ਕੋਈ ਠੋਸ ਹੱਲ ਕੱਢਿਆ ਜਾਣਾ ਬੇਹੱਦ ਜ਼ਰੂਰੀ ਹੈ। ਸੱਤਾਧਾਰੀ ਧਿਰ ਦੀ ਅੜੀ ਇਸ ਪ੍ਰੀਕ੍ਰਿਆ ਨੂੰ ਹੋਰ ਸ਼ੱਕੀ ਬਣਾਉਂਦੀ ਹੈ। ਇਸ ਕਰਕੇ ਐਲੋਨ ਮਸਕ ਦਾ ਬਿਆਨ ਭਾਜਪਾ ਨੂੰ ਪਸੰਦ ਨਹੀਂ ਆਇਆ। ਉਸ ਨੇ ਸਾਬਕਾ ਮੰਤਰੀ ਰਾਜੀਵ ਚੰਦਰਸ਼ੇਖਰ ਰਾਹੀਂ ਇਸ ਦਾ ਜਵਾਬ ਦਿੱਤਾ ਹੈ। ਉਸ ਨੇ ਐੱਕਸ ਉੱਤੇ ਲਿਖਿਆ ਹੈ, "ਇਹ ਇੱਕ ਚਲਦਾ-ਫਿਰਦਾ ਬਿਆਨ ਹੈ। ਇਸ ਦਾ ਅਰਥ ਇਹ ਹੈ ਕਿ ਕੋਈ ਵੀ ਡਿਜੀਟਲ ਹਾਰਡਵੇਅਰ ਨਹੀਂ ਬਣਾ ਸਕਦਾ। ਗਲਤ...ਈ ਵੀ ਐੱਮ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਜਾਵੇ, ਜਿਵੇਂ ਭਾਰਤ ਕਰ ਰਿਹਾ ਹੈ। ਸਾਨੂੰ ਇੱਕ ਟਿਊਟੋਰੀਅਲ ਚਲਾਉਣ ਵਿੱਚ ਖ਼ੁਸ਼ੀ ਹੋਵੇਗੀ, ਐਲੋਨ।" ਯਾਨਿ ਚੰਦਰਸ਼ੇਖਰ ਨੇ ਐਲੋਨ ਮਸਕ ਦਾ ਮਖੌਲ ਉਡਾਉਂਦਿਆਂ ਕਿਹਾ ਹੈ ਕਿ ਉਹ ਉਸ ਨੂੰ ਇਸ ਮਾਮਲੇ ਵਿੱਚ ਟਿਊਸ਼ਨ ਦੇ ਸਕਦਾ ਹੈ।*

*ਭਾਰਤ ਵਿੱਚ ਈ ਵੀ ਐੱਮ ਸਮੁੱਚੇ ਲੋਕਾਂ ਦੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਬਹੁਤ ਸਾਰੇ ਐੱਨ ਜੀ ਓ ਇਸ ਨੂੰ ਅਦਾਲਤ ਵਿੱਚ ਲੈ ਕੇ ਗਏ ਹਨ। ਇਨ੍ਹਾਂ ਸਭ ਨੂੰ ਸ਼ੱਕ ਹੈ ਕਿ ਸੱਤਾਧਾਰੀ ਦਲ ਜਿੱਤਣ ਲਈ ਈ ਵੀ ਐੱਮ ਵਿੱਚ ਜ਼ਰੂਰ ਕੋਈ ਗੜਬੜ ਕਰਦਾ ਹੈ। ਚੰਦਰਸ਼ੇਖਰ ਦਾ ਬਿਆਨ ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰਦਾ ਹੈ। ਲੋਕ ਸੋਚਦੇ ਹਨ ਕਿ ਈ ਵੀ ਐੱਮ ਦੀ ਥਾਂ ਵੋਟਾਂ ਬੈਲਟ ਪੇਪਰ ਰਾਹੀਂ ਕਰਾਉਣ ਤੋਂ ਭਾਜਪਾ ਭੱਜਦੀ ਕਿਉਂ ਹੈ? ਇਹੋ ਗੱਲ ਇਸ ਧਾਰਨਾ ਨੂੰ ਮਜ਼ਬੂਤ ਕਰਦੀ ਹੈ ਕਿ 'ਦਾਲ 'ਚ ਕੁਝ ਕਾਲਾ' ਜ਼ਰੂਰ ਹੈ।*

# ਕੀ ਕਹਿੰਦੇ ਅਜੀਬ ਚੋਣ ਨਤੀਜੇ ਤੇ ਕੀ ਨੇ ਸੰਭਾਵਨਾਵਾਂ



ਡਾ. ਸੁਰਿੰਦਰ ਮੰਡ (ਪ੍ਰੋਫੈਸਰ)

ਨਤੀਜਿਆਂ ਨੂੰ ਵੇਖ-ਵੇਖ ਦੋਵੇਂ ਧਿਰਾਂ ਹੀ ਬਾਹਰੋਂ ਖੁਸ਼ ਹੋਣ ਦਾ ਵਿਖਾਵਾ ਕਰ ਰਹੀਆਂ ਤੇ ਅੰਦਰੋਂ ਦੁਖੀ ਵੀ ਨੇ। 2024 ਦੀ ਪਾਰਲੀਮੈਂਟ ਚੋਣ ਵਿਚ ਬਰਾਬਰ ਦੀ ਟੱਕਰ ਉਪਰੰਤ ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਵਿਚ ਸਫਲ ਰਹੇ ਹਨ। 2014 ਵਿਚ 282, 2019 ਵਿਚ 303 ਅਤੇ ਇਸ ਵਾਰ ਭਾਰਤੀ ਜਨਤਾ ਪਾਰਟੀ ਨੇ 240 ਸੀਟਾਂ ਜਿੱਤੀਆਂ ਅਤੇ ਐੱਨ ਡੀ ਏ ਭਾਈਵਾਲਾਂ ਨਾਲ ਮਿਲ ਕੇ ਗੱਠਜੋੜ ਸਰਕਾਰ ਬਣਾਈ ਹੈ। ਹੁਣ ਇਕੱਲਾ ਮੋਦੀ ਖੁਦ ਹੀ ਪੂਰੀ ਭਾਜਪਾ ਵਰਗੀ ਹੈਸੀਅਤ ਰੱਖਦਾ ਹੈ। ਮੋਦੀ ਦੀ ਗਰੰਟੀ ਉੱਤੇ ਹੀ ਚੋਣ ਲੜੀ ਗਈ। ਲੀਡਰ ਚੁਣੇ ਜਾਣ ਵਾਲੀ ਮੀਟਿੰਗ ਵਿਚ ਭਾਸ਼ਣ ਕਰਦਿਆਂ ਮੋਦੀ ਨੇ ਭਾਜਪਾ ਦਾ ਕੋਈ ਨਾਂਅ ਨਾ ਲਿਆ। ਯੂ.ਪੀ ਅਤੇ ਅਯੁੱਧਿਆ ਦੀ ਕਰਾਰੀ ਹਾਰ ਉਪਰੰਤ ਹੁਣ ਭਾਜਪਾ ਨੇ 'ਜੈ ਸ੍ਰੀ ਰਾਮ' ਦਾ ਨਾਹਰਾ ਲਾਉਣਾ ਬੰਦ ਕਰ ਦਿੱਤਾ ਹੈ। ਹੁਣ ਮੋਦੀ 'ਜੈ ਜਗਨਨਾਥ' ਦਾ ਨਾਹਰਾ ਲਾਉਂਦੇ ਹਨ, ਉੜੀਸਾ 'ਚੋਂ ਜਿੱਤੇ ਹੋਣ ਕਰਕੇ। ਜਗਨਨਾਥ ਮੰਦਰ, ਜਿਸ ਵਿਚ ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕ ਸਦੀਆਂ ਤੋਂ ਜਗਨਨਾਥ ਦੀਆਂ ਮੂਰਤੀਆਂ ਦੇ ਦਰਸ਼ਨ ਕਰਨ ਲਈ ਅੰਦਰ ਨਹੀਂ ਸੀ ਜਾ ਸਕਦੇ, ਬਾਹਰੋਂ ਮੋਰੀਆਂ ਵਿਚੋਂ ਦੀ ਹੀ ਦਰਸ਼ਨ ਕਰ ਸਕਦੇ ਸਨ। 15-20 ਸਾਲ ਪਹਿਲਾਂ ਬੜਾ ਵਾਵੇਲਾ ਮਚਿਆ ਸੀ, ਜਦ ਅਦਾਲਤ ਦੇ ਹੁਕਮ ਨਾਲ ਪ੍ਰਸ਼ਾਸ਼ਨ ਨੇ ਸਭ ਲੋਕ ਅੰਦਰ ਵਾੜੇ ਤਾਂ ਪੁਜਾਰੀ ਮਗਰੋਂ ਮੰਦਰ ਨੂੰ ਦੁੱਧ ਨਾਲ ਧੋ ਕੇ ਸੁੱਚਾ ਕਰਨ ਲੱਗ ਪਏ।

ਇਹ ਖਬਰਾਂ ਉੱਡੀਆਂ ਸਨ ਕਿ ਜੇ ਇਸ ਵਾਰ ਸੀਟਾਂ ਘੱਟ ਆਈਆਂ ਤਾਂ ਪਾਰਟੀ/ਆਰ ਐੱਸ ਐੱਸ ਮੋਦੀ ਦੀ ਥਾਂ ਨਿਤਿਨ ਗਡਕਰੀ ਵਰਗੇ ਨੂੰ ਅੱਗੇ ਲਾ ਸਕਦੀ ਹੈ। ਕੋਸ਼ਿਸ਼ਾਂ ਹੋਈਆਂ ਸੁਣੀਆਂ, ਪਰ ਮੋਦੀ ਨੇ ਪਹਿਲਾਂ ਭਾਜਪਾ ਸੰਸਦੀ ਦਲ ਵੱਲੋਂ ਨੇਤਾ ਚੁਣੇ ਜਾਣ ਦੀ ਰਵਾਇਤ ਤੋੜਦਿਆਂ ਸਿੱਧੀ ਹੀ ਸਾਂਝੀ ਐੱਨ.ਡੀ.ਏ ਦੀ ਮੀਟਿੰਗ ਵਿਚ ਆਪਣੀ ਚੋਣ ਕਰਵਾ ਲਈ ਤੇ ਪਾਰਟੀ ਅੰਦਰਲੀਆਂ ਵਿਰੋਧੀ ਸੁਰਾਂ ਨੂੰ ਉੱਠਣ ਦਾ ਮੌਕਾ, ਮਾਹੌਲ ਹੀ ਨਹੀਂ ਦਿੱਤਾ।

'ਇੰਡੀਆ ਗਠਜੋੜ' 234 ਸੀਟਾਂ ਜਿੱਤ ਕੇ ਜਿੱਤ ਤੋਂ ਜ਼ਰਾ ਪਛੜ ਗਿਆ, ਪਰ ਮੈਂ ਸਮਝਦਾਂ ਕਿ ਆਪਣੀਆਂ ਨਾਲਾਇਕੀਆਂ ਅਤੇ ਸੁਭਾਅ, ਕਿਰਦਾਰ ਕਰਕੇ ਪੱਛੜਿਆ। ਇਹਨਾਂ ਦੀਆਂ ਸੁਸਤੀਆਂ ਤੇ ਤਿਕੜਮਬਾਜ਼ੀਆਂ ਨੇ ਹੀ ਬਿਹਾਰੀ ਨਿਤੀਸ਼ ਨੂੰ ਮੋਦੀ ਖੇਮੇ ਵੱਲ ਜਾਣ 'ਚ ਵੱਡੀ ਭੂਮਿਕਾ ਨਿਭਾਈ। ਉਸ ਦੇ 'ਇੰਡੀਆ ਗਠਜੋੜ' ਦਾ ਸੰਯੋਜਕ ਬਣਨ ਵਿਚ ਰੁਕਾਵਟ ਪਾਉਣ ਵਾਲਿਆਂ ਨੇ ਇਤਿਹਾਸਕ ਗਲਤੀ ਕੀਤੀ ਹੈ। ਹੁਣ ਨਿਤੀਸ਼ ਕਿਵੇਂ ਯਕੀਨ ਕਰੇ ਕਿ ਜਿਹੜੇ ਮੈਨੂੰ ਸੰਯੋਜਕ ਬਣਾਉਣ ਉੱਤੇ ਛੜੀਆਂ ਮਾਰਨ ਲੱਗ ਪਏ ਸਨ, ਉਹ ਹੁਣ ਪ੍ਰਧਾਨ ਮੰਤਰੀ ਬਣਾਉਣ ਲਈ ਸੁਹਿਰਦ ਹੋਣਗੇ? ਜਦ ਉੜੀਸਾ ਵਾਲਾ ਨਵੀਨ ਪਟਨਾਇਕ ਭਾਜਪਾ ਨਾਲ ਸਿੱਧੇ ਮੁਕਾਬਲੇ 'ਚ ਆ ਗਿਆ ਸੀ ਤਾਂ ਕਾਂਗਰਸ ਕਿਸੇ ਵੀ ਕੀਮਤ ਉੱਤੇ ਨਵੀਨ ਨਾਲ ਗੱਠਜੋੜ ਕਰ ਲੈਂਦੀ ਤਾਂ ਓਥੇ ਇਹਨਾਂ ਦੀਆਂ ਭਾਜਪਾ ਨਾਲੋਂ ਦਸ ਫੀਸਦੀ ਵੋਟਾਂ ਵੱਧ ਹੁੰਦੀਆਂ। ਆਂਧਰਾ ਵਾਲਾ ਮੁੱਖ ਮੰਤਰੀ ਰੈਡੀ ਤਾਂ ਕਾਂਗਰਸ ਦੇ ਆਪਣੇ ਮੁੱਖ ਮੰਤਰੀ ਰਹੇ ਵਾਈ ਐੱਸ ਆਰ ਰੈਡੀ ਦਾ ਮੁੰਡਾ ਸੀ, ਜਿਸ ਨੂੰ ਇਹ ਗੋਦ 'ਚ ਖਿਡਾਉਂਦੇ ਰਹੇ, ਉਸ ਨਾਲ ਕਿਸੇ ਵੀ ਕੀਮਤ ਉੱਤੇ ਸਮਝੌਤਾ ਕਰ ਲੈਂਦੇ, ਪਰ ਆਂਧਰਾ, ਉੜੀਸਾ (46 ਸੀਟਾਂ) ਨੂੰ ਘੋਰ ਸਿਆਸੀ ਨਾਸਮਝੀ ਵਿਖਾਉਂਦਿਆਂ ਅਣਗੌਲਿਆ ਕੀਤਾ ਗਿਆ। ਸਮੇ ਸਿਰ ਤਾਂ ਕੋਈ ਕੋਸ਼ਿਸ਼ ਨਾ ਕੀਤੀ ਤੇ ਨਤੀਜਿਆਂ ਉਪਰੰਤ ਨਿਤੀਸ਼/ਨਵੀਨ/ਰੈਡੀ ਬਾਰੇ ਬੇਫਾਇਦਾ 'ਕੁਵੇਲੇ ਦੀਆਂ ਟੱਕਰਾਂ' ਮਾਰਦੇ ਰਹੇ। ਅੱਜ ਵੀ ਨਿਤੀਸ਼/ਨਵੀਨ ਬਾਰੇ ਸੰਭਲ ਕੇ ਬੋਲਣ ਦੀ ਘਾਟ ਦਿੱਸ ਰਹੀ ਹੈ।

'ਇੰਡੀਆ ਗਠਜੋੜ' ਵਿਚੋਂ ਭਵਿੱਖ ਲਈ ਅਖਿਲੇਸ਼ ਯਾਦਵ ਹੀ ਸਭ ਤੋਂ ਵੱਧ ਸਬਰ, ਤਹੱਮਲ ਵਾਲਾ ਬੇਦਾਗ ਦਲੇਰ ਟਿਕਾਊ ਸਿਆਣਾ, ਵੱਡੇ ਅਹੁਦੇ ਲਈ ਯੋਗ ਲੀਡਰ ਦਿੱਸਦਾ ਹੈ। ਅਖਿਲੇਸ਼ ਨੇ ਆਪਣੇ ਦਮ 'ਤੇ ਯੂ ਪੀ ਵਿਚ 43 (37+6) ਸੀਟਾਂ ਜਿਤਾਈਆਂ। ਕਾਂਗਰਸ ਨੇ ਜ਼ਿਦ ਕੇ 18 ਲਈਆਂ ਤੇ 6 ਜਿੱਤੀਆਂ। ਇਵੇਂ ਪਹਿਲਾਂ ਬਿਹਾਰ ਵਿਚ ਤੇਜਸਵੀ ਯਾਦਵ ਕੋਲੋਂ ਜਿਦ ਕਰਕੇ 70 ਸੀਟਾਂ ਲਈਆਂ ਤੇ 19 ਜਿੱਤੀਆਂ ਸਨ, ਜਿਸ ਕਰਕੇ ਓਥੇ ਨਿਤੀਸ਼/ਭਾਜਪਾ 5 ਸੀਟਾਂ ਵੱਧ ਹੋਣ ਕਰਕੇ ਰਾਜ ਕਰ ਰਹੇ ਨੇ। ਕਾਂਗਰਸ ਨੂੰ ਦੇਸ਼ ਹਿੱਤ ਵਿਚ ਆਪਣਾ ਇਹ ਵਤੀਰਾ ਬਦਲਣਾ ਪਵੇਗਾ ਅਤੇ ਭਾਜਪਾ ਨਾਲ ਆਪਣੇ ਸਿੱਧੇ ਮੁਕਾਬਲੇ ਵਾਲੇ ਰਾਜਾਂ ( ਗੁਜਰਾਤ,ਮੱਧ ਪ੍ਰਦੇਸ, ਛੱਤੀਸਗੜ੍ਹ,ਉਤਰਾਖੰਡ, ਹਿਮਾਚਲ, ਰਾਜਸਥਾਨ, ਕਰਨਾਟਕ, ਤਿਲੰਗਾਨਾ ਆਦਿ) ਵਿਚ ਜ਼ਮੀਨੀ ਲੋਕ ਮੁੱਦਿਆਂ ਉੱਤੇ ਕੇਂਦਰਤ ਅਸਰਦਾਰ ਸਰਗਰਮੀ ਕਰਨੀ ਹੋਵੇਗੀ। 100 ਸੀਟਾਂ ਜਿੱਤਣ ਦੀ ਖੁਸ਼ੀ ਨੂੰ ਪਚਾਉਂਦਿਆਂ ਇਹ ਵੀ ਸਦਾ ਚੇਤੇ ਰੱਖਣਾ ਪਊ ਕਿ ਮੱਧ ਪ੍ਰਦੇਸ, ਗੁਜਰਾਤ, ਹਿਮਾਚਲ, ਉਤਰਾਖੰਡ, ਛੱਤੀਸਗੜ੍ਹ, ਦਿੱਲੀ, ਉੜੀਸਾ, ਆਂਧਰਾ ਦੀਆਂ 128 ਸੀਟਾਂ ਵਿਚੋਂ ਕਾਂਗਰਸ ਨੇ ਸਿਰਫ ਇਕ ਸੀਟ ਜਿੱਤੀ ਹੈ। ਆਂਧਰਾ, ਉੜੀਸਾ, ਤਿਲੰਗਾਨਾ, ਕਰਨਾਟਕ ਵਿਚ 'ਵਿਸ਼ਾਲ ਦੇਸ਼ ਭਗਤ ਮੋਰਚਾ' ਨੀਤੀ ਨਾਲ ਗਠਜੋੜ ਨਵੇਂ ਸਿਰਿਉਂ ਵੱਡੇ ਦਿਲ ਨਾਲ ਦੂਰ ਦੀ ਸੋਚ ਨਾਲ ਬਣਾਉਣੇ ਹੋਣਗੇ, ਨਹੀਂ ਤਾਂ ਕਾਂਗਰਸ ਇਵੇਂ ਹੀ ਭਾਜਪਾ ਦੇ ਮੁੜ-ਮੁੜ ਜਿੱਤਣ ਦੀ ਵਜਾਹ ਬਣਦੀ ਰਹੇਗੀ। ਖੁਦ ਵੀ ਭੁਗਤੂ ਤੇ ਇਹਨਾਂ ਦੀ ਵਜਾਹ ਨਾਲ ਦੇਸ਼ ਵੀ ਭੁਗਤੂ।

ਦੂਜੇ ਪਾਸੇ ਵੇਖੋ, ਕਿਵੇਂ ਮੋਦੀ-ਅਮਿਤ ਸ਼ਾਹ ਨੇ ਉਸ ਚੰਦਰ ਬਾਬੂ ਨਾਇਡੂ ਨਾਲ ਹੱਥ ਮਿਲਾਉਣ ਨੂੰ ਇਕ ਸਕਿੰਟ ਨਾ ਲਾਇਆ, ਜਿਸ ਨੂੰ ਪਹਿਲਾਂ ਜੇਲ੍ਹ 'ਚ ਸੁੱਟਿਆ ਤੇ 'ਸਹੁਰੇ ਦੀ ਪਿੱਠ ਵਿਚ ਛੁਰਾ ਮਾਰਨ ਵਾਲਾ' ਵਰਗੀਆਂ ਨਿੱਜੀ ਪਰਵਾਰਿਕ ਗਾਲ੍ਹਾਂ ਵੀ ਕੱਢੀਆਂ ਸਨ। ਏਥੋਂ ਤੱਕ ਕਿ ਨਾਇਡੂ ਤਾਂ ਓ ਬੀ ਸੀ ਕੋਟੇ 'ਚੋਂ 4 ਫੀਸਦੀ ਰਾਖਵਾਂਕਰਨ ਮੁਸਲਮਾਨ ਪਿਛੜਿਆਂ ਨੂੰ ਦੇਣ ਦਾ ਐਲਾਨੀਆਂ ਮੁਦਈ ਹੈ, ਜਿਸ ਬਾਰੇ ਮੋਦੀ ਸਾਰੀ ਚੋਣ ਮੁਹਿੰਮ ਦੌਰਾਨ ਕਹਿੰਦਾ ਰਿਹਾ ਕਿ ਮੈਂ ਆਪਣੇ ਜਿਊਂਦੇ-ਜੀਅ ਇੰਜ ਨਹੀਂ ਹੋਣ ਦਿਆਂਗਾ, ਪਰ ਵੇਖੋ ਕਿਵੇਂ ਜੱਫੀਆਂ ਪਾ ਕੇ ਹੱਸਣ ਲੱਗ ਪਏ ਨੇ । ਬਿਹਾਰ ਵਾਲੇ ਨਿਤੀਸ਼ ਨਾਲ ਓਧਰੋਂ-ਓਧਰੀ ਕੀ-ਕੀ ਫੱਕੜ ਤੋਲਦੇ ਰਹੇ। ਨਿਤੀਸ਼ ਦੇ ਸਹਿਯੋਗੀਆਂ ਉੱਤੇ ਈ ਡੀ ਦੇ ਛਾਪੇ ਮਾਰੇ। ਉਹਦੇ ਨਾਲ ਵੀ ਹੁਣ ਜੱਫੀਆਂ ਤੇ ਕੱਛਾਂ ਥਾਣੀ ਹਾਸੇ ਨਿਕਲਦੇ ਨੇ। ਜਿਸ ਨਵੀਨ ਪਟਨਾਇਕ ਨੂੰ ਉੜੀਸਾ ਵਿਚ ਪਟਕਣੀ ਦੇ ਕੇ 'ਜੈ ਜਗਨਨਾਥ' ਦੀਆਂ ਬੁਲਬੁਲੀਆਂ ਮਾਰ ਰਹੇ ਨੇ, ਉਹ ਤਾਂ ਦਸ ਸਾਲ ਪਾਰਲੀਮੈਂਟ ਵਿਚ ਹਰ ਮੌਕੇ ਮੋਦੀ ਸਰਕਾਰ ਮਗਰ ਹੱਥ ਖੜਾ ਕਰਦਾ ਰਿਹਾ, ਉਹਦੇ ਨਾਲ ਤਾਂ ਦਾਅ-ਪੇਚ ਨੀਤੀ ਤਹਿਤ ਅਖੀਰ ਤਾਈਂ ਚੋਣ ਸਮਝੌਤਾ ਹੋ ਜਾਣ ਦਾ ਭਰਮ ਵੀ ਬਣਾਈ ਰੱਖਿਆ, ਤਾਂ ਕਿ ਉਹ ਕਾਂਗਰਸ ਵੱਲ ਨਾ ਵੇਖੇ ਤੇ ਫਿਰ ਦਿੱਤੀ ਅਚਨਚੇਤ ਉਹ ਪਟਕਣੀ, ਜਿਹੜੀ ਉਹ ਬੰਦਾ ਹੋਊ ਤਾਂ ਯਾਦ ਰੱਖੂ।

ਬਹੁਤ ਚਰਚਾ ਕਿ ਮੋਦੀ/ਅਮਿਤ ਸ਼ਾਹ ਸਦਾ ਮਨਮਰਜ਼ੀ ਹੀ ਕਰਦੇ ਰਹੇ, ਇਹ ਤਾਂ ਕਿਸੇ ਦੀ ਗੱਲ ਸੁਣਨ, ਮੰਨਣ ਗਿੱਝੇ ਹੀ ਨਹੀਂ। ਇਹਨਾਂ ਕੋਲੋਂ ਸਾਂਝੀ ਸਰਕਾਰ ਨਹੀਂ ਚੱਲਣੀ । ਮੇਰੀ ਜਾਚੇ ਇਹ ਸੱਚ ਨਹੀਂ। ਐਸਾ ਕਹਿਣ ਵਾਲੇ ਇਹਨਾਂ ਦਾ ਤੇ ਭਾਜਪਾ ਦਾ ਜਮਾਤੀ ਕਿਰਦਾਰ ਨਹੀਂ ਸਮਝਦੇ। ਇਹ ਗਾਹਕ ਨਾਲ ਵਗਾੜ ਨਾ ਪਾਉਣ ਵਾਲੀ ਸਿਆਣੀ ਕੌਮ ਹੈ, ਹੁੜ-ਹੁੜ ਕਰਕੇ ਲੜਨ-ਝਗੜਨ ਵਾਲੇ ਲੋਕ ਨਹੀਂ। ਇਹ ਆਪਣੇ ਹਿੱਤ ਲਈ ਹਰੇਕ ਅੱਗੇ ਵਕਤੀ ਤੌਰ 'ਤੇ ਏਨਾ ਝੁਕ-ਲਿਫ ਜਾਣਗੇ ਕਿ ਜਿਵੇਂ ਇਹਨਾਂ ਵਿਚ ਕੋਈ ਹੱਡੀ ਨਾ ਹੋਵੇ, ਤੇ ਮਗਰੋਂ ....।

ਭਾਜਪਾ ਨੂੰ ਕੇਂਦਰ ਸਰਕਾਰ ਬਣਾ ਕੇ ਵੀ ਰੋਣਾ ਇਸ ਗੱਲ ਦਾ ਆ ਰਿਹਾ ਕਿ ਇਸ ਦੇ ਹੱਥ ਮਹਾਰਾਸ਼ਟਰ, ਪੰਜਾਬ, ਕੇਰਲਾ ਤਾਮਿਲਨਾਡੂ ਦੀਆਂ 120 ਸੀਟਾਂ ਵਿਚੋਂ ਸਿਰਫ 11 ਆਈਆਂ। ਇਹਦੇ ਹੱਥੋਂ ਉੱਤਰ ਪ੍ਰਦੇਸ, ਹਰਿਆਣਾ, ਜੰਮੂ-ਕਸ਼ਮੀਰ, ਲਦਾਖ, ਮਹਾਰਾਸ਼ਟਰ ਵਰਗੇ ਵੱਡੇ ਰਾਜਾਂ ਦੀਆਂ ਸਰਕਾਰਾਂ ਵੀ ਚਲੇ ਜਾਣ ਦੀ ਪੂਰੀ ਸੰਭਾਵਨਾ ਹੈ ਤੇ ਬੰਗਾਲ ਨੂੰ ਜਿੱਤਣ ਦਾ ਸੁਪਨਾ ਵੀ ਟੁੱਟ ਗਿਆ ਹੈ। ਐਸਾ ਦਿੱਸ ਰਿਹਾ ਕਿ 'ਇੰਡੀਆ ਗਠਜੋੜ' ਦੀਆਂ ਤਾਮਿਲਨਾਡੂ, ਬੰਗਾਲ, ਕੇਰਲਾ,ਪੰਜਾਬ, ਕਰਨਾਟਕਾ ਝਾਰਖੰਡ, ਦਿੱਲੀ, ਜੰਮੂ-ਕਸ਼ਮੀਰ,ਹਰਿਆਣਾ, ਮਹਾਰਾਸ਼ਟਰ, ਉੱਤਰ ਪ੍ਰਦੇਸ ਵਿਚ ਸਰਕਾਰਾਂ ਹੋਣਗੀਆਂ, ਜਿੱਥੇ 300 ਤੋਂ ਵੱਧ ਸੀਟਾਂ ਹਨ। ਉੜੀਸਾ, ਆਂਧਰਾ, ਰਾਜਸਥਾਨ ਤੇ ਬਿਹਾਰ ਵਿਚ ਵੀ ਸਿਆਸੀ ਸਮੀਕਰਨ ਬਦਲਣ ਦੇ ਆਸਾਰ ਹਨ।

ਨਰਿੰਦਰ ਮੋਦੀ ਦੀ ਮੌਜੂਦਾ ਐੱਨ ਡੀ ਏ ਸਰਕਾਰ ਤਾਜ਼ਾ ਤਾਜ਼ਾ ਥੋੜ੍ਹੇ ਕੁ ਦਿਨ ਬਾਹਰੋਂ ਵਿਖਾਵੇਗੀ ਕਿ ਹੁਣ ਇਹ ਹਰੇਕ ਨੂੰ ਪਿਆਰ ਨਾਲ ਬੋਲਣ ਵਾਲੀ ਸਰਕਾਰ ਹੈ, ਏਥੋਂ ਤੱਕ ਕਿ ਆਂਧਰਾ ਵਿਚ ਨਾਇਡੂ ਨਾਲ ਮਿਲ ਕੇ ਓ ਬੀ ਸੀ ਕੋਟੇ ਵਿਚੋਂ ਮੁਸਲਮਾਨਾ ਨੂੰ 4 ਫੀਸਦੀ ਰਾਖਵਾਂਕਰਨ ਵੀ ਖੁਸ਼ੀ ਨਾਲ ਦੇਵੇਗੀ। ਝੱਬੂ ਪਾ ਕੇ 10 ਕੁ ਸੀਟਾਂ ਦਾ ਹੋਰ ਜੁਗਾੜ ਕਰਨ ਉਪਰੰਤ ਫਿਰ ਨਵਾਂ ਅਸਲੀ ਰੰਗ ਵਿਖਾਏਗੀ। ਅੰਦਾਜ਼ਾ ਕਿ ਵਿਰੋਧੀ ਪਾਰਟੀਆਂ ਪ੍ਰਤੀ ਪਹਿਲਾਂ ਨਾਲੋਂ ਵੱਧ ਹਮਲਾਵਰ ਰਹੇਗੀ। ਤੇਜਸਵੀ ਯਾਦਵ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਚੱਲ ਰਹੀ ਹੈ। ਵਿਰੋਧੀ ਧਿਰਾਂ ਕਿਸੇ ਬਹੁਤ ਵੱਡੀ ਅਣਕਿਆਸੀ ਘਟਨਾ ਤੋਂ ਪਹਿਲਾਂ ਹੀ ਸੁਚੇਤ ਰਹਿਣ, ਤਾਂ ਹੀ ਬਚਣਗੀਆਂ।

ਭਾਜਪਾ ਦੇ ਅੰਦਰਲੀ ਮੋਦੀ ਨੀਤੀ ਬਾਰੇ ਬੇਵਸੀ ਵੀ ਕੋਈ ਨਾ ਕੋਈ ਰੂਪ ਲਵੇਗੀ। ਅਗਨੀਵੀਰ, ਜਾਤੀਗਤ ਜਨਗਣਨਾ, ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਭਾਅ (ਐੱਮ.ਐੱਸ.ਪੀ), ਪੈਟਰੋਲ, ਡੀਜ਼ਲ, ਗੈਸ ਆਦਿ ਮਹਿੰਗਾਈ, ਰੈਗੂਲਰ ਭਰਤੀਆਂ, ਬਿਜਲੀ, ਪਾਣੀ, ਵਾਤਾਵਰਨ ਵਰਗੇ ਮੁੱਦਿਆਂ ਉੱਤੇ ਸੰਘਰਸ਼ ਸਮੇਂ ਦੀ ਲੋੜ ਹੈ। ਜਿਹੜਾ ਕਰੂ ਓਹੋ ਜਿੱਤੂ। ਭੜਕਾਊ ਏਜੰਡਿਆਂ ਤੋਂ ਬਚਣ ਲਈ ਵੀ ਇਹ ਜ਼ਰੂਰੀ ਹਨ।

**# ਸੰਪਰਕ : 94173 24543**

# ਪਰਵਾਸ : ਸ਼ੌਕ ਜਾਂ ਮਜਬੂਰੀ



ਸੰਜੀਵ ਸਿੰਘ ਸੈਣੀ

ਕੁਵੈਤ ਵਿਖੇ ਇੱਕ ਇਮਾਰਤ 'ਚ ਅੱਗ ਲੱਗਣ ਨਾਲ 45 ਭਾਰਤੀਆਂ ਦੀ ਮੌਤ ਹੋ ਗਈ। ਕੁਵੈਤ ਦੇ ਦੱਖਣੀ ਸ਼ਹਿਰ ਮੰਗਾਫ ਵਿੱਚ ਛੇ ਮੰਜ਼ਲੀ ਇਮਾਰਤ ਵਿੱਚ ਪਹਿਲਾਂ ਅੱਗ ਲੱਗ ਚੁੱਕੀ ਸੀ। ਖਬਰਾਂ ਮੁਤਾਬਕ ਇੱਥੇ 200 ਦੇ ਕਰੀਬ ਪ੍ਰਵਾਸੀ ਕਾਮੇ ਰਹਿ ਰਹੇ ਸਨ। ਹਾਲਾਂਕਿ ਉੱਥੋਂ ਦੀ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਗਿਆ ਹੈ। ਵਿਚਾਰਨ ਵਾਲੀ ਗੱਲ ਹੈ ਕਿ ਕਿਸ ਦਾ ਆਪਣਾ ਦੇਸ਼ ਛੱਡਣ ਨੂੰ ਦਿਲ ਕਰਦਾ ਹੈ। ਯੋਗਤਾ ਦੇ ਮੁਤਾਬਕ ਉਹਨਾਂ ਨੂੰ ਜੇ ਇੱਥੇ ਰੁਜ਼ਗਾਰ ਨਹੀਂ ਮਿਲਿਆ ਤਾਂ ਹੀ ਉਨ੍ਹਾਂ ਨੇ ਵਿਦੇਸ਼ਾਂ ਵੱਲ ਚਾਲੇ ਪਾਏ। ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ।

ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ। ਭਾਰਤੀ ਲੋਕਾਂ ਦਾ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਦਾ ਰੁਝਾਨ ਦਿਨੋਂ-ਦਿਨ ਵਧ ਰਿਹਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਮੁਤਾਬਕ 2022 ਵਿਚ ਕਰੀਬ 1.89 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਹੈ। ਪੰਜਾਬ ਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ । ਪੰਜਾਬ ਵਿੱਚ ਹਰ ਸਾਲ ਵਿਦੇਸ਼ਾਂ ਲਈ ਪੜ੍ਹਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖਰਚ ਕਰ ਰਹੇ ਹਨ। ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ । ਪਾਸਪੋਰਟ ਦਫ਼ਤਰਾਂ ਦੇ ਬਾਹਰ ਨੌਜਵਾਨਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਆਮ ਦੇਖਣ ਨੂੰ ਮਿਲਦੀਆਂ ਹਨ। ਮਾਂ-ਬਾਪ ਕਰਜ਼ਈ ਹੋ ਕੇ ਆਪਣੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ। ਕੋਈ ਸਮਾਂ ਹੁੰਦਾ ਸੀ, ਜਦੋਂ ਸਰਕਾਰੀ ਮੁਲਾਜ਼ਮ ਹੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਭੇਜਦੇ ਸਨ । ਵਿਦੇਸ਼ੀ ਪੜ੍ਹਾਈ ਕਰਕੇ ਫਿਰ ਉਹ ਵਾਪਸ ਪੰਜਾਬ ਆ ਕੇ ਆਪਣੀ ਧਰਤੀ 'ਤੇ ਹੀ ਨੌਕਰੀ ਕਰਦੇ ਸਨ, ਪਰ ਅੱਜ ਜੇ ਕੋਈ ਬੱਚਾ ਵਿਦੇਸ਼ ਚਲਾ ਗਿਆ, ਉਹ ਵਾਪਸ ਮੁੜ ਕੇ ਪੰਜਾਬ ਨਹੀਂ ਆਉਂਦਾ।

ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ। ਜਦੋਂ ਕੋਰੋਨਾ ਮਹਾਂਮਾਰੀ ਨੇ ਭਾਰਤ ਵਿਚ ਦਸਤਕ ਦਿੱਤੀ ਸੀ ਤਾਂ ਤਾਲਾਬੰਦੀ ਕਰ ਦਿੱਤੀ ਗਈ। ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁੱਸਿਆ ਹੈ। ਫਿਰ ਮਾਂ-ਬਾਪ ਕੋਲ ਕੋਈ ਵੀ ਚਾਰਾ ਨਹੀਂ ਰਹਿੰਦਾ। ਥੱਕੇ-ਹਾਰੇ ਮਾਂ-ਬਾਪ ਫਿਰ ਔਲਾਦ ਨੂੰ (ਆਇਲੈਟਸ) ਦੀ ਤਿਆਰੀ ਕਰਵਾਉਂਦੇ ਹਨ। ਫਿਰ ਜਦੋਂ ਵਧੀਆ ਬੈਂਡ ਆ ਜਾਂਦੇ ਹਨ ਤਾਂ ਫਿਰ ਬਾਪ ਪੈਸੇ ਦਾ ਹੀਲਾ-ਵਸੀਲਾ ਕਰਨਾ ਸ਼ੁਰੂ ਕਰ ਦਿੰਦਾ ਹੈ । ਰਿਸ਼ਤੇਦਾਰਾਂ, ਸਕੇ ਸੰਬੰਧੀਆਂ ਤੋਂ ਆਸ ਰੱਖਦਾ ਹੈ। ਫਿਰ ਜਦੋਂ ਉਹ ਵੀ ਹੱਥ ਖੜ੍ਹੇ ਕਰ ਦਿੰਦੇ ਹਨ ਤਾਂ ਆਪਣੀ ਜ਼ਮੀਨ ਨੂੰ ਗਹਿਣੇ ਰੱਖ ਦਿੰਦਾ ਹੈ। ਫਿਰ ਪਿੱਛੋਂ ਉਹ ਮਾਂ-ਬਾਪ ਬੈਂਕ ਦੀਆਂ ਕਿਸ਼ਤਾਂ ਭਰਦੇ ਹਨ। ਸਮੇਂ ਸਿਰ ਕਰਜ਼ਾ ਨਾ ਉਤਾਰਨ ਕਰਕੇ ਉਹੀ ਪਿਓ ਖ਼ੁਦਕੁਸ਼ੀ ਕਰ ਲੈਂਦਾ ਹੈ। ਅੱਜ-ਕੱਲ੍ਹ ਜੋ ਵਿਦੇਸ਼ ਚਲਾ ਜਾਂਦਾ ਹੈ, ਉਹ ਵਤਨ ਵਾਪਸੀ ਨਹੀਂ ਕਰਦਾ । ਸਿਰਫ ਯਾਦਾਂ ਹੀ ਰਹਿ ਜਾਂਦੀਆਂ ਹਾਂ। ਪਿੱਛੋਂ ਮਾਵਾਂ ਦੀਆਂ ਅੱਖਾਂ ਆਪਣੇ ਲਾਲ ਨੂੰ ਦੇਖਣ ਨੂੰ ਤਰਸਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਅਸੀਂ ਸੁਣਦੇ ਵੀ ਹਾਂ ਕਿ ਮਾਤਾ-ਪਿਤਾ ਪਿੱਛੋਂ ਇਸ ਸੰਸਾਰ ਤੋਂ ਰੁਖਸਤ ਕਰ ਗਏ, ਪੁੱਤ ਵਿਦੇਸ਼ ਤੋਂ ਫਿਰ ਵੀ ਨਹੀਂ ਆਉਂਦਾ। ਭਾਈਚਾਰਕ ਸਾਂਝਾਂ ਹੀ ਮਾਂ-ਬਾਪ ਦੀਆਂ ਅੰਤਿਮ ਰਸਮਾਂ ਨਿਭਾਉਂਦੀਆਂ ਹਨ।

ਹੁਣ ਤਾਂ ਵੱਡੇ-ਵੱਡੇ ਬਿਜ਼ਨਸਮੈਨ ਜਿਨ੍ਹਾਂ ਦੇ ਚੰਗੇ ਆਮਦਨ ਦੇ ਵਸੀਲੇ ਹਨ, ਉਹ ਵੀ ਪੰਜਾਬ ਦੀ ਧਰਤੀ ਨੂੰ ਛੱਡਣ ਲਈ ਕਾਹਲੇ ਹਨ। ਪਿਛੇ ਜਿਹੇ ਪੰਜਾਬ ਵਿੱਚ ਅਜਿਹੀਆਂ ਵਾਰਦਾਤਾਂ ਹੋਈਆਂ, ਜਿਸ ਕਾਰਨ ਲੋਕਾਂ ਦੇ ਮਨ ਵਿੱਚ ਡਰ ਦਾ ਮਾਹੌਲ ਹੈ। ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ। ਅਪਰਾਧਿਕ ਘਟਨਾਵਾਂ ਬਹੁਤ ਵਧ ਗਈਆਂ ਹਨ। ਹੁਣ ਲੋਕ ਜ਼ਮੀਨ-ਜਾਇਦਾਦ, ਘਰ-ਬਾਰ ਵੇਚ ਕੇ ਪਰਵਾਰ ਸਮੇਤ ਵਿਦੇਸ਼ਾਂ ਵਿਚ ਵੱਸਣ ਜਾ ਰਹੇ ਹਨ। ਸੂਬੇ ਅੰਦਰ ਅਪਰਾਧੀਆਂ, ਲੁਟੇਰਿਆਂ ਖਾਸ ਤੌਰ 'ਤੇ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣਾ ਵਰਗੀਆਂ ਵਾਰਦਾਤਾਂ ਦਾ ਵਧਣਾ ਕਾਨੂੰਨ ਵਿਵਸਥਾ ਲਈ ਠੀਕ ਨਹੀਂ ਹੈ। ਮਜਬੂਰੀਵੱਸ ਲੋਕ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਵਿਦੇਸ਼ ਭੇਜ ਰਹੇ ਹਨ। ਵਿਦੇਸ਼ ਜਾਣ ਦਾ ਮੁੱਖ ਕਾਰਨ ਨਸ਼ਿਆਂ ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਇੰਨੀ ਵਧ ਚੁੱਕੀ ਹੈ ਕਿ ਪੜ੍ਹੇ-ਲਿਖੇ ਨੌਜਵਾਨ ਹੱਥਾਂ ਵਿੱਚ ਡਿਗਰੀਆਂ ਫੜੀ ਧੱਕੇ ਖਾ ਰਹੇ ਹਨ।

ਪਿੱਛੇ ਜਿਹੇ ਖਬਰ ਵੀ ਪੜ੍ਹਨ ਨੂੰ ਮਿਲੀ ਕਿ ਮੋਗਾ ਜ਼ਿਲ੍ਹੇ ਵਿੱਚ ਇੱਕ ਏਜੰਟ ਨੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਲਈ ਤੇ ਆਪ ਫਰਾਰ ਹੋ ਗਿਆ। ਏਜੰਟਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿੱਚ ਆ ਕੇ ਪਤਾ ਨਹੀਂ ਕਿੰਨੇ ਕੁ ਪਰਵਾਰ ਆਪਣਾ ਘਰ ਤਬਾਹ ਕਰ ਲੈਂਦੇ ਹਨ। ਆਮ ਸੁਨਣ ਵਿੱਚ ਵੀ ਆਉਂਦਾ ਹੈ ਕਿ ਜਿਹੜੇ ਦੇਸ਼ 'ਚ ਵਿਦਿਆਰਥੀ ਜਾਣਾ ਚਾਹੁੰਦੇ ਹਨ, ਇਹ ਏਜੰਟ ਝੂਠ ਬੋਲ ਕੇ ਉਸ ਨੂੰ ਕਿਸੇ ਹੋਰ ਦੇਸ਼ ਵਿੱਚ ਭੇਜ ਦਿੰਦੇ ਹਨ ਤੇ ਕਹਿੰਦੇ ਹਨ ਕਿ ਉੱਥੇ ਜਦੋਂ ਤੂੰ ਪੁੱਜੇਂਗਾ, ਤੈਨੂੰ ਫਲਾਣਾ ਬੰਦਾ ਅੱਗੇ ਭੇਜੇਗਾ। ਦੋ ਨੰਬਰ ਵਿੱਚ ਵਿਦੇਸ਼ ਜਾਣ ਕਾਰਨ ਕਈ ਅਜਿਹੇ ਬੱਚੇ ਉਹਨਾਂ ਮੁਲਕਾਂ ਦੀਆਂ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਜਾਂ ਫਿਰ ਉਥੇ ਖੱਜਲ-ਖੁਆਰ ਹੋ ਕੇ ਫਿਰ ਇਹੀ ਬੱਚੇ ਆਪਣੇ ਘਰ ਨੂੰ ਖਾਲੀ ਹੱਥ ਵਾਪਸ ਆਉਂਦੇ ਹਨ।

ਸਾਡੇ ਹੀ ਇੱਕ ਕਰੀਬੀ ਕੋਲੋਂ ਪਿਛਲੇ 5 ਸਾਲ ਪਹਿਲਾਂ ਏਜੰਟ ਨੇ 15 ਲੱਖ ਰੁਪਿਆ ਮੰਗਿਆ। ਏਜੰਟ ਨੂੰ ਪਾਸਪੋਰਟ ਦੇ ਦਿੱਤਾ। ਪਰਵਾਰ ਨੇ ਏਜੰਟ ਨੂੰ ਛੇ ਕੁ ਲੱਖ ਰੁਪਏ ਦਿੱਤੇ। ਪਰਵਾਰ ਨੂੰ ਕਹਿੰਦਾ ਕਿ ਤੁਸੀਂ ਆਪਣੀ ਤਿਆਰੀ ਖਿੱਚ ਲਓ। ਹਰ ਰੋਜ਼ ਕੋਈ ਨਾ ਕੋਈ ਲਾਰਾ ਲਗਾਉਂਦੇ ਹੋਏ ਏਜੰਟ ਨੇ ਇੱਕ ਸਾਲ ਕੱਢ ਦਿੱਤਾ। ਬਾਅਦ ਵਿੱਚ ਉਹੀ ਏਜੰਟ ਪੁਲਸ ਦੇ ਅੜਿੱਕੇ ਚੜ੍ਹ ਗਿਆ। ਬੜੀ ਮੁਸ਼ੱਕਤ ਨਾਲ ਪਾਸਪੋਰਟ ਉਸ ਏਜੰਟ ਦੇ ਕਬਜ਼ੇ ਤੋਂ ਮਿਲਿਆ । ਛੇ ਲੱਖ ਰੁਪਇਆ ਵੀ ਖੂਹ-ਖਾਤੇ ਗਿਆ ਤੇ ਜੋ ਖੱਜਲ-ਖੁਆਰੀ ਹੋਈ, ਉਹ ਅੱਡ ਤੋਂ ਹੋਈ। ਅੱਜ-ਕੱਲ੍ਹ ਪਰਵਾਰਕ ਮੈਂਬਰ ਆਪਣੇ ਪੁੱਤਰ ਲਈ ਆਈਲੈਟਸ ਕੁੜੀ ਲੱਭਦੇ ਹਨ। ਫਿਰ ਉਸ ਕੁੜੀ 'ਤੇ 25 ਤੋਂ 30 ਲੱਖ ਰੁਪਿਆ ਖਰਚ ਕੇ ਉਸ ਨੂੰ ਵਿਦੇਸ਼ ਵਿੱਚ ਭੇਜ ਦਿੰਦੇ ਹਨ। ਉਨ੍ਹਾਂ ਨੂੰ ਇਹ ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਨੂੰਹ ਉਥੇ ਜਾ ਕੇ ਉਨ੍ਹਾਂ ਦੇ ਮੁੰਡੇ ਨੂੰ ਸੱਦ ਲਵੇਗੀ, ਪਰ ਅੱਜ-ਕੱਲ੍ਹ ਇਹ ਘਟਨਾਵਾਂ ਆਮ ਵਾਪਰ ਰਹੀਆਂ ਹਨ। ਕੁੜੀ ਉਥੇ ਜਾ ਕੇ ਕਿਸੇ ਹੋਰ ਨੌਜਵਾਨ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਨ੍ਹਾਂ ਪੈਸਾ ਲਗਾ ਕੇ ਵਿਦੇਸ਼ ਭੇਜਿਆ, ਉਨ੍ਹਾਂ ਨੂੰ ਟਾਲ-ਮਟੋਲ ਕਰਦੀ ਰਹਿੰਦੀ ਹੈ। ਫਿਰ ਪਿੱਛੋਂ ਪੰਜਾਬ ਵਿੱਚ ਉਹ ਮੁੰਡਾ ਖੁਦਕੁਸ਼ੀ ਕਰ ਲੈਂਦਾ ਹੈ। ਅਜਿਹੀਆਂ ਘਟਨਾਵਾਂ ਵੀ ਆਮ ਵਾਪਰ ਰਹੀਆਂ ਹਨ।

ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਵੱਡਾ ਕਾਰਨ ਬੇਰੁਜ਼ਗਾਰੀ ਵੀ ਹੈ । ਹੱਥਾਂ ਵਿੱਚ ਫੜੀਆਂ ਡਿਗਰੀਆਂ ਲੈ ਕੇ ਨੌਜਵਾਨ ਦਫਤਰਾਂ ਦੇ ਬਾਹਰ ਧੱਕੇ ਖਾਂਦੇ ਹਨ। ਜਿੱਥੇ ਵੀ ਕੋਈ ਚਪੜਾਸੀ ਦੀ ਅਸਾਮੀ ਨਿਕਲਦੀ ਹੈ, ਉੱਥੇ ਪੋਸਟ ਗ੍ਰੈਜੂਏਟ, ਐੱਮ ਫਿਲ ਬੰਦੇ ਆਪਣੀ ਅਰਜ਼ੀ ਭਰਦੇ ਹਨ। ਹਾਲ ਹੀ ਵਿੱਚ ਅਖਬਾਰ ਵਿੱਚ ਨਸ਼ਰ ਹੋਈ ਰਿਪੋਰਟ ਦੇ ਮੁਤਾਬਕ ਪਟਵਾਰੀ ਦੀਆਂ ਅਸਾਮੀਆਂ ਲਈ ਲੱਖਾਂ ਉਮੀਦਵਾਰਾਂ ਨੇ ਅਰਜ਼ੀਆਂ ਭਰੀਆਂ । ਇਹ ਬਹੁਤ ਹੀ ਸੋਚਣ ਦਾ ਸਮਾਂ ਹੈ । ਜਿਹੜਾ ਬੰਦਾ ਮਿਹਨਤ ਕਰਦਾ ਹੈ, ਚਾਹੇ ਉਸ ਕੋਲ ਇੱਥੇ ਪੰਜਾਬ ਵਿੱਚ ਹੀਲੇ ਵਸੀਲੇ ਘੱਟ ਹਨ, ਫਿਰ ਵੀ ਉਹ ਵਧੀਆ ਰੋਟੀ ਕਮਾ ਰਿਹਾ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ 'ਚ ਹੀ ਵਧੀਆ ਸਨਅਤੀ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੀ ਯੋਗਤਾ ਮੁਤਾਬਕ ਰੁਜ਼ਗਾਰ ਮਿਲ ਸਕੇ । ਫਿਰ ਵਿਦੇਸ਼ ਜਾਣ ਦੀ ਬਜਾਏ ਨੌਜਵਾਨ ਇੱਥੇ ਆਪਣਾ ਵਧੀਆ ਭਵਿੱਖ ਬਣਾ ਸਕਣਗੇ।

**# ਸੰਪਰਕ : 78889-66168**

# ਆਰਟੀਫਿਸ਼ਲ ਇੰਟੈਲੀਜੈਂਸੀ ਮਨੁੱਖਤਾ ਲਈ ਵਰ ਜਾਂ ਸਰਾਪ

ਡਾ. ਸੰਦੀਪ ਘੰਡ

ਆਰਟੀਫਿਸ਼ਲ ਇੰਟੈਲੀਜੈਂਸੀ (ਏ ਆਈ) ਬਣਾਵਟੀ ਬੁੱਧੀ ਜਾਂ ਮਨਸੂਈ ਬੁੱਧੀ ਪੰਜਾਬੀ ਵਿਆਕਰਣ ਦੇ ਨਵੇਂ ਸ਼ਬਦ ਜਿਨਾਂ ਬਾਰੇ ਅੱਜਕੱਲ੍ਹ ਮੀਡੀਆ ਦੇ ਸਾਰੇ ਪਲੇਟਫਾਰਮਾਂ 'ਤੇ ਸਭ ਤੋਂ ਵੱਧ ਚਰਚਾ ਹੋ ਰਹੀ ਹੈ।ਕੀ ਇਹ ਸਮੇਂ ਅਨੁਸਾਰ ਵਿਗਿਆਨ ਦਾ ਨਵਾਂ ਵਰਤਾਰਾ ਹੈ ਜਾਂ ਇਹ ਸਾਡੇ ਲਈ ਨਵਾਂ ਚੈਲੇਂਜ ਹੈ ।ਅਸੀਂ ਹੈਰਾਨ ਹੁੰਦੇ ਸੀ ਜਦੋਂ ਗੂਗਲ 'ਤੇ ਆਪਣਾ ਲਿਖਣ 'ਤੇ ਸਭ ਕੁਝ ਸਾਹਮਣੇ ਆ ਜਾਂਦਾ ਹੈ, ਜਦੋਂ ਗੂਗਲ ਪਹਿਲਾਂ ਤੋਂ ਹੀ ਆਪਣਾ ਕੰਮ ਕਰ ਰਿਹਾ ਸੀ, ਫੇਰ ਆਰਟੀਫੀਸ਼ਲ ਇੰਟੈਲੀਜੈਂਸੀ (ਏ ਆਈ) ਕੀ ਨਵੀਂ ਚੀਜ਼ ਹੈ ।

ਅਸੀਂ ਆਮ ਕਹਿ ਦਿੰਦੇ ਹਾਂ ਕਿ ਜੇ ਕੋਈ ਸ਼ਖਸ ਲਗਾਤਾਰ ਅਤੇ ਬਿਨਾਂ ਰੁਕੇ ਕੰਮ ਕਰਦਾ ਤਾਂ ਉਸ ਦੀ ਤੁਲਨਾ ਮਸ਼ੀਨ ਨਾਲ ਕਰਨ ਲੱਗਦੇ ਹਾਂ, ਕੀ ਅਸੀਂ ਕਦੇ ਕਿਸੇ ਮਸ਼ੀਨ ਦੀ ਤੁਲਨਾ ਇਨਸਾਨ ਨਾਲ ਕੀਤੀ ਕਿ ਇਹ ਮਸ਼ੀਨ ਤਾਂ ਬਿਲਕੁਲ ਇਨਸਾਨ ਵਾਂਗ ਸੋਚਦੀ, ਪਰ ਹੁਣ ਏ.ਆਈ ਰਾਹੀਂ ਇਹ ਸੰਭਵ ਹੋ ਜਾਵੇਗਾ ।ਮਨੁੱਖ ਦੇ ਦਿਮਾਗ ਦੀ ਸੋਚ ਨੂੰ ਬਿਆਨ ਕਰਨ ਤੋਂ ਪਹਿਲਾਂ ਹੀ ਉਸ ਦਾ ਨਤੀਜਾ ਤੁਹਾਡੇ ਸਾਹਮਣੇ ਹੋਵੇਗਾ ।ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦਾ ਮਸ਼ੀਨ ਬਣਨ ਤੱਕ ਦਾ ਸਫਰ ਅਤੇ ਹੁਣ ਮਸ਼ੀਨ ਦਾ ਮਨੁੱਖ ਬਣਨ ਤੱਕ ਦਾ ਸਫਰ ਨੂੰ ਮਨਸੂਈ ਬੁੱਧੀ ਕਿਹਾ ਜਾ ਸਕਦਾ ਹੈ ।ਜਿਸ ਤਰ੍ਹਾਂ ਮਨੁੱਖ ਚੰਦ 'ਤੇ ਚਲਾ ਗਿਆ, ਪਰ ਹੁਣ ਮਨੁੱਖ (ਏ ਆਈ) ਰਾਹੀਂ ਚੰਦ ਨੂੰ ਜ਼ਮੀਨ 'ਤੇ ਲਿਆਉਣ ਦਾ ਨਾਂਅ (ਏ ਆਈ) ਕਿਹਾ ਜਾਦਾਂ ।ਜਿਵੇਂ ਜੇਕਰ ਕੋਈ ਵਿਅਕਤੀ ਅਜਿਹੀਆਂ ਗੱਲਾਂ ਕਰਦਾ, ਜੋ ਸਾਨੂੰ ਮਨੁੱਖਤਾ ਦੇ ਬਰਾਬਰ ਦੀਆਂ ਨਹੀਂ ਲੱਗਦੀਆਂ ਭਾਵ ਅਸੀਂ ਮਨੁੱਖ ਨੂੰ ਆਮ ਕਹਿ ਦਿੰਦੇ ਹਾਂ ਕਿ ਬੰਦਾ ਬਣ, ਕੀ ਅਸੀਂ ਕਦੇ ਪਸ਼ੂ ਜਾਂ ਜਾਨਵਰ ਨੂੰ ਕਿਹਾ ਕਿ ਉਹ ਜਾਨਵਰ ਬਣੇ। ਭਾਵ ਕਿਹਾ ਜਾ ਰਿਹਾ ਹੈ ਕਿ ਬਣਾਵਟੀ ਬੁੱਧੀ ਮਨੁੱਖੀ ਸੋਚ ਦਾ ਖਾਤਮਾ ਹੈ।

ਅਸੀਂ ਦੇਖਦੇ ਹਾਂ ਕਿ ਮਨੁੱਖ ਜੋ ਕੁਝ ਸੋਚਦਾ ਹੈ ਅਤੇ ਆਪਸੀ ਰਹਿਣ-ਸਹਿਣ ਤੋਂ ਸਿੱਖਦਾ ਹੈ, ਉਸ ਨੂੰ ਸੱਭਿਆਚਾਰ ਦਾ ਨਾਂਅ ਦਿੰਦੇ ਹਾਂ। ਅਸਲ ਵਿੱਚ ਅਨੁਸ਼ਾਸਨ ਦੀ ਪਾਲਣਾ ਕਰਨਾ ਉਸ ਵਿੱਚ ਆਪਣੀ ਜ਼ਿੰਦਗੀ ਬਤੀਤ ਕਰਨਾ ਅਤੇ ਉਹਨਾਂ ਅਨੁਸਾਰ ਕੁਝ ਨਿਯਮ, ਸ਼ਰਤਾਂ ਦਾ ਪਾਲਣ ਕਰਨ ।ਅਸਲ ਵਿੱਚ ਜਦੋਂ ਤੋਂ ਮਨੁੱਖ ਦਾ ਮਸ਼ੀਨਾਂ ਨਾਲ ਪਿਆਰ ਪਿਆ, ਉਹ ਵਿਅਕਤੀ ਨਾਲੋਂ ਮਸ਼ੀਨ ਨੂੰ ਵੱਧ ਵਿਸ਼ਵਾਸਪਾਤਰ ਸਮਝਣ ਲੱਗਾ, ਉਸ ਅਨੁਸਾਰ ਹੀ ਆਰਟੀਫੀਸ਼ਲ ਏਟੰਲੀਜੈਂਸੀ ਦਾ ਘੇਰਾ ਵਿਸ਼ਾਲ ਹੋਣਾ ਸ਼ੁਰੂ ਹੋ ਗਿਆ ।ਮਨੁੱਖ ਵਿੱਚੋਂ ਮਨੁੱਖਤਾ ਦਾ ਖਤਮ ਹੋਣਾ ਹਰ ਕੰਮ ਮਸ਼ੀਨ ਰਾਹੀਂ ਕਰਨਾ ਆਪਸੀ ਸੰਬੰਧਾਂ ਦਾ ਖਤਮ ਹੋਣਾ ਆਰਟੀਫੀਸ਼ਲ ਇੰਟੰਲੀਜੈਂਸ਼ੀ ਦਾ ਹਿੱਸਾ ਹੈ।

ਮੀਡੀਆ ਵਿਚ ਮਨਸੂਈ ਬੁੱਧੀ ਨੂੰ ਚਰਚਾ ਦਾ ਵਿਸ਼ਾ ਬਣਾਉਣ ਹਿੱਤ ਸਭ ਤੋਂ ਪਹਿਲਾਂ ਚੀਨ ਵੱਲੋਂ ਬਣਾਵਟੀ ਬੁੱਧੀ ਰਾਹੀਂ ਅਜਿਹੀ ਔਰਤ ਦਾ ਬਣਾਉਣਾ ਸੀ, ਜੋ ਮਨੁੱਖ ਦੀ ਕਲਪਨਾ ਅਤੇ ਉਸ ਦੀ ਸੋਚ ਅਨੁਸਾਰ ਮਨੁੱਖ ਵੱਲੋਂ ਦਿੱਤੀਆਂ ਹਦਾਇਤਾਂ ਦੀ ਇੰਨਬਿੰਨ ਪਾਲਣਾ ਕਰਨਾ ਸੀ।ਪਰ ਉਸ ਵਿੱਚ ਭਾਵਨਾ ਨਾਂਅ ਦੀ ਕੋਈ ਚੀਜ਼ ਨਹੀਂ ਸੀ।ਇਸ ਕਾਰਨ ਅਸੀਂ ਦੇਖਦੇ ਹਾਂ ਕਿ ਅੱਜ ਮਨੁੱਖ ਵਿੱਚੋਂ ਭਾਵਨਾ ਖਤਮ ਹੋ ਗਈ ਹੈ।ਪਹਿਲਾਂ ਅਸੀ ਦੇਖਦੇ ਸੀ ਕਿ ਜੇਕਰ ਕੋਈ ਮਨੁੱਖ ਆਪਣੇ ਕਿਸੇ ਨਜ਼ਦੀਕੀ ਨਾਲ ਕੋਈ ਧੋਖਾ ਕਰਦਾ ਸੀ ਤਾਂ ਉਹ ਮਹਿਸੂਸ ਕਰਦਾ ਸੀ, ਪਰ ਅੱਜ ਇਹ ਨਹੀਂ ਕਿਹਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਮੇ ਦੇ ਹਾਣੀ ਬਣਨ ਹਿੱਤ ਇਸ ਦੀ ਜਾਣਕਾਰੀ ਵਾਲਾ ਵਿਅਕਤੀ ਹੀ ਕਾਮਯਾਬ ਹੋਵੇਗਾ ।ਬੇਸ਼ੱਕ ਪਹਿਲਾਂ ਵੀ ਗੂਗਲ ਅਤੇ ਸੋਸ਼ਲ ਨੈੱਟਵਰਕ ਦੇ ਹੋਰ ਸਾਧਨ ਮੌਜੂਦ ਸਨ, ਪਰ ਆਰਟੀਫੀਸ਼ਲ ਇੰਟੰਲੀਜੈਂਸ਼ੀ ਉਸ ਦਾ ਵਿਸਥਾਰ ਹੈ।

ਹੁਣ ਤੋਂ ਹੀ ਮਨਸੂਈ ਬੁੱਧੀ ਦੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਬਾਰੇ ਜ਼ਿਕਰ ਹੋਣਾ ਸ਼ੁਰੂ ਹੋ ਗਿਆ ਹੈ ।ਇਸ ਲਈ ਕਿਸੇ ਵੀ ਦੇਸ਼ ਜਾਂ ਵਿਅਕਤੀ ਲਈ ਸਮੇਂ ਦਾ ਹਾਣੀ ਹੋਣ ਲਈ ਨਵੀਂ ਤਕਨੀਕ ਦੀ ਜਾਣਕਾਰੀ ਬੇਹੱਦ ਜ਼ਰੂਰੀ ਹੈ।ਇਸ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਣਕਾਰੀ ਹੋਣੀ ਜ਼ਰੂਰੀ ਹੈ ਕਿ ਬਣਾਵਟੀ ਬੁੱਧੀ ਹੈ ਕੀ ।ਜਦੋਂ ਅਸੀਂ ਮਨੁੱਖਤਾ ਵਿੱਚ ਇਸ ਦੀ ਵਰਤੋਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਸ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ।ਦੂਜੀ ਅਹਿਮ ਗੱਲ ਕਿ ਸਾਨੂੰ ਵੱਧ ਤੋਂ ਵੱਧ ਅੰਕੜੇ ਸੋਸ਼ਲ ਨੈੱਟਵਰਕ ਦੇ ਪਲੇਟਫਾਰਮ 'ਤੇ ਪਾਉਣੇ ਚਾਹੀਦੇ ਹਨ, ਖਾਸਕਰ ਸਾਡੀਆਂ ਸਥਾਨਕ ਭਾਸ਼ਾਵਾਂ 'ਚ ਜਿਵੇਂ ਅਸੀਂ ਦੇਖਦੇ ਹਾਂ ਕਿ ਸਾਡੀ ਮਾਤ ਭਾਸ਼ਾ ਪੰਜਾਬੀ ਵਿੱਚ ਬਹੁਤ ਘੱਟ ਜਾਣਕਾਰੀ ਸਾਡੇ ਸੱਭਿਆਚਾਰ, ਸਾਡੇ ਧਰਮ, ਰਹਿਣ-ਸਹਿਣ ਬਾਰੇ ਪਾਈ ਗਈ ਹੈ।ਇਸ ਲਈ ਸਾਡੇ ਧਰਮ ਵਿਗਿਆਨੀ ਅਤੇ ਸੱਭਿਆਚਰਕ ਵਿਗਿਆਨੀਆਂ ਨੂੰ ਵੱਧ ਤੋਂ ਵੱਧ ਜਾਣਕਾਰੀ ਗੂਗਲ ਜਾਂ ਹੋਰ ਸਾਧਨਾਂ ਰਾਹੀਂ ਪਾਉਣੀ ਚਾਹੀਦੀ ਹੈ।

ਆਰਟੀਫਿਸ਼ਲ ਇੰਟੈਲਜੈਂਸੀ ਜਾਂ ਮਨੋਵਿਗਿਆਨਕ ਇਹ ਦੱਸਦੇ ਹਨ ਕਿ ਮਨੁੱਖ ਕਿਵੇਂ ਸੋਚਦੇ ਹਨ ਅਤੇ ਕਿਵੇਂ ਦਿਮਾਗ ਦੀ ਪ੍ਰਕਿਰਿਆ ਕੰਮ ਕਰਦੀ ਹੈ।ਇਸ ਲਈ ਇਹਨਾਂ ਦੇ ਦ੍ਰਿਸ਼ਟੀਕੋਣ ਅਤੇ ਵੱਖ-ਵੱਖ ਵਿਚਾਰ ਹਨ ਕਿ (ਏ ਆਈ) ਨੂੰ ਕਿਵੇਂ ਇਸਤੇਮਾਲ ਕੀਤਾ ਜਾ ਸਕਦਾ ਹੈ ।ਅਸਲ ਵਿੱਚ ਜਦੋਂ ਅਸੀਂ ਕੋਈ ਵੀ ਕੰਮ ਕਰਦੇ ਹਾਂ ਜਾਂ ਕੁਝ ਸੋਚਦੇ ਹਾਂ ਤਾਂ ਸਭ ਤੋਂ ਪਹਿਲਾਂ ਉਹ ਸੋਚ ਸਾਡੇ ਦਿਮਾਗ ਦਾ ਹਿੱਸਾ ਬਣਦੀ ਅਤੇ ਫਿਰ ਉਹ ਸਾਡੀ ਸੋਚ ਅਨੁਸਾਰ ਕੰਮ ਕਰਦੀ ਹੈ।ਏ.ਆਈ ਇੱਕ ਕਿਸਮ ਦੀ ਬਾਈਪਾਸ ਸਰਜਰੀ ਹੈ, ਭਾਵ ਸੋਚ ਸਾਡੇ ਦਿਮਾਗ ਦਾ ਹਿੱਸਾ ਬਣਨ ਤੋਂ ਪਹਿਲਾਂ ਹੀ ਉਸ ਨੂੰ ਕਿਵੇਂ ਕਰਨਾ, ਉਸ ਦੇ ਨਤੀਜਿਆਂ ਬਾਰੇ ਜਾਣਕਾਰੀ ਦੇ ਦੇਵੇਗੀ ।

ਮਨੁੱਖੀ ਸੋਚ ਵਾਂਗ ਮਸ਼ੀਨ ਦਾ ਕੰਮ ਕਰਨਾ ਹੈ ।ਮਨੁੱਖੀ ਤੌਰ 'ਤੇ ਇਕ ਅਜਿਹੀ ਮਸ਼ੀਨ ਬਣਾਉਣਾ ਹੈ, ਜਿਸ ਦਾ ਕੰਮ ਜਿਵੇਂ ਮਨੁੱਖ ਸੋਚਦਾ ਹੈ, ਉਸੇ ਤਰ੍ਹਾਂ ਨਾਲ-ਨਾਲ ਕੰਮ ਕਰਨਾ ਹੈ।ਜਿਵੇਂ ਇੱਕ ਪੇਂਟਰ ਪੇਂਟਿੰਗ ਤਿਆਰ ਕਰਦਾ ।ਦੂਜੇ ਪਾਸੇ ਤਰਕ ਸੰਗਤ ਅਤੇ ਸੰਭਵ ਤਰੀਕੇ ਨਾਲ ਕੰਮ ਕਰਨ ਲਈ ਮਸ਼ੀਨ ਦੀ ਸਥਾਪਨਾ ਹੈ ।

ਆਰਟੀਫਿਸ਼ਲ ਇੰਟੈਲੀਜੈਂਸੀ ਦੇ ਇਤਿਹਾਸ ਬਾਰੇ ਦੇਖੀਏ ਤਾਂ ਇਹ ਕੋਈ ਨਵੀਂ ਚੀਜ਼ ਨਹੀਂ ਕੰਪਿਊਟਰ ਦੀ ਆਮਦ ਵੀ ਆਰਟੀਫਿਸ਼ਲ ਏਟੰਲੀਜੈਂਸੀ ਦਾ ਹੀ ਹਿੱਸਾ ਹੈ ।ਜਿਵੇਂ ਅਸੀਂ ਦੇਖਦੇ ਹਾਂ ਕਿ ਇੱਕ ਪੇਂਟਰ ਸਾਹਮਣੇ ਬੈਠੇ ਵਿਅਕਤੀ ਦਾ ਹੂਬਹੂ ਚਿੱਤਰ ਬਣਾ ਦਿੰਦਾ ਬੇਸ਼ੱਕ ਉਹ ਇਸ ਚਿੱਤਰ ਨੂੰ ਰੰਗਾਂ ਅਤੇ ਬੁਰਸ਼ ਨਾਲ ਬਣਾਉਂਦਾ, ਪਰ ਅਸਲ ਵਿੱਚ ਚਿੱਤਰ ਉਸ ਦੇ ਦਿਮਾਗ ਵਿੱਚ ਮੌਜੂਦ ਹੈ, ਉਸ ਦੇ ਦਿਮਾਗ ਵਿੱਚ ਹੈ, ਜੇਕਰ ਉਸ ਕਲਪਨਾ ਨੂੰ ਸਿੱਧੇ ਰੂਪ ਵਿੱਚ ਮਸ਼ੀਨ ਨੂੰ ਇੰਨੋਪੁੱਟ ਦੇ ਦਿੱਤੀ ਜਾਵੇ ਤਾਂ ਉਹ ਚਿੱਤਰ ਜਿਸ ਰਾਹੀਂ ਬਣਾਇਆ ਜਾਵੇਗਾ, ਉਸ ਨੂੰ ਮਨਸੂਈ ਬੁੱਧੀ ਜਾਂ ਆਰਟੀਫਿਸ਼ਲ ਇੰਟੈਲੀਜੈਂਸੀ ਕਿਹਾ ਜਾਵੇਗਾ ।ਕਈ ਲੋਕ ਤਾਂ ਏ ਆਈ ਨੂੰ ਮਨੁੱਖੀ ਜਾਤ ਦੇ ਖਾਤਮੇ ਵੱਲ ਸੰਕੇਤ ਮੰਨਦੇ ਹਨ।ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਅੱਜਕਲ੍ਹ ਸਭ ਕੁਝ ਬਿਜਲਈ ਡਿਵਾਈਸ ਨਾਲ ਸੰਬੰਧਤ ਹੋ ਗਿਆ ਅਤੇ ਨਵੀਂ ਪੀੜ੍ਹੀ ਦੀ ਪਹਿਲੀ ਪਸੰਦ ਇਹ ਬਿਜਲਈ ਡਿਵਾਈਸ ਬਣ ਗਏ ਹਨ ।ਇਸ ਲਈ ਸਾਨੂੰ ਉਸ ਤੇਜ਼ੀ ਨਾਲ ਇਸ ਬਾਰੇ ਜਾਣਕਾਰੀ ਹਾਸਲ ਕਰਨੀ ਹੋਵੇਗੀ, ਜਿਸ ਤੇਜ਼ੀ ਨਾਲ ਦੂਜੇ ਮੁਲਕਾਂ ਵਿੱਚ ਵਿਕਸਤ ਹੋ ਰਹੀ ਹੈ।

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਦੋਂ ਅਸੀਂ ਕਿਸੇ ਹਨੇਰੇ ਵਾਲੇ ਕਮਰੇ ਵਿੱਚ ਜਾਂਦੇ ਹਾਂ ਤਾਂ ਸਾਡੇ ਮਨ ਵਿੱਚ ਉਸ ਸਮੇਂ ਤੱਕ ਡਰ ਬਣਿਆ ਰਹਿੰਦਾ ਜਦੋਂ ਤੱਕ ਸਾਨੂੰ ਉਸ ਕਮਰੇ ਵਿੱਚ ਕੀ ਮੌਜੂਦ ਹੈ, ਬਾਰੇ ਪਤਾ ਨਹੀਂ ਚਲਦਾ, ਪਰ ਜਦੋਂ ਸਾਨੂੰ ਉਸ ਬਾਰੇ ਜਾਣਕਾਰੀ ਮਿਲ ਜਾਂਦੀ ਤਾਂ ਸਾਡਾ ਡਰ ਖਤਮ ਹੋ ਜਾਂਦਾ ।ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਹਨੇਰਾ ਮਨਸੂਈ ਬੁੱਧੀ ਹੈ, ਪਰ ਜੇਕਰ ਅਸੀਂ ਕਮਰੇ ਵਿੱਚ ਲਾਈਟ ਜਗਾ ਲੈਂਦੇ ਹਾਂ ਤਾਂ ਸਾਡਾ ਡਰ ਚੁੱਕਿਆ ਜਾਂਦਾ ਸਭ ਕੁਝ ਸਾਫ ਹੋ ਜਾਂਦਾ, ਇਸ ਲਈ ਜੇਕਰ ਸਾਡੇ ਕੋਲ ਏ ਆਈ ਬਾਰੇ ਜਾਣਕਾਰੀ ਨਹੀਂ ਤਾਂ ਅਸੀਂ ਹਨੇਰੇ ਕਮਰੇ ਵਿੱਚ ਹਾਂ ਅਤੇ ਜਾਣਕਾਰੀ ਨਾਲ ਚਾਨਣ ਹੋ ਜਾਂਦਾ ।ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਏ.ਆਈ ਅਤਿ-ਆਧੁਨਿਕ ਬੌਧਿਕ ਮਸ਼ੀਨ ਹੈ। ਇੱਕ ਅਤਿ ਸੂਝਵਾਨ ਮਸ਼ੀਨ ਹੋਰ ਸੂਝਵਾਨ ਮਸ਼ੀਨ ਨੂੰ ਜਨਮ ਦੇ ਸਕਦੀ ਹੈ ।ਕਿਉਂਕਿ ਮਸ਼ੀਨਾਂ ਦਾ ਡਿਜ਼ਾਈਨ ਇਹਨਾਂ ਬੌਧਿਕ ਗਤੀਵਿਧੀਆਂ ਵਿੱਚੋਂ ਇੱਕ ਹੈ।ਇਕ ਅਤਿ ਸੂਝਵਾਨ ਮਸ਼ੀਨ ਹੋਰ ਕਈ ਸੂਝਵਾਨ ਮਸ਼ੀਨਾਂ ਨੂੰ ਜਨਮ ਦੇ ਸਕਦੀ ਹੈ।ਇਸ ਲਈ ਮਨਸੂਈ ਬੁੱਧੀ ਵਿੱਚ ਇੱਕ ਧਮਾਕਾ ਹੋਵੇਗਾ, ਜਦੋਂ ਅਸੀਂ ਦੇਖਾਂਗੇ ਕਿ ਮਨੁੱਖ ਦੀ ਬੁੱਧੀ ਪਿੱਛੇ ਰਹਿ ਜਾਵੇਗੀ ।ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦੀ ਆਖਰੀ ਕਾਢ ਹੈ, ਉਸ ਤੋਂ ਬਾਅਦ ਮਨੁੱਖ ਨੂੰ ਇਸ ਦੀ ਜ਼ਰੂਰਤ ਨਹੀਂ ਰਹੇਗੀ, ਬਸ਼ਰਤੇ ਕਿ ਮਸ਼ੀਨ ਸਾਨੂੰ ਇਹ ਦੱਸਣ ਲਈ ਤਿਆਰ ਹੋਵੇ ਕਿ ਇਸ ਨੂੰ ਇਸ ਵਿੱਚ ਕਿਵੇਂ ਕਾਬੂ ਵਿੱਚ ਰੱਖਣਾ ਹੈ।

ਜਿਵੇਂ ਬਿਲ ਗੇਟਸ ਦਾ ਕਹਿਣਾ, ਪਹਿਲਾਂ ਮਸ਼ੀਨਾਂ ਸਾਡੇ ਲਈ ਨੌਕਰੀਆਂ ਪੈਦਾ ਕਰਨਗੀਆਂ ਅਤੇ ਇਹ ਸੁਪਰ ਬੁੱਧੀਮਾਨ ਨਹੀਂ ਹੋਣਗੀਆਂ, ਇਸ ਲਈ ਸਕਾਰਾਤਾਮਕ ਹੋਣਾ ਚਾਹੀਦਾ। ਮੈਨੂੰ ਅਚੰਭਾ ਹੈ ਕਿ ਕੁਝ ਲੋਕ ਇਸ ਤੋਂ ਚਿੰਤਤ ਕਿਉ ਨਹੀਂ ।ਆਰਟੀਫੀਸ਼ਲ ਇੰਟੈਲੀਜੈਂਸੀ ਆਟੋਮੈਟਿਕ ਕਾਰ, ਜਾਂ ਰੋਬੋਟ ਜਿਸ ਰਾਹੀਂ ਉਹ ਆਪਣੇ ਆਪ ਵਿਅਕਤੀ ਦਾ ਆਪ੍ਰੇਸ਼ਨ ਕਰਦਾ ਹੈ ।ਇਸ ਸਮੇਂ ਬਣਾਵਟੀ ਬੁੱਧੀ ਜਾਂ ਆਰਟੀਫੀਸ਼ਲ ਇੰਟੈਲੀਜੈਂਸੀ ਦੀ ਸਭ ਤੋਂ ਵੱਧ ਵਰਤੋਂ ਸਾਡੇ ਦੇਸ਼ ਭਾਰਤ ਵਿੱਚ ਹੋ ਰਹੀ ਹੈ ।ਜੇਕਰ ਅਸੀਂ ਇਸ ਨੂੰ ਸਹੀ ਸਿੱਧ ਕਰਨਾ ਚਾਹੁੰਦੇ ਹਾਂ ਤਾਂ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦਿਨੋ-ਦਿਨ ਮਨੁੱਖ ਵਿੱਚੋਂ ਰਿਸ਼ਤਿਆਂ ਦਾ ਖਾਤਮਾ, ਭਾਵਨਾ ਦਾ ਖਾਤਮਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਮਨੁੱਖ ਮਸ਼ੀਨ 'ਤੇ ਵੱਧ ਨਿਰਭਰ ਕਰ ਰਿਹਾ ਹੈ।ਲੇਖਕ ਆਪਣੀ ਗੱਲ ਇਸ ਰਾਹੀਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ।ਇਸੇ ਲਈ ਕਿਹਾ ਜਾ ਰਿਹਾ ਹੈ ਕਿ ਮਨੁੱਖਤਾ ਦਾ ਖਾਤਮਾ ਏ.ਆਈ ਦੀ ਸ਼ੁਰੂਆਤ ਹੈ ।ਇਸ ਲਈ ਸਾਨੂੰ ਸਮੇਂ ਦਾ ਹਾਣੀ ਬਣਨ ਦੀ ਵੀ ਲੋੜ ਹੈ, ਪਰ ਸਾਨੂੰ ਇਸ ਗੱਲ ਦਾ ਵੀ ਗਿਆਨ ਰਹਿਣਾ ਚਾਹੀਦਾ ਹੈ ਕਿ ਇਹ ਰਿਸ਼ਤੇ ਸਾਡੀਆਂ ਭਾਵਨਾਵਾਂ, ਸਾਡੀਆਂ ਭਾਸ਼ਾਵਾ, ਸਾਡੀ ਵਿਰਾਸਤ ਅਮੀਰ ਸੱਭਿਆਚਾਰ ਦੀ ਨਿਸ਼ਾਨੀ ਹੈ, ਇਸ ਬਾਰੇ ਵੀ ਸਾਨੂੰ ਖਿਆਲ ਰੱਖਣਾ ਪਵੇਗਾ ।ਇੱਕ ਚੀਜ਼ ਜੋ ਇਸ ਵਿਸ਼ੇ ਦੇ ਜਾਣਕਾਰਾਂ ਲਈ ਹੈ ਕਿ ਉਹ ਪੰਜਾਬੀ ਸੱਭਿਆਚਾਰ, ਭਾਸ਼ਾ, ਪਹਿਰਾਵਾ, ਰਹਿਣ ਸਹਿਣ, ਖਾਣ-ਪੀਣ, ਸਾਡਾ ਧਰਮ ਅਤੇ ਧਰਮ ਦੇ ਸਿਧਾਂਤਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਆਰਟੀਫੀਸ਼ਲ ਇੰਟੈਲੀਜੈਂਸੀ ਤੱਕ ਪਹੁੰਚਦੀ ਕਰਨੀ ਪਵੇਗੀ।

ਅਸੀਂ ਹਮੇਸ਼ਾ ਨਵੀਆਂ ਸੰਭਾਵਨਾਵਾਂ ਵਿੱਚ ਬਹੁਤ ਕੁਝ ਸਿੱਖਿਆ ਹੈ।ਪਿੱਛੇ ਅਸੀਂ ਇਸ ਵਾਰ ਵੀ ਨਹੀਂ ਰਹਾਂਗੇ ।ਸ਼ਾਲਾ ਆਓ ਚੰਗੇ ਦੀ ਉਮੀਦ ਕਰੀਏ।

***# ਸੰਪਰਕ : 94782-31000***

18-JUNE-PAGE-5.qxd 6/17/2024 8:56 PM Page 1



# ਵਿਧਾਨ ਸਭਾ ਦੀ ਬੁੱਢੇ ਦਰਿਆ ਬਾਰੇ ਕਮੇਟੀ ਮੀਟਿੰਗਾਂ ਤੱਕ ਹੀ ਸੀਮਤ : ਪਬਲਿਕ ਐਕਸ਼ਨ ਕਮੇਟੀ

## ਅੱਜ ਵਲੀਪੁਰ 'ਚ ਹੋਵੇਗੀ ਵਾਤਾਵਰਨ ਪ੍ਰੇਮੀਆਂ ਦੀ ਇਕੱਤਰਤਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਬੁੱਢੇ ਦਰਿਆ ਦੇ ਪ੍ਰਦੂਸ਼ਣ ਬਾਰੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਨਰੋਆ ਪੰਜਾਬ ਮੰਚ ਦੇ ਕਨਵੀਨਰ ਗੁਰਪ੍ਰੀਤ ਸਿੰਘ ਚੰਦਬਾਜਾ ਤੇ ਪੀ.ਏ.ਸੀ. ਮੱਤੇਵਾੜਾ ਦੇ ਜਸਕੀਰਤ ਸਿੰਘ ਨੇ ਦੱਸਿਆ ਕਿ ਬੁੱਢੇ ਦਰਿਆ ਵਿੱਚ ਪ੍ਰਦੂਸ਼ਣ ਦਾ ਮਸਲਾ ਬਹੁਤ ਗੰਭੀਰ ਮਸਲਾ ਹੈ, ਜੋ ਪੰਜਾਬ ਦੀ ਹੋਂਦ ਨਾਲ ਜੁੜਿਆ ਹੈ। ਲੋਕਾਂ ਨੂੰ ਝਾੜੂ ਵਾਲੀ ਸਰਕਾਰ ਤੋਂ ਬਹੁਤ ਆਸਾਂ ਸਨ, ਕਿਉਂਕਿ ਇਨ੍ਹਾਂ ਦੇ ਲੀਡਰ ਸਰਕਾਰ ਬਣਨ ਤੋਂ ਪਹਿਲਾਂ ਸਮਾਜ ਸੇਵੀ ਸੰਸਥਾਵਾਂ ਨਾਲ ਇਨ੍ਹਾਂ ਮੁੱਦਿਆਂ ਨੂੰ ਜ਼ੋਰ ਸ਼ੋਰ ਨਾਲ ਚੁੱਕਦੇ ਰਹੇ ਸਨ। ਮੌਜੂਦਾ ਵਿਧਾਨ ਸਭਾ ਬਣਨ ਤੋਂ ਬਾਅਦ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਵੱਲੋਂ ਬੁੱਢੇ ਦਰਿਆ ਬਾਰੇ ਇੱਕ 10 ਮੈਂਬਰੀ ਕਮੇਟੀ ਨਵੇਂ ਬਣੇ ਵਿਧਾਇਕਾਂ ਦੀ ਬਣਾਈ ਗਈ ਸੀ, ਜਿਸ ਦਾ ਕੰਮ ਬੁੱਢੇ ਦਰਿਆ ਦੀ ਮੁੜ ਸੁਰਜੀਤੀ ਨੂੰ ਕਰਵਾਉਣਾ ਸੀ। ਇਹ ਕਮੇਟੀ ਦੇ ਚੇਅਰਮੈਨ ਸ੍ਰ. ਦਲਜੀਤ ਸਿੰਘ ਭੋਲਾ ਵਿਧਾਇਕ ਲੁਧਿਆਣਾ ਪੂਰਬੀ ਨੂੰ ਲਗਾਇਆ ਗਿਆ ਸੀ। ਇਹ ਕਮੇਟੀ ਕੇਵਲ ਮੀਟਿੰਗਾਂ ਤੱਕ ਹੀ ਸੀਮਤ ਰਹਿ ਗਈ ਤੇ ਜ਼ਮੀਨੀ ਪੱਧਰ 'ਤੇ ਕੁਝ ਵੀ ਹਾਸਲ ਨਹੀਂ ਕਰ ਸਕੀ। ਹੋਰ ਤਾਂ ਹੋਰ ਜੋ ਪਿਛਲੀ ਸਰਕਾਰ ਨੇ 840 ਕਰੋੜ ਦਾ ਪ੍ਰੋਜੈਕਟ ਬੁੱਢੇ ਦਰਿਆ ਦੀ ਮੁੜ ਸੁਰਜੀਤੀ ਲਈ ਸ਼ੁਰੂ ਕੀਤਾ ਸੀ, ਉਸ ਨੂੰ ਵੀ ਸਮਾਂਬੱਧ ਤਰੀਕੇ ਨਾਲ ਨੇਪਰੇ ਨਹੀਂ ਚਾੜ੍ਹਿਆ। ਇਹ ਸਮੁੱਚੇ ਪੰਜਾਬੀਆਂ ਦੀ ਸਿਹਤ ਨਾਲ ਕੀਤਾ ਜਾ ਰਿਹਾ ਖਿਲਵਾੜ ਹੈ। ਸਗੋਂ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਹੋ ਰਹੀ ਨਸਲਕੁਸ਼ੀ ਦਾ ਵੀ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਵੱਡੇ ਪੱਧਰ 'ਤੇ ਇਸ ਮਸਲੇ ਨੂੰ ਹੱਲ ਕਰਾਉਣ ਲਈ ਲੋਕਾਂ ਵੱਲੋਂ ਸੰਘਰਸ਼ ਵਿੱਢਿਆ ਜਾਵੇ। ਇਸ ਸਬੰਧੀ ਅੱਗੇ ਦੀ ਰਣਨੀਤੀ ਸਾਂਝੀ ਕਰਦਿਆਂ ਪੀ.ਏ.ਸੀ. ਦੇ ਜਸਕੀਰਤ ਸਿੰਘ ਨੇ ਦੱਸਿਆ ਕਿ 18 ਜੂਨ 2024 ਨੂੰ ਸਵੇਰੇ 10 ਵਜੇ ਪਿੰਡ ਵਲੀਪੁਰ ਵਿਖੇ ਸਤਲੁਜ ਤੇ ਬੁੱਢੇ ਦਰਿਆ ਦੇ ਸੰਗਮ 'ਤੇ ਇੱਕ ਮੀਟਿੰਗ ਰੱਖੀ ਗਈ ਹੈ, ਜਿਸ ਵਿੱਚ ਪੰਜਾਬ ਦੇ ਵਾਤਾਵਰਨ ਨੂੰ ਸ਼ੁੱਧ ਕਰਨ ਵਿੱਚ ਲੱਗੀਆਂ ਸਾਰੀਆਂ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਇਸ ਮਸਲੇ 'ਤੇ ਇੱਕ ਸਾਂਝੀ ਵਿਓਂਤਬੰਦੀ ਕਰਨ ਲਈ ਸੱਦਾ ਦਿੱਤਾ ਗਿਆ ਹੈ।

ਇਸ ਵਿੱਚ ਲੱਖਾ ਸਿੰਘ ਸਿਧਾਣਾ, ਕਮਲਜੀਤ ਸਿੰਘ ਬਰਾੜ, ਦਲੇਰ ਸਿੰਘ ਡੋਡ, ਅਮਿਤੋਜ ਮਾਨ, ਜਸਕੀਰਤ ਸਿੰਘ ਤੇ ਮਹਿੰਦਰਪਾਲ ਲੂੰਬਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਤਾਵਰਨ ਪ੍ਰੇਮੀ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਦੱਖਣੀ ਪੰਜਾਬ ਦੇ ਸਾਰੇ ਲੋਕਾਂ ਤੇ ਆਗੂ ਸਾਹਿਬਾਨ ਨੂੰ ਖਾਸ ਤੌਰ 'ਤੇ ਅਪੀਲ ਕਰਦੇ ਹਾਂ ਕਿ ਆਓ ਸਾਰੇ ਮਿਲ ਕੇ ਪੰਜਾਬ ਦੇ ਇਸ ਅਤਿ ਜ਼ਰੂਰੀ ਮਸਲੇ 'ਤੇ ਆਵਾਜ਼ ਬੁਲੰਦ ਕਰੀਏ ਤਾਂ ਕਿ ਬੋਲ਼ੀਆਂ ਸਰਕਾਰਾਂ ਨੂੰ ਲੋਕਾਂ ਦੇ ਦਰਦ ਦੀ ਆਵਾਜ਼ ਸੁਣ ਸਕੇ।

# ਰਵਨੀਤ ਬਿੱਟੂ ਦੇ ਭਾਜਪਾ ਦਫ਼ਤਰ ਪਹੁੰਚਣ 'ਤੇ ਵਰਕਰਾਂ ਜਸ਼ਨ ਮਨਾਇਆ



**ਲੁਧਿਆਣਾ (ਜਸਦੀਪ ਵਰਤੀਆ)**-ਜ਼ਿਲ੍ਹਾ ਭਾਜਪਾ ਵੱਲੋਂ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਦੁੱਗਰੀ ਦਫ਼ਤਰ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਲੁਧਿਆਣਾ ਆਉਣ 'ਤੇ ਰਜਨੀਸ਼ ਧੀਮਾਨ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਮੌਕੇ ਰਜਨੀਸ਼ ਧੀਮਾਨ ਨੇ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਤ ਕਰਦਿਆਂ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੇ ਕੇਂਦਰੀ ਮੰਤਰੀ ਬਣਨ ਨਾਲ ਹੁਣ ਲੁਧਿਆਣਾ ਦਾ ਸਰਬਪੱਖੀ ਵਿਕਾਸ ਹੋਵੇਗਾ ਤੇ ਇਹ ਤਰੱਕੀ ਦੀ ਰਾਹ 'ਤੇ ਅੱਗੇ ਵਧੇਗਾ, ਕਿਉਂਕਿ ਲੁਧਿਆਣਾ ਦੇਸ਼ ਦਾ ਮਾਨਚੈਸਟਰ ਹੈ।ਆਉਣ ਵਾਲੇ ਦਿਨਾਂ 'ਚ ਲੁਧਿਆਣਾ ਦੀ ਇੰਡਸਟਰੀ ਨੂੰ ਮੁਸ਼ਕਲਾਂ ਤੋਂ ਰਾਹਤ ਮਿਲੇਗੀ ਤੇ ਲੁਧਿਆਣਾ 'ਚ ਅਧੂਰੇ ਪਏ ਪ੍ਰੋਜੈਕਟਾਂ ਨੂੰ ਵੀ ਨਵਾਂ ਜੀਵਨ ਮਿਲੇਗਾ।ਧੀਮਾਨ ਨੇ ਕਿਹਾ ਕਿ ਲੋਕ ਸਭਾ ਚੋਣ ਪ੍ਰਚਾਰ ਦੌਰਾਨ ਅਮਿਤ ਸ਼ਾਹ ਨੇ ਲੁਧਿਆਣਾ 'ਚ ਕੀਤੀ ਰੈਲੀ 'ਚ ਕਿਹਾ ਸੀ ਕਿ ਤੁਸੀਂ ਲੋਕ ਰਵਨੀਤ ਸਿੰਘ ਬਿੱਟੂ ਨੂੰ ਸਪੋਰਟ ਕਰੋ, ਮੈਂ ਬਿੱਟੂ ਨੂੰ ਜਲਦੀ ਹੀ ਵੱਡਾ ਆਦਮੀ ਬਣਾਵਾਂਗਾ।ਉਨ੍ਹਾਂ ਆਪਣਾ ਵਾਅਦਾ ਪੂਰਾ ਕੀਤਾ।ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਨੂੰ ਮਹਾਨਗਰ ਦੇ ਲੋਕਾਂ ਨੇ ਜੋ ਪਿਆਰ ਦਿੱਤਾ ਹੈ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ, ਇਹ ਭਾਜਪਾ ਵਰਕਰਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ ਕਿ ਉਹ ਹਾਰ ਕੇ ਵੀ ਜਿੱਤੇ ਹਨ।ਉਨ੍ਹਾ ਕਿਹਾ ਕਿ ਮੋਦੀ ਸਰਕਾਰ ਦੇ ਰਾਜ ਵਿੱਚ ਪੰਜਾਬ ਤਰੱਕੀ ਦੀ ਰਾਹ 'ਤੇ ਚੱਲੇਗਾ, ਹੁਣ ਲੁਧਿਆਣਾ ਦੀ ਇੰਡਸਟਰੀ ਵੀ ਨਵੀਆਂ ਬੁਲੰਦੀਆਂ ਛੂਹਣ ਦੀ ਕੋਸ਼ਿਸ਼ ਕਰੇਗੀ।ਇਸ ਮੌਕੇ ਭਾਜਪਾ ਦੇ ਸੂਬਾਈ ਮੀਤ ਪ੍ਰਧਾਨ ਜਤਿੰਦਰ ਮਿੱਤਲ, ਪ੍ਰਦੇਸ਼ ਜਰਨਲ ਸਕੱਤਰ ਅਨਿਲ ਸਰੀਨ, ਸਕੱਤਰ ਰੇਣੂ ਥਾਪਰ, ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ, ਸਾਬਕਾ ਜ਼ਿਲ੍ਹਾ ਪ੍ਰਧਾਨ ਪੁਸ਼ਪੇਂਦਰ ਸਿੰਗਲ, ਸੀਨੀਅਰ ਭਾਜਪਾ ਆਗੂ ਅਸ਼ੋਕ ਲੂੰਬਾ, ਕਮਲਜੀਤ ਸਿੰਘ ਕੜਵਲ, ਅਮਰਜੀਤ ਸਿੰਘ ਟਿੱਕਾ, ਕੇਵਲ ਡੋਗਰਾ, ਬਲਵਿੰਦਰ ਸਿਆਲ, ਬਲਵਿੰਦਰ ਸਿੰਘ ਬਿੰਦਰ, ਅਸ਼ੋਕ ਰਾਣਾ, ਡਾ: ਪਰਮਜੀਤ ਸਿੰਘ, ਰਜਿੰਦਰ ਸ਼ਰਮਾ, ਜਜਬੀਰ ਮਨਚੰਦਾ, ਪ੍ਰਦੀਪ ਪੰਛੀ, ਸਾਹਿਲ ਦੁੱਗਲ ਆਦਿ ਹਜ਼ਾਰਾਂ ਦੀ ਗਿਣਤੀ ਵਿੱਚ ਭਾਜਪਾ ਵਰਕਰਾਂ ਨੇ ਸ਼ਮੂਲੀਅਤ ਕੀਤੀ।

# ਡੋਮੈਸਟਿਕ ਵਰਕਰਾਂ ਨੇ ਚਾਰ ਛੁੱਟੀਆਂ ਦੀ ਕੀਤੀ ਮੰਗ : ਜਸਪ੍ਰੀਤ ਕੌਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਘਰੇਲੂ ਕਾਮਿਆਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਦੀ ਵੱਧਦੀ ਲੋੜ, ਜਿਸ ਵਿੱਚ ਬਹੁਗਿਣਤੀ ਵਿੱਚ ਔਰਤਾਂ ਹਨ, ਦੇ ਮੱਦੇਨਜ਼ਰ ਮੋਗਾ ਵਿਖੇ ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ (ਸੇਵਾ) ਵੱਲੋਂ 16 ਜੂਨ ਅੰਤਰਰਾਸ਼ਟਰੀ ਘਰੇਲੂ ਕਰਮਚਾਰੀ ਦਿਵਸ ਰੈਲੀ ਕਰਕੇ ਮਨਾਇਆ ਗਿਆ। ਇਸ ਵਿੱਚ ਸੈਂਕੜੇ ਭੈਣਾਂ ਨੇ ਹਿੱਸਾ ਲਿਆ। ਇਸ ਸਮੇਂ ਸੰਸਥਾ ਦੇ ਜ਼ਿਲ੍ਹਾ ਇੰਚਾਰਜ ਜਸਪ੍ਰੀਤ ਕੌਰ ਨੇ ਕਿਹਾ ਕਿ ਘਰੇਲੂ ਕਾਮਿਆਂ ਦੀ ਲਹਿਰ ਤੇ ਸਮੂਹ ਕਾਮਿਆਂ ਵਜੋਂ ਉਨ੍ਹਾਂ ਦੇ ਅਧਿਕਾਰਾਂ ਅਤੇ ਹੱਕਾਂ ਦੀ ਹਮਾਇਤ ਨੂੰ ਸਮੂਹਕ ਅਵਾਜ਼ ਦੇਣ ਲਈ ਉਨ੍ਹਾਂ ਦਾ ਸਮਰਥਨ ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ (ਸੇਵਾ) ਕਰ ਰਹੀ ਹੈ, ਜੋ ਕਿ ਪੰਜਾਬ ਵਿੱਚ 4000 ਤੋਂ ਵੱਧ ਕਾਮਿਆਂ ਨਾਲ ਕੰਮ ਕਰ ਰਹੀ ਹੈ। ਸੇਵਾ ਘਰੇਲੂ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲਿਆਂ/ਸ਼ਹਿਰ ਵਾਸੀਆਂ ਵਿੱਚ ਘਰੇਲੂ ਦਰਪੇਸ਼ ਮੁੱਦਿਆਂ ਬਾਰੇ ਜਾਗਰੂਕ ਕਰਨ ਦੀ ਉਮੀਦ ਰੱਖਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ 400 ਮਿਲੀਅਨ ਗੈਰ-ਰਸਮੀ ਕਾਮਿਆਂ ਵਿੱਚੋਂ 90% ਔਰਤਾਂ ਹਨ, ਜਿਸ ਵਿੱਚੋਂ ਵੱਡੀ ਪ੍ਰਤੀਸ਼ਤ ਘਰੇਲੂ ਕੰਮਾਂ ਵਿੱਚ ਲੱਗੀ ਹੋਈ ਹੈ। ਜਦੋਂ ਘਰੇਲੂ ਕਾਮਿਆਂ ਦੀ ਭਾਲ ਕਰ ਲਿੱਤੀ ਜਾਂਦੀ ਹੈ, ਉਨ੍ਹਾਂ ਨਾਲ ਘੱਟ ਹੀ ਕਾਮਿਆਂ ਵਾਂਗ ਵਰਤਾਓ ਕੀਤਾ ਜਾਂਦਾ ਹੈ ਤੇ ਨਾ ਹੀ ਉਹ ਆਪਣੇ ਆਪ ਨੂੰ ਕਾਮੇ ਮੰਨਦੇ ਹਨ। ਮਾਲਕ ਨੂੰ ਉਨ੍ਹਾਂ ਦੇ ਅਧਿਕਾਰ ਬਾਰੇ ਬਹੁਤ ਘੱਟ ਜਾਂ ਕੋਈ ਜਾਗਰੂਕਤਾ ਨਹੀਂ ਹੈ। ਉਹ ਨਹੀਂ ਸਮਝਦੇ ਕਿ ਨਿਯਮਤ ਕੰਮ ਕਰਨ ਦਾ ਸਮਾਂ, ਵਧੀਆ ਤਨਖਾਹ, ਹਫਤਾਵਾਰੀ ਛੁੱਟੀ ਆਦਿ ਉਨ੍ਹਾਂ ਦੇ ਅਧਿਕਾਰ ਹਨ। ਇਸ ਦੇ ਮੱਦੇਨਜ਼ਰ ਸੇਵਾ ਪੰਜਾਬ ਦੇ ਘਰੇਲੂ ਕਰਮਚਾਰੀ ਮੈਂਬਰਾਂ ਵੱਲੋਂ ਮੋਗਾ ਵਿਖੇ ਰੈਲੀ ਕਰਕੇ ਆਪਣੇ ਮੁੱਦਿਆਂ ਨੂੰ ਉਠਾਇਆ। ਇਸ ਸਮੇਂ ਸੇਵਾ ਪੰਜਾਬ ਦੇ ਮੈਂਬਰਾਂ ਜੋ ਆਪਣੇ ਆਪ ਵਿੱਚ ਇੱਕ ਘਰੇਲੂ ਕਰਮਚਾਰੀ ਹਨ, ਨੇ ਕਿਹਾ ਕਿ ਅਸੀਂ ਆਪਣੇ ਅਧਿਕਾਰਾਂ ਲਈ ਅਪੀਲ ਕਰ ਰਹੇ ਹਾਂ, ਪਰ ਸਰਕਾਰ ਤੇ ਸਾਡੇ ਮਾਲਕ ਸਾਡੀ ਲਹਿਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦੇ ਹਨ। ਸਾਨੂੰ ਹਰ ਮਹੀਨੇ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਸਾਡੇ ਕੰਮ ਦੀ ਪਹਿਚਾਣ ਦਿੱਤੀ ਜਾਵੇ।

ਘਰੇਲੂ ਮਜ਼ਦੂਰਾਂ ਲਈ ਸਰਕਾਰ ਦੁਆਰਾ ਆਈ ਐੱਲ ਓ ਕਨਵੈਨਸ਼ਨ 189 ਨੂੰ ਪ੍ਰਮਾਣਿਤ ਕੀਤਾ ਜਾਵੇ, ਘਰੇਲੂ ਮਜ਼ਦੂਰਾਂ ਲਈ ਇਕ ਵਿਸ਼ਾਲ ਵਿਆਪਕ ਕਾਨੂੰਨ ਜਿਸ ਦੇ ਮੱਦੇਨਜ਼ਰ ਭਾਰਤ ਵੀ ਸੰਮੇਲਨ 189 ਨੂੰ ਪ੍ਰਵਾਨਗੀ ਦੇਵੇਗਾ ਤੇ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਪ੍ਰਦਰਸ਼ਤ ਕਰਨ ਦੇ ਯੋਗ ਹੋਵੇਗਾ, ਕਿ ਭਾਰਤ ਮਜ਼ਦੂਰਾਂ ਦੇ ਇਸ ਕਮਜ਼ੋਰ ਵਰਗ ਦੀ ਦੇਖਭਾਲ ਕਰਦਾ ਹੈ, ਸਾਰੇ ਘਰੇਲੂ ਕਾਮਿਆਂ ਨੂੰ ਕਿਰਤ ਵਿਭਾਗ ਵਿਚ ਰਜਿਸਟਰ ਕੀਤਾ ਜਾਵੇ। ਭੈਣਾਂ ਨੇ ਕਿਹਾ ਕਿ ਸਾਨੂੰ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਮਾਣ ਸਨਮਾਨ ਤੇ ਸੁਰੱਖਿਆ ਗਰੰਟੀ ਕੀਤੀ ਜਾਵੇ। ਇਸ ਸਮੇਂ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਹਰਵਿੰਦਰ ਕੌਰ, ਪਰਮਜੀਤ ਕੌਰ, ਵਰਖਾ ਰਾਣੀ, ਤਸਵੀਰ ਕੌਰ, ਸੀਮਾ ਰਾਣੀ, ਹਰਪ੍ਰੀਤ ਕੌਰ, ਕੁਲਦੀਪ ਕੌਰ, ਬਲਜੀਤ ਕੌਰ, ਸੁਖਵਿੰਦਰ ਕੌਰ, ਆਦਿ ਔਰਤਾਂ ਤੇ ਆਗੂ ਸ਼ਾਮਲ ਸਨ।

## ਕਾਤਰਾਂ

### 110 ਗ੍ਰਾਮ ਹੈਰੋਇਨ ਸਮੇਤ ਦੋ ਅੜਿੱਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਜ਼ੀਰਾ ਤੇ ਥਾਣਾ ਮਖੂ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਦੋ ਵਿਅਕਤੀਆਂ ਨੂੰ 110 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਜ਼ੀਰਾ ਦੇ ਸਹਾਇਕ ਥਾਣੇਦਾਰ ਸਤਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਦੁਸਹਿਰਾ ਗਰਾਊਂਡ ਸਮਾਧੀ ਮੁਹੱਲਾ ਪਾਸ ਪੁੱਜੀ ਤਾਂ ਇੱਕ ਵਿਅਕਤੀ ਮਨਜੀਤ ਸਿੰਘ ਉਰਫ ਜੋੜਾ ਪੁੱਤਰ ਅਜੀਤ ਸਿੰਘ ਵਾਸੀ ਸਮਾਧੀ ਮੁਹੱਲਾ ਜ਼ੀਰਾ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਦੌਰਾਨ ਥਾਣਾ ਮਖੂ ਪੁਲਸ ਦੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਮੋਹਕਮ ਵਾਲਾ ਪਾਸ ਪੁੱਜੇ ਤਾਂ ਇੱਕ ਵਿਅਕਤੀ ਮਾਨ ਸਿੰਘ ਪੁੱਤਰ ਫਤਿਹ ਸਿੰਘ ਵਾਸੀ ਮੋਹਕਮ ਵਾਲਾ ਉਰਫ ਅਰਾਈਆਂ ਵਾਲਾ ਪੈਦਲ ਆਉਂਦਾ ਵਿਖਾਈ ਦਿੱਤਾ, ਜਿਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 60 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਰੇਲ ਗੱਡੀ ਹੇਠ ਆਉਣ ਨਾਲ ਨੌਜਵਾਨ ਦੀ ਮੌਤ



**ਬਰੇਟਾ (ਗੀਤਵਾਲ)**-ਸਥਾਨਕ ਸ਼ਹਿਰ ਦੇ ਇੱਕ ਨੌਜਵਾਨ ਵੱਲੋਂ ਰੇਲ ਗੱਡੀ ਥੱਲੇ ਆ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਦਾ ਦੁੱਖਦਾਈ ਸਮਾਚਾਰ ਹੈ। ਰੇਲਵੇ ਪੁਲਸ ਚੌਕੀ ਬੁਢਲਾਡਾ ਦੇ ਇੰਚਾਰਜ ਇਕਬਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਜੋਤ ਸਿੰਘ ਵਾਸੀ ਬਰੇਟਾ (28) ਜੋ ਪਿਛਲੇ ਸਮੇਂ ਤੋਂ ਮਾਨਸਿਕ ਪ੍ਰੇਸ਼ਾਨ ਸੀ। ਇਸੇ ਪ੍ਰੇਸ਼ਾਨੀ ਦੇ ਕਾਰਨ ਉਸ ਨੇ ਬੀਤੀ ਐਤਵਾਰ ਦੀ ਦੇਰ ਰਾਤ ਬਰੇਟਾ ਰੇਲਵੇ ਫਾਟਕ ਦੇ ਨਜ਼ਦੀਕ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਇੱਕ ਟਰੇਨ ਅੱਗੇ ਆ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਨ੍ਹਾਂ ਕਿਹਾ ਕਿ ਰੇਲਵੇ ਪੁਲਸ ਵੱਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

### ਬੁਲਟ ਮੋਟਰਸਾਈਕਲ ਵੱਜਣ ਨਾਲ ਜ਼ਖਮੀਂ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰੂ ਹਰਸਹਾਏ ਵਿਖੇ ਬੁਲਟ ਮੋਟਰਸਾਈਕਲ ਵੱਜਣ ਨਾਲ ਜ਼ਖ਼ਮੀਂ ਹੋਏ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਗੁਰੂ ਹਰਸਹਾਏ ਪੁਲਸ ਨੇ ਬੁਲਟ ਮੋਟਰਸਾਈਕਲ ਚਾਲਕ ਖਿਲਾਫ 304-ਏ, 279 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਿੰਦਰ ਸਿੰਘ ਪੁੱਤਰ ਸਮੰਦਾ ਰਾਮ ਵਾਸੀ ਝਾਵਲਾ ਨੇ ਦੱਸਿਆ ਕਿ ਉਹ ਆਪਣੇ ਤਾਏ ਦੇ ਲੜਕੇ ਬਲਵਿੰਦਰ ਕੁਮਾਰ (40 ਸਾਲ) ਪੁੱਤਰ ਆਸ਼ਕ ਰਾਮ ਨਾਲ ਕੇਵਲ ਪ੍ਰਧਾਨ ਸ਼ੈਲਰ ਗੁਰੂ ਹਰਸਹਾਏ ਤੋਂ ਫਰੀਦਕੋਟ ਰੋਡ 'ਤੇ ਗੱਲਾਂ ਕਰ ਰਹੇ ਸੀ ਤਾਂ ਦੋਸ਼ੀ ਅਮਨ ਪੁੱਤਰ ਮੇਜਰ ਵਾਸੀ ਐੱਸ ਕੇ ਐੱਸ ਕਲੋਨੀ ਫਰੀਦਕੋਟ ਰੋਡ ਗੁਰੂ ਹਰਸਹਾਏ ਨੇ ਆਪਣਾ ਬੋਲਟ ਮੋਟਰਸਾਈਕਲ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਬਲਵਿੰਦਰ ਕੁਮਾਰ ਵਿੱਚ ਮਾਰਿਆ। ਬਲਵਿੰਦਰ ਕੁਮਾਰ ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰ ਨੇ ਬਿਜਲੀ ਦਰਾਂ 'ਚ ਵਾਧਾ ਕਰਕੇ ਲੋਕਾਂ ਨਾਲ ਧੋਖਾ ਕੀਤਾ : ਬੱਬਲੂ ਖੌਰਾ



**ਨਾਭਾ (ਵਰਿੰਦਰ ਵਰਮਾ)**-ਸੂਬਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਝੂਠੀਆਂ ਗਰੰਟੀਆਂ ਕਰਕੇ ਸੱਤਾ ਹਾਸਲ ਕੀਤੀ ਸੀ, ਜਿਸ ਨੂੰ ਵੇਖਦੇ ਹੋਏ ਪੰਜਾਬ ਦੀ ਜਨਤਾ ਨੇ ਲੋਕ ਸਭਾ ਚੋਣਾਂ ਵਿੱਚ ਆਪ ਸਰਕਾਰ ਨੂੰ ਨਕਾਰ ਦਿੱਤਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਕੌਂਸਲਰ ਤੇ ਪੀਏਸੀ ਮੈਂਬਰ ਐਡਵੋਕੇਟ ਖੁਸ਼ਹਾਲ ਬੱਬਲੂ ਖੌਰਾ ਨਾਭਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਘਰੇਲੂ ਤੇ ਉਦਯੋਗਿਕ ਖਪਤਕਾਰਾਂ ਲਈ ਬਿਜਲੀ ਦਰਾਂ 'ਚ ਕੀਤਾ ਵਾਧਾ ਸੂਬੇ ਦੇ ਲੋਕਾਂ ਲਈ ਵੱਡਾ ਵਿੱਤੀ ਸੰਕਟ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਬਿਜਲੀ ਵਾਧਾ ਵਾਪਸ ਲੈਣ ਦੀ ਮੰਗ ਕੀਤੀ।ਬੱਬਲੂ ਖੌਰਾ ਨਾਭਾ ਨੇ ਆਖਿਆ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਮੁਫਤ ਬਿਜਲੀ ਦੇਣ ਦਾ ਡਰਾਮਾ ਕਰ ਰਹੀ ਹੈ, ਪ੍ਰੰਤੂ ਜਿਸ ਸਮੇਂ ਗਰਮੀ ਦੇ ਮੌਸਮ ਵਿੱਚ ਘਰੇਲੂ ਖਪਤਕਾਰਾਂ ਲਈ ਬਿਜਲੀ ਦੀ ਲੋੜ ਹੈ, ਉਸ ਸਮੇਂ ਦਰਾਂ ਵਿੱਚ ਕੀਤਾ ਵਾਧਾ ਮਾਨ ਸਰਕਾਰ ਦੀ ਦੋਗਲੀ ਨੀਤੀ ਨੂੰ ਬਿਆਨ ਕਰਦਾ ਹੈ।ਉਨ੍ਹਾਂ ਆਖਿਆ ਕਿ ਪੰਜਾਬ ਨਾਲੋਂ ਪਹਿਲਾਂ ਹੀ ਉਦਯੋਗਕ ਖੇਤਰਾਂ ਦਾ ਮੋਹ ਭੰਗ ਹੋ ਚੁੱਕਾ ਹੈ, ਪਰ ਆਪ ਸਰਕਾਰ ਵੱਲੋਂ ਕੀਤੀ ਮਹਿੰਗੀ ਬਿਜਲੀ ਸਨਅਤ ਲਈ ਦੋਹਰੀ ਮਾਰ ਹੈ।ਉਨ੍ਹਾਂ ਆਖਿਆ ਕਿ ਚੋਣਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁਫਤ ਬਿਜਲੀ ਦੇਣ ਦੇ ਨਾਮ 'ਤੇ ਵੋਟਾਂ ਬਟੋਰੀਆਂ ਗਈਆਂ ਸਨ, ਪਰ ਵੋਟਾਂ ਪੈਣ ਤੋਂ ਤੁਰੰਤ ਬਾਅਦ ਬਿਜਲੀ ਦੇ ਰੇਟਾਂ ਵਿੱਚ ਕੀਤੇ ਝਟ ਪਟ ਵਾਅਦੇ ਨੇ ਸੂਬੇ ਦੇ ਲੋਕਾਂ ਨੂੰ ਨਮੋਸ਼ੀ ਵੱਲ ਧੱਕ ਦਿੱਤਾ ਹੈ।ਬੱਬਲੂ ਖੌਰਾ ਨਾਭਾ ਨੇ ਕਿਹਾ ਕਿ ਹਲਕਾ ਨਾਭਾ 'ਚ ਬਿਜਲੀ ਦੇ ਲਗਾਤਾਰ ਕੱਟ ਲੱਗ ਰਹੇ ਹਨ।ਗਰਮੀ ਦੇ ਕਾਰਨ ਲੋਕਾਂ ਵਿੱਚ ਹਾਹਾਕਾਰ ਮੱਚੀ ਹੋਈ ਹੈ।ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਧਾਈ ਬਿਜਲੀ ਦੇ ਰੇਟਾਂ ਨੂੰ ਤੁਰੰਤ ਵਾਪਸ ਜਾਵੇ।

# ਅੱਗ ਲੱਗਣ ਕਾਰਨ ਕਾਰ ਸੜ ਕੇ ਹੋਈ ਸੁਆਹ



**ਨਾਭਾ (ਵਰਿੰਦਰ ਵਰਮਾ)**-ਨਾਭਾ ਤੋਂ ਜੌੜੇ ਪੁਲ ਰੋਡ ਬੀੜ ਵਿੱਚ ਨੌਗਜਾ ਸਮਾਧ ਕੋਲ ਇੱਕ ਅਲਟਰਾ (ਹੁੰਡਾਈ) ਗੱਡੀ ਅੱਗ ਲੱਗਣ ਨਾਲ ਸੜ ਕੇ ਸੁਆਹ ਹੋ ਗਈ।ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਗੱਡੀ ਦੇ ਮਾਲਕ ਕਰਨ ਸ਼ੇਰ ਸਿੰਘ ਪੁੱਤਰ ਵਿਜੇ ਕੁਮਾਰ ਪਿੰਡ ਬਿਰਧਨੋਂ ਥਾਣਾ ਭਾਦਸੋ, ਜੋ ਪਿੰਡ ਬਿਰਧਨੋ ਤੋਂ ਸਵਾਰ ਹੋ ਕੇ ਨਾਭੇ ਨੂੰ ਜਾ ਰਹੇ ਸਨ, ਇਹ ਨੌਗਜਾ ਸਮਾਧ ਤੋਂ ਪਿਛਲੇ ਪਾਸੇ ਗੱਡੀ ਦੇ ਅੱਗੇ ਅਵਾਰਾ ਡੰਗਰ ਆਉਣ ਕਾਰਨ ਗੱਡੀ ਦਰੱਖਤ ਨਾਲ ਜਾ ਟਕਰਾਈ ਅਤੇ ਏ ਸੀ ਦੇ ਕੰਪਰੈਸ਼ਰ ਦਾ ਪਟਾਕਾ ਪੈਣ ਕਾਰਨ ਅੱਗ ਲੱਗ ਗਈ ਅਤੇ ਤੁਰੰਤ ਹੀ ਗੱਡੀ ਦੀ ਬੈਟਰੀ ਨੂੰ ਅੱਗ ਲੱਗ ਗਈ ਅਤੇ ਬੈਟਰੀ ਦਾ ਪਟਾਕਾ ਪੈ ਗਿਆ।ਉਨ੍ਹਾਂ 100 ਨੰਬਰ 'ਤੇ ਕਾਲ ਕੀਤੀ, ਉਨ੍ਹਾਂ ਵੱਲੋਂ ਭਾਦਸੋਂ ਥਾਣੇ ਨੂੰ ਸੂਚਿਤ ਕੀਤਾ ਗਿਆ ਤੇ ਫਾਇਰ ਬ੍ਰਿਗੇਡ ਗੱਡੀ ਨੇ ਤਕਰੀਬਨ ਡੇਢ ਘੰਟੇ ਬਾਅਦ ਆ ਕੇ ਅੱਗ 'ਤੇ ਕਾਬੂ ਪਾਇਆ ਗਿਆ, ਤਦ ਤੱਕ ਗੱਡੀ ਸਾਰੀ ਸੜ ਕੇ ਸਵਾਹ ਹੋ ਚੁੱਕੀ ਸੀ।ਗੱਡੀ ਮਾਲਕ ਕਰਨ ਸ਼ੇਰ ਸਿੰਘ ਨੇ ਦੱਸਿਆ ਕਿ ਇਹ ਗੱਡੀ ਅਲਟਾਰਾ ਹੁੰਡਾਈ ਕੰਪਨੀ ਦੀ 2013 ਮਾਡਲ ਗੱਡੀ ਨੰਬਰ ਪੀ ਬੀ 13 ਏ ਜੀ 8181 ਮੇਰੇ ਨਾਮ 'ਤੇ ਹੈ।ਉਨ੍ਹਾ ਦੱਸਿਆ ਕਿ ਮੈਂ ਨਾਭਾ ਦੇ ਬੌੜਾ ਗੇਟ ਵਿਖੇ ਬਿਜਲੀ ਦਾ ਸਾਮਾਨ ਲੈਣ ਲਈ ਪਿੰਡੋਂ ਸਵਾਰ ਹੋ ਕੇ ਜਾ ਰਿਹਾ ਸੀ ਕਿ ਇਹ ਹਾਦਸਾ ਵਾਪਰ ਗਿਆ।ਦੂਜੇ ਪਾਸੇ ਥਾਣਾ ਸਦਰ ਦੇ ਏ ਐੱਸ ਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਅਵਾਰਾ ਗਊਆਂ ਗੱਡੀ ਅੱਗੇ ਆਉਣ ਕਰਕੇ ਐਕਸੀਡੈਂਟ ਹੋਇਆ ਹੈ, ਜਿਸ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਬਾਕੀ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਇਆ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪਿਛਲੇ ਦਿਨੀਂ ਡ੍ਰੀਮ ਡੀ ਸਟੂਡੀਓ ਤਲਵੰਡੀ ਸਾਬੋ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਅਤੇ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ।ਕੈਂਪ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਚੈਰੀਟੇਬਲ ਟਰੱਸਟ ਬਲੱਡ ਬੈਂਕ ਬਠਿੰਡਾ ਵੱਲੋਂ 31 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਮਾਲਵਾ ਵੈੱਲਫੇਅਰ ਕਲੱਬ ਤਲਵੰਡੀ ਸਾਬੋ ਦੇ ਚੇਅਰਮੈਨ ਸ਼ੇਖਰ ਤਲਵੰਡੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਨੌਜਵਾਨਾਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਨੌਜਵਾਨਾਂ ਨੂੰ ਖ਼ੂਨਦਾਨ ਕਰਨ ਪ੍ਰਤੀ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਬੰਧਕੀ ਟੀਮ ਦੀਪਕ ਸ਼ਰਮਾ, ਕੰਵਰਜੀਤ ਸਿੰਘ, ਨਰਬਿੰਦਰ ਸਿੰਘ ਤੇ ਜਗਤਾਰ ਸਿੰਘ ਵੱਲੋਂ ਸਾਰਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਗਿਆ।ਇਸ ਤੋਂ ਇਲਾਵਾ ਤਰਸੇਮ ਸਿੰਗਲਾ (ਸ਼ਹਿਰੀ ਪ੍ਰਧਾਨ) ਗੁਰਦੀਪ ਸ਼ਰਮਾ, ਸੁਖਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਬਲਦੀਪ ਸਿੰਘ ਤੇ ਸੁਰਿੰਦਰ ਸਿੰਘ, ਬਲਵੰਤ ਸਿੰਘ ਆਦਿ ਹਾਜ਼ਰ ਰਹੇ।



# ਕਿਰਨਦੀਪ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਬੁਢਲਾਡਾ/ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਫੁੱਲੂਵਾਲਾ ਡੋਗਰਾਂ ਤੋਂ ਬਹੁਜਨ ਸਮਾਜ ਪਾਰਟੀ ਦੇ ਵਰਕਰ ਸੁਰਜੀਤ ਸਿੰਘ ਦੀ ਪੁੱਤਰੀ ਕਿਰਨਦੀਪ ਕੌਰ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਹਲਕਾ ਬੁਢਲਾਡਾ ਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰਾਂ ਅਤੇ ਕੁਲਦੀਪ ਸਿੰਘ ਸਰਦੂਲਗੜ੍ਹ, ਮਾਸਟਰ ਗੁਰਮੇਲ ਸਿੰਘ ਬੋੜਾਵਾਲ, ਤੇਜਾ ਸਿੰਘ ਬਰੇਟਾ, ਸਰਵਰ ਕੁਰੈਸ਼ੀ ਭੀਖੀ, ਗੁਰਦੀਪ ਸਿੰਘ ਮਾਖਾ, ਗੁਰਧਿਆਨ ਸਿੰਘ ਕਟਾਰੀਆ, ਮੱਖਣ ਸਿੰਘ ਟੇਲਰ ਬਸਪਾ ਆਗੂ, ਅਮਰੀਕ ਸਿੰਘ, ਸੱਤਪਾਲ ਸਿੰਘ ਕੋਕੀ, ਕੁੰਢਾ ਸਿੰਘ, ਪਾਲੀ ਸਿੰਘ ਰੱਲੀ, ਜਗਤਾਰ ਸਿੰਘ ਫਤਿਹਪੁਰ, ਅਮਨ ਬੋਹਾ, ਗੁਰਸੇਵਕ ਸਿੰਘ ਰਿਉਂਦ ਕਲਾਂ, ਸੋਨੂੰ ਕਟਾਰੀਆ, ਰੁਲਦੂ ਸੁਚੰਦ ਬੁਢਲਾਡਾ, ਸ਼ੇਰ ਸਿੰਘ ਸ਼ੇਰ ਆਦਿ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਾਹਿਗੁਰੂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਿੱਛੋਂ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਜ਼ਿਕਰਯੋਗ ਹੈ ਕਿ ਕਿਰਨਦੀਪ ਕੌਰ ਦੀ ਆਤਮਿਕ ਸ਼ਾਂਤੀ ਲਈ ਰਖਵਾਏ ਗਏ ਅੰਮ੍ਰਿਤਬਾਣੀ ਪਾਠ ਦੇ ਭੋਗ 21 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਫੁੱਲੂਵਾਲਾ ਡੋਗਰਾ ਜ਼ਿਲ੍ਹਾ ਮਾਨਸਾ ਵਿਖੇ ਪਾਏ ਜਾਣਗੇ।

# ਪੰਜ ਕਿੱਲੋ ਭੁੱਕੀ ਸਮੇਤ ਔਰਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਔਰਤ ਨੂੰ ਪੰਜ ਕਿੱਲੋ ਭੁੱਕੀ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਜਦੋਂ ਗਸ਼ਤ ਕਰਦੀ ਹੋਈ ਪਿੰਡ ਮਲਕਪੁਰ ਦੇ ਟੀ ਪੁਆਇੰਟ ਕੋਲ ਪੁੱਜੀ ਤਾਂ ਫਲੋਟਿੰਗ ਰੈਸਟੋਰੈਂਟ ਸਰਹਿੰਦ ਵੱਲੋਂ ਪੈਦਲ ਤੁਰੀ ਆ ਰਹੀ ਇੱਕ ਔਰਤ ਪੁਲਸ ਕਰਮਚਾਰੀਆਂ ਨੂੰ ਦੇਖ ਕੇ ਘਬਰਾ ਗਈ, ਜਿਸ ਨੇ ਹੱਥ 'ਚ ਫੜਿਆ ਬੈਗ ਸੜਕ ਕਿਨਾਰੇ ਝਾੜੀਆਂ/ਦਰੱਖਤਾਂ 'ਚ ਸੁੱਟ ਦਿੱਤਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਨਾਮ ਪਤਾ ਪੁੱਛੇ ਜਾਣ 'ਤੇ ਉਕਤ ਔਰਤ ਨੇ ਆਪਣੀ ਪਹਿਚਾਣ ਪਿੰਕੀ ਵਾਸੀ ਪਿੰਡ ਤਰਖਾਣ ਮਾਜਰਾ ਵਜੋਂ ਦੱਸੀ।ਸਹਾਇਕ ਥਾਣੇਦਾਰ ਜਸਵੀਰ ਸਿੰਘ ਨੇ ਉਕਤ ਔਰਤ ਵੱਲੋਂ ਸੁੱਟੇ ਗਏ ਬੈਗ ਨੂੰ ਚੈੱਕ ਕੀਤਾ ਤਾਂ ਬੈਗ ਵਿੱਚੋਂ 5 ਕਿੱਲੋ ਭੁੱਕੀ ਬਰਾਮਦ ਹੋਈ।ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਪਿੰਕੀ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਸਟੱਡੀ ਸਰਕਲ ਵੱਲੋਂ ਗੁਰੂ ਨਾਨਕ ਮੋਦੀਖਾਨੇ ਦੀ ਆਰੰਭਤਾ



**ਸੰਗਰੂਰ (ਪ੍ਰਵੀਨ ਸਿੰਘ)**-ਧਾਰਮਿਕ ਖੇਤਰ ਦੇ ਨਾਲ ਨਾਲ ਸਮਾਜਿਕ ਖੇਤਰ ਦੀਆਂ ਸੇਵਾਵਾਂ ਦੀ ਲੜੀ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗੁਰੂ ਨਾਨਕ ਮੋਦੀਖਾਨੇ ਦੀ ਸ਼ੁਰੂਆਤ ਸਥਾਨਕ ਬਡਰੁੱਖਾਂ ਰੋਡ ਸਥਿਤ ਜ਼ੋਨਲ ਦਫ਼ਤਰ ਵਿਖੇ ਕੀਤੀ ਗਈ।ਇਸ ਮੌਕੇ ਸੰਤ ਬਾਬਾ ਬਲਜੀਤ ਸਿੰਘ ਫੱਕਰ, ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ, ਜਸਵਿੰਦਰ ਸਿੰਘ ਪ੍ਰਿੰਸ ਮੁਖੀ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਸੰਗਰੂਰ ਅਤੇ ਇੰਜਨੀਅਰ ਸਰੂਪ ਸਿੰਘ ਜੋਤੀਸਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਦਫ਼ਤਰ ਵਿਖੇ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਸਟੱਡੀ ਸਰਕਲ ਸੇਵਕਾਂ ਵੱਲੋਂ ਕੀਤਾ ਗਿਆ।ਲਾਭ ਸਿੰਘ ਡਿਪਟੀ ਚੀਫ਼ ਆਰਗੇਨਾਈਜ਼ਰ, ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਸਕੱਤਰ, ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਅਜਮੇਰ ਸਿੰਘ ਕੋਆਰਡੀਨੇਟਰ ਮੋਦੀਖਾਨਾ, ਗੁਰਮੇਲ ਸਿੰਘ ਵਿੱਤ ਸਕੱਤਰ, ਪ੍ਰੋ: ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ ਖੇਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ ਦੀ ਦੇਖ-ਰੇਖ ਹੇਠ ਹੋਏ ਸਮਾਗਮ ਦੀ ਆਰੰਭਤਾ ਗੁਰਬਾਣੀ ਪਾਠ ਨਾਲ ਕੀਤੀ ਗਈ। ਇਸ ਮੌਕੇ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਰਾਜਵਿੰਦਰ ਸਿੰਘ ਲੱਕੀ ਪ੍ਰਧਾਨ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਨਰਿੰਦਰ ਪਾਲ ਸਿੰਘ ਸਾਹਨੀ ਐਡਵੋਕੇਟ, ਗੁਰਿੰਦਰ ਸਿੰਘ ਗੁਜਰਾਲ ਸੀ ਏ, ਹਰਵਿੰਦਰ ਸਿੰਘ ਬਿੱਟੂ, ਗੁਰਮੀਤ ਸਿੰਘ ਨਾਗੀ, ਹਰਜੀਤ ਸਿੰਘ ਢੀਂਗਰਾ, ਦਰਸ਼ਨ ਸਿੰਘ ਨੌਰਥ ਗੁਰਦੁਆਰਾ ਸਾਹਿਬ ਬੇਗਮਪੁਰਾ, ਜੋਗਿੰਦਰ ਸਿੰਘ ਖੇੜੀ, ਡਾ. ਦਰਸ਼ਨ ਸਿੰਘ, ਸਤਨਾਮ ਸਿੰਘ ਦਮਦਮੀ, ਨਛੱਤਰ ਸਿੰਘ ਜੱਸੀ, ਡਾ. ਦਰਸ਼ਨ ਸਿੰਘ ਆਸਟ੍ਰੇਲੀਆ, ਹਰਵਿੰਦਰ ਕੌਰ ਐਡੀਸ਼ਨਲ ਜ਼ੋਨਲ ਸਕੱਤਰ ਇਸਤਰੀ ਕੌਂਸਲ, ਜਸਵਿੰਦਰ ਕੌਰ ਗੁਰੂ ਨਾਨਕ ਕਲੋਨੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਆਦਿ ਹਾਜ਼ਰ ਸਨ।ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸਵਾਗਤੀ ਸ਼ਬਦ ਕਹੇ।ਅਜਮੇਰ ਸਿੰਘ ਕੋਆਰਡੀਨੇਟਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਨਾਨਕ ਮੋਦੀਖਾਨਾ ਰੋਜ਼ਾਨਾ ਸ਼ਾਮ 4 ਵਜੇ 6 ਵਜੇ ਤੱਕ ਖੁੱਲ੍ਹੇਗਾ। ਉਨ੍ਹਾਂ ਦੱਸਿਆ ਕਿ ਫਿਲਹਾਲ ਸਾਡੇ ਕੋਲ ਬੱਚਿਆਂ ਤੋਂ ਲੈ ਕੇ ਵੱਡਿਆਂ ਤੇ ਇਸਤਰੀਆਂ ਦੇ ਕੱਪੜੇ ਮੌਜੂਦ ਹਨ, ਜੋ ਕਿ ਕੇਵਲ 13/- ਰੁਪਏ ਪ੍ਰਤੀ ਨਗ ਦਿੱਤੇ ਜਾਣਗੇ।ਅਰਦਾਸ ਤੋਂ ਉਪਰੰਤ ਬਾਬਾ ਫੱਕਰ ਤੇ ਬਾਕੀ ਮਹਿਮਾਨਾਂ ਨੇ ਮੋਦੀਖਾਨੇ ਦਾ ਉਦਘਾਟਨ ਜੈਕਾਰਿਆਂ ਦੀ ਗੂੰਜ ਵਿੱਚ ਕੀਤਾ ਤੇ ਹਾਜ਼ਰ ਲੋੜਵੰਦਾਂ ਨੂੰ ਕੱਪੜੇ ਦੇ ਕੇ ਮੋਦੀਖਾਨੇ ਦੀ ਸ਼ੁਰੂਆਤ ਕੀਤੀ।

# 75 ਗ੍ਰਾਮ ਹੈਰੋਇਨ ਤੇ ਡਿਜੀਟਲ ਕੰਡੇ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਤੇ ਥਾਣਾ ਤਲਵੰਡੀ ਭਾਈ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 75 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਕੁੱਲਗੜ੍ਹੀ ਤੇ ਥਾਣਾ ਤਲਵੰਡੀ ਭਾਈ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੌਰਾਨ ਦਾਣਾ ਮੰਡੀ ਸ਼ੇਰ ਖਾਂ ਵੱਲ ਜਾਂਦੀ ਸੜਕ 'ਤੇ ਇੱਕ ਮੋਨਾ ਵਿਅਕਤੀ ਸੁਖਜੀਤ ਸਿੰਘ ਉਰਫ ਸ਼ਰਮਾ ਪੁੱਤਰ ਬਲਵੀਰ ਸਿੰਘ ਵਾਸੀ ਰੁਕਨਸ਼ਾਹ ਵਾਲਾ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 50 ਗ੍ਰਾਮ ਹੈਰੋਇਨ, 1 ਡਿਜੀਟਲ ਕੰਡਾ ਬਰਾਮਦ ਹੋਇਆ। ਉਧਰ ਥਾਣਾ ਤਲਵੰਡੀ ਭਾਈ ਪੁਲਸ ਦੇ ਸਹਾਇਕ ਥਾਣੇਦਾਰ ਮਹੇਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਕਰਮਿੱਤੀ ਰੋਡ 'ਤੇ ਮੌਜੂਦ ਸੀ ਤਾਂ ਇਸ ਦੌਰਾਨ ਇੱਕ ਵਿਅਕਤੀ ਸਤਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਕੋਟ ਕਰੋੜ ਖੁਰਦ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਇਸ ਕੋਲੋਂ 25 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਡੀ ਬੀ ਯੂ ਦੇ ਉੱਨਤ ਭਾਰਤ ਅਭਿਆਨ ਸੈੱਲ ਵੱਲੋਂ ਮਾਡਲ ਤੇ ਪੋਸਟਰ ਮੇਕਿੰਗ ਮੁਕਾਬਲਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਉੱਨਤ ਭਾਰਤ ਅਭਿਆਨ ਸੈੱਲ ਨੇ ਦੇਸ਼ ਭਗਤ ਯੂਨੀਵਰਸਿਟੀ ਵਿੱਚ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਦੀ ਫੈਕਲਟੀ ਦੇ ਸਹਿਯੋਗ ਨਾਲ ਉੱਨਤ ਭਾਰਤ ਵਿਕਾਸ ਭਾਰਤ ਥੀਮ ਤਹਿਤ ਇੱਕ ਮਾਡਲ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ।ਵਿਕਸਿਤ ਭਾਰਤ-2047 ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਨਵੇਂ ਯੁੱਗ ਦੀ ਖੇਤੀ, ਸਿਹਤ ਤੇ ਵਿਕਾਸ 'ਤੇ ਧਿਆਨ ਕੇਂਦਰਤ ਕਰਦੇ ਹੋਏ ਵੱਖ-ਵੱਖ ਫੈਕਲਟੀ ਦੇ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਤੇ ਨਵੀਨਤਾ ਦਾ ਪ੍ਰਦਰਸ਼ਨ ਕੀਤਾ।

ਇਸ ਸਮਾਗਮ ਵਿੱਚ ਮਨਮੋਹਕ ਮਾਡਲ ਤੇ ਪੋਸਟਰ ਪੇਸ਼ ਕੀਤੇ ਜਾਣ ਦੇ ਨਾਲ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ।ਡਾ: ਰੇਣੂ ਸ਼ਰਮਾ ਤੇ ਡਾ: ਅਵਿਨਾਸ਼ ਭਾਟੀਆ ਨੇ ਮੁਕਾਬਲੇ ਦੀ ਜੱਜਮੈਂਟ ਕੀਤੀ।ਮਾਡਲ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਦੇ ਵਿਦਿਆਰਥੀਆਂ ਨੂੰ ਦਿੱਤਾ ਗਿਆ, ਜਦੋਂਕਿ ਦੂਜਾ ਸਥਾਨ ਫੈਕਲਟੀ ਆਫ ਸੋਸ਼ਲ ਸਾਇੰਸਿਜ਼ ਐਂਡ ਲੈਂਗੂਏਜ਼ ਤੇ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਨੂੰ ਦਿੱਤਾ ਗਿਆ।ਪੋਸਟਰ ਮੇਕਿੰਗ ਮੁਕਾਬਲੇ ਵਿੱਚ ਸਕੂਲ ਆਫ਼ ਫਾਰਮੇਸੀ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਸਕੂਲ ਆਫ਼ ਫਾਰਮੇਸੀ ਅਤੇ ਫੈਕਲਟੀ ਆਫ਼ ਅਲਾਈਡ ਹੈਲਥ ਸਾਇੰਸਿਜ਼ ਦੂਜੇ ਸਥਾਨ 'ਤੇ ਰਹੇ।ਚਾਂਸਲਰ ਦੇ ਸਲਾਹਕਾਰ ਡਾ: ਵਰਿੰਦਰ ਸਿੰਘ ਤੇ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੇ ਫੈਕਲਟੀ ਦੇ ਡਾਇਰੈਕਟਰ ਡਾ: ਦਵਿੰਦਰ ਕੁਮਾਰ ਨੇ ਵਿਦਿਆਰਥੀਆਂ ਦੇ ਸਮਰਪਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਨਵੀਨਤਾ ਤੇ ਸਮਾਜਿਕ ਤਰੱਕੀ ਨੂੰ ਉਤਸ਼ਾਹਤ ਕਰਨ ਲਈ ਅਜਿਹੇ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# 19 ਗ੍ਰਾਮ ਹੈਰੋਇਨ ਤੇ ਨਗਦੀ ਸਣੇ 2 ਵਿਅਕਤੀ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 1 ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਅਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ 9 ਗ੍ਰਾਮ ਹੈਰੋਇਨ ਤੇ 32,300 ਰੁਪਏ ਡਰੱਗ ਮਨੀ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਮੁਹੱਲਾ ਗੋਬਿੰਦ ਨਗਰੀ ਸਾਹਮਣੇ ਐੱਫ-ਐੱਫ ਰੋਡ 'ਤੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਕਾਸ਼ਦੀਪ ਉਰਫ ਕਾਸ਼ੀ ਪਿੰਡ ਟਿਵਾਣਾ ਕਲਾਂ ਸਰਕਾਰੀ ਸੁਸਾਇਟੀ ਦੀ ਬਿਲਡਿੰਗ ਦੇ ਬੈਕ ਸਾਈਡ ਖੜਾ ਹੋ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਅਕਾਸ਼ਦੀਪ ਸਿੰਘ ਨੂੰ 10 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ। ਪੁਲਸ ਨੇ ਆਰੋਪੀ ਅਕਾਸ਼ਦੀਪ ਉਰਫ ਕਾਸ਼ੀ ਪੁੱਤਰ ਕਾਲਾ ਸਿੰਘ ਵਾਸੀ ਟਿਵਾਣਾ ਕਲਾਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਚੰਦਰ ਸ਼ੇਖਰ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਰਮੇਸ਼ ਚੰਦ ਸਮੇਤ ਪੁਲਸ ਪਾਰਟੀ ਸਰਕਾਰੀ ਸਕੂਲ ਵੈਰੋਕੇ ਦੇ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੁਨੀਲ ਕੁਮਾਰ ਹੈਰੋਇਨ ਵੇਚਣ ਦਾ ਆਦੀ ਹੈ, ਜੇਕਰ ਬਿਜਲੀ ਘਰ ਤੋਂ ਅੱਗੇ ਬਣ ਰਹੀ ਨਵੀਂ ਨਹਿਰ ਦੇ ਪੁਲ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਸੁਨੀਲ ਕੁਮਾਰ ਨੂੰ 9 ਗ੍ਰਾਮ ਹੈਰੋਇਨ ਤੇ 32300 ਰੁਪਏ ਡਰੱਗ ਮਨੀ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਦੀ ਪੁਲਸ ਨੇ ਸੁਨੀਲ ਕੁਮਾਰ ਉਰਫ ਲਵਲੀ ਪੁੱਤਰ ਮਹਿੰਦਰ ਸਿੰਘ ਵਾਸੀ ਢਾਬ ਖੁਸ਼ਹਾਲ ਜੋਈਆ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਜਲ ਸਪਲਾਈ ਮੁਲਾਜ਼ਮ ਪਰਵਾਰਾਂ ਸਮੇਤ ਸੂਬਾ ਪੱਧਰੀ ਧਰਨਾ ਦੇਣਗੇ



**ਜਲਾਲਾਬਾਦ (ਜੀਤ ਕੁਮਾਰ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਪੰਜਾਬ ਦੀ ਸੱਤਾ 'ਚ ਰਾਜ ਕਰ ਚੁੱਕੀਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰ ਦੀ ਤਰ੍ਹਾਂ ਹੀ ਹੁਣ ਆਮ ਆਦਮੀ ਪਾਰਟੀ ਦੀ ਅਗੁਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀ ਮੈਨੇਜਮੈਂਟ ਵੱਲੋਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਤੇ ਸਕਾਡਾ ਸਿਸਟਮ ਲਾਉਣ ਦੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਜਿੱਥੇ ਇਕ ਪਾਸੇ ਪਿੰਡਾਂ ਵਿਚ ਵੱਸੇ ਲੋਕਾਂ ਦੇ ਲਈ ਪੀਣ ਵਾਲੇ ਪਾਣੀ ਦੀ ਮੁੱਢਲੀ ਸਹੂਲਤ ਦਾ ਪ੍ਰਬੰਧ ਖੁਦ ਕਰਨ ਤੋਂ ਮਾਨ ਸਰਕਾਰ ਭੱਜ ਰਹੀ ਹੈ, ਉਥੇ ਇਸਦੇ ਨਾਲ ਹੀ ਪਿਛਲੇ 15-20 ਸਾਲਾਂ ਤੋਂ ਪੇਂਡੂ ਜਲ ਸਪਲਾਈ ਸਕੀਮ ਤੇ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਦੇ ਕੱਚੇ-ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਕਿਰਤ ਕਾਨੂੰਨ ਅਧੀਨ ਹੋਏ ਵਾਧੇ ਮੁਤਾਬਕ ਇਨਲਿਸਟਮੈਂਟ/ਆਊਟਸੋਰਸ ਠੇਕਾ ਵਰਕਰਾਂ ਦੀਆਂ ਉਜਰਤਾਂ 'ਚ ਪਿਛਲੇ 2 ਸਾਲਾਂ ਤੋਂ ਵਾਧਾ ਨਹੀਂ ਕੀਤਾ ਜਾ ਰਿਹਾ ਹੈ, ਜਦੋਂਕਿ ਵਧਦੀ ਮਹਿੰਗਾਈ ਦੇ ਦੌਰ ਵਿੱਚ ਵਰਕਰਾਂ ਨੂੰ ਨਿਗੂਣੀਆਂ ਉਜਰਤਾਂ ਨਾਲ ਆਪਣੇ ਘਰ ਚਲਾਉਣੇ ਔਖੇ ਹੋ ਕੇ ਰਹਿ ਗਏ ਹਨ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਸਰਕਾਰ ਤੇ ਵਿਭਾਗ ਦੀਆਂ ਵਰਕਰ ਅਤੇ ਲੋਕ ਵਿਰੋਧੀ ਨੀਤੀਆਂ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ, ਜਿਸਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ ਅਤੇ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜ਼ਮਾਂ ਦੇ ਕੱਚੇ ਰੁਜ਼ਗਾਰ ਨੂੰ ਪੱਕਾ ਕਰਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਯੂਨੀਅਨ ਦੇ ਮੰਗ-ਪੱਤਰ 'ਚ ਦਰਜ ਤਮਾਮ ਮੰਗਾਂ ਦਾ ਹੱਲ ਕਰਵਾਉਣ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਵੱਲੋਂ ਮਿਤੀ 27 ਜੂਨ 2024 ਨੂੰ ਵਿਭਾਗੀ ਮੁਖੀ, ਜਸਸ ਵਿਭਾਗ ਪੰਜਾਬ ਦੇ ਦਫ਼ਤਰ ਮੁਹਾਲੀ ਅੱਗੇ ਸੂਬਾ ਪੱਧਰੀ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਜਲ ਸਪਲਾਈ ਕਾਮੇ ਪਰਿਵਾਰਾਂ ਅਤੇ ਬੱਚਿਆ ਸਮੇਤ ਸ਼ਾਮਲ ਹੋਣਗੇ। ਇਸਦੇ ਇਲਾਵਾ ਇਹ ਵੀ ਐਲਾਨ ਕੀਤਾ ਗਿਆ ਕਿ ਜਲ ਸਪਲਾਈ ਵਿਭਾਗ ਦੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਜਦੋਂ ਵੀ ਜਿਹੜੇ ਵੀ ਸ਼ਹਿਰ ਜਾਂ ਪਿੰਡ ਵਿਚ ਆਉਣਗੇ ਉਥੇ ਯੂਨੀਅਨ ਵੱਲੋਂ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।

ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀਆਂ ਵਾਟਰ ਸਪਲਾਈ ਸਕੀਮਾਂ ਤੇ ਪਿਛਲੇ ਲੰਮੇ ਸਮੇਂ ਤੋਂ ਇੱਕ ਵਰਕਰ ਦੇ ਰੂਪ 'ਚ ਲਗਾਤਾਰ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ, ਕਿਰਤ ਕਾਨੂੰਨ ਤਹਿਤ ਵਧੇ ਹੋਏ ਰੇਟਾਂ ਮੁਤਾਬਕ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ। ਪੇਂਡੂ ਜਲ ਸਪਲਾਈ ਸਕੀਮਾਂ ਤੇ ਸਕਾਡਾ ਸਿਸਟਮ ਲਗਾਉਣ ਦੇ ਫੈਸਲੇ ਨੂੰ ਰੱਦ ਕੀਤਾ ਜਾਵੇ ਤੇ ਸਕੀਮਾਂ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀ ਬਜਾਏ ਸਰਕਾਰ ਵੱਲੋਂ ਪਹਿਲਾਂ ਵਾਂਗ ਖੁਦ ਚਲਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਵੇ ਤੇ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਦਾ ਪ੍ਰਬੰਧ ਖੁਦ ਸਰਕਾਰ ਵੱਲੋਂ ਕੀਤਾ ਜਾਵੇ।

ਆਗੂਆਂ ਨੇ ਕਿਹਾ ਕਿ ਗਰਮੀ ਦੇ ਮੱਦੇਨਜ਼ਰ ਪਾਣੀ ਦੀ ਸਹੂਲਤ ਲੋਕਾਂ ਦੇ ਘਰ-ਘਰ ਤੱਕ ਪੁਚਾਉਣ ਲਈ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਤੈਨਾਤ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮ ਤਨਦੇਹੀ ਦੇ ਨਾਲ ਡਿਊਟੀ ਦੇਣਗੇ ਤੇ ਸਾਡੀ ਯੂਨੀਅਨ ਵੱਲੋਂ ਵਾਟਰ ਸਪਲਾਈ ਸਕੀਮਾਂ ਬੰਦ ਕਰਕੇ ਹੜਤਾਲ ਤੇ ਜਾਣ ਦਾ ਕਿਸੇ ਵੀ ਤਰ੍ਹਾਂ ਦਾ ਫ਼ੈਸਲਾ ਨਹੀਂ ਲਿਆ ਗਿਆ ਹੈ। ਅਸੀਂ ਪਿੰਡਾਂ ਦੇ ਲੋਕਾਂ ਦੇ ਘਰਾਂ ਵਿੱਚ ਪਾਣੀ ਦੀ ਸਹੂਲਤ ਦੇਣ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਹੀ ਕਰਾਂਗੇ। ਮੰਗਾਂ ਦਾ ਹੱਲ ਕਰਾਉਣ ਲਈ ਵਿਭਾਗੀ ਮੈਨੇਜਮੈਂਟ ਤੇ ਸਰਕਾਰ ਦੇ ਖਿਲਾਫ਼ ਵਿਰੋਧ ਪ੍ਰਦਰਸ਼ਨ ਕਰਨਾ ਹੈ, ਇਸ ਲਈ ਆਪਣੀਆਂ ਮੰਗਾਂ ਲਈ ਪੁਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਐੱਨ ਡੀ ਏ ਸਰਕਾਰ 'ਚ ਭਾਜਪਾ ਨੂੰ ਸਮਰਥਨ ਦੇਣ ਵਾਲੀਆਂ ਪਾਰਟੀਆਂ ਸੁਆਮੀਨਾਥਨ ਰਿਪੋਰਟ ਲਾਗੂ ਕਰਵਾਉਣ : ਕਿਸਾਨ ਆਗੂ

## ਐੱਮ ਐੱਸ ਪੀ ਦੇਣ ਤੋਂ ਪੰਜਾਬ ਸਰਕਾਰ ਵੀ ਕਰ ਰਹੀ ਹੈ ਟਾਲਮਟੋਲ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬੀ.ਕੇ.ਯੂ. ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਤੇ ਹੋਰ ਆਗੂ।

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫ਼ਤਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ ਨੇ ਕਿਹਾ ਕਿ ਕੇਂਦਰ ਦੀ ਐੱਨ ਡੀ ਏ ਸਰਕਾਰ ਵਿੱਚ ਭਾਜਪਾ ਨੂੰ ਸਮਰਥਨ ਦੇ ਰਹੀਆਂ ਵੱਡੀਆਂ ਪਾਰਟੀਆਂ ਨੂੰ ਮੰਗ ਕੀਤੀ ਹੈ ਕਿ ਸਮਰਥਨ ਦੇਣ ਵਾਲੀਆਂ ਪਾਰਟੀਆਂ ਦੇ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਪਰ ਆਪਣਾ ਦਬਾਅ ਬਣਾ ਕੇ ਕਿਸਾਨਾਂ ਦੀਆਂ ਲਟਕ ਰਹੀਆਂ ਮੰਗਾਂ ਨੂੰ ਮਨਵਾਉਣ 'ਤੇ ਜੋ ਵਾਅਦੇ ਕਰਕੇ ਐੱਨ ਡੀ ਏ ਸਰਕਾਰ ਸੱਤਾ ਵਿੱਚ ਆਈ ਹੈ, ਉਸ ਸੁਆਮੀਨਾਥਨ ਰਿਪੋਰਟ ਨੂੰ ਜਲਦ ਤੋਂ ਜਲਦ ਲਾਗੂ ਕਰਵਾਉਣ। ਉਨ੍ਹਾ ਕਿਹਾ ਕਿ ਜੇ ਸਰਕਾਰ ਦੀਆਂ ਭਾਈਵਾਲ ਪਾਰਟੀਆਂ ਪ੍ਰਧਾਨ ਮੰਤਰੀ ਉੱਪਰ ਦਬਾਅ ਬਣਾ ਕੇ ਸੁਆਮੀਨਾਥਨ ਰਿਪੋਰਟ ਲਾਗੂ ਨਹੀਂ ਕਰਵਾਉਣਗੀਆਂ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਨ੍ਹਾਂ ਵੱਖ ਵੱਖ ਪਾਰਟੀਆਂ ਨੂੰ ਵੱਖ ਵੱਖ ਸੂਬਿਆਂ ਵਿੱਚ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ, ਕਿਉਂਕਿ ਜਦੋਂ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਜਾਂ ਰਾਜਾਂ ਦੀਆਂ ਸਰਕਾਰਾਂ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਦੀਆਂ ਤਾਂ ਇਹ ਵਿਰੋਧ ਲਗਾਤਾਰ ਜਾਰੀ ਰਹੇਗਾ, ਕਿਉਂਕਿ ਕਿਸਾਨ ਦਿਨੋਂ ਦਿਨ ਕਰਜ਼ੇ ਹੇਠ ਡੁੱਬਦਾ ਜਾ ਰਿਹਾ ਹੈ। ਸਰਕਾਰਾਂ ਰੇਹਾਂ, ਸਪਰੇਆਂ, ਖਾਦਾਂ ਦੇ ਰੇਟ ਦਿਨੋਂ ਦਿਨ ਵਧਾਈ ਜਾ ਰਹੀਆਂ ਹਨ, ਪਰ ਕਿਸਾਨ ਦੀ ਆਮਦਨ ਦਿਨੋਂ ਦਿਨ ਘਟਦੀ ਜਾ ਰਹੀ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਜਲਦ ਤੋਂ ਜਲਦ ਸਵਾਮੀਨਾਥ ਰਿਪੋਰਟ ਲਾਗੂ ਕੀਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਵੀ ਆਪਣੀਆਂ ਫਸਲਾਂ ਦਾ ਸਹੀ ਮੁੱਲ ਪ੍ਰਾਪਤ ਕਰ ਸਕਣ। ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਤੁਸੀਂ ਜੋ ਕਿਸਾਨਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸਨ, ਉਸ ਦੇ ਮੁਤਾਬਕ ਕਿਸਾਨਾਂ ਨੇ ਤਾਂ ਬਦਲਵੀਆਂ ਫਸਲਾਂ ਮੂੰਗੀ, ਮੱਕੀ ਆਦਿ ਦੇ ਅੰਬਾਰ ਲਾ ਦਿੱਤੇ ਹਨ, ਪਰ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਨੂੰ ਵੇਚਣ ਸਮੇਂ ਬਹੁਤ ਖੱਜਲ ਖੁਆਰੀ ਹੋ ਰਹੀ ਹੈ, ਨਾ ਹੀ ਕਿਸਾਨਾਂ ਨੂੰ ਐੱਮ ਐੱਸ ਪੀ ਦਾ ਭਾਅ ਮਿਲ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਇਸ ਵੱਲ ਵਿਸ਼ੇਸ਼ ਧਿਆਨ ਦੇਵੇ, ਕਿਉਂਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਨੂੰ ਇਨ੍ਹਾਂ ਮੁੱਦਿਆਂ ਉੱਪਰ ਕਿਸਾਨ ਸਵਾਲ ਜੁਆਬ ਦੇਣੇ ਪੈਣਗੇ।

ਇਸ ਸਮੇਂ ਬਲਕਰਨ ਸਿੰਘ ਢਿੱਲੋਂ, ਰਵਿੰਦਰ ਸਿੰਘ ਭੋਲਾ ਜਰਨਲ ਸਕੱਤਰ, ਜਗਸੀਰ ਸਿੰਘ ਜੱਗੀ ਜ਼ਿਲ੍ਹਾ ਮੀਤ ਪ੍ਰਧਾਨ, ਹਰਨੇਕ ਸਿੰਘ ਫਤਿਹਗੜ੍ਹ ਐਗਜ਼ੈਕਟਿਵ ਮੈਂਬਰ ਪੰਜਾਬ, ਗੁਰਮੇਲ ਸਿੰਘ ਡਰੋਲੀ ਭਾਈ, ਰਕੇਸ਼ ਭੇਖਾ, ਪਾਲ ਸਿੰਘ ਘੱਲ ਕਲਾਂ, ਜਿੰਦਰ ਸਿੰਘ ਜੈਮਲ ਵਾਲਾ, ਸੁਖਦੇਵ ਸਿੰਘ ਚੋਟੀਆਂ ਸਾਬਕਾ ਮੀਤ ਪ੍ਰਧਾਨ, ਲਖਵਿੰਦਰ ਸਿੰਘ ਰੌਲੀ, ਗੁਰਮੀਤ ਸਿੰਘ ਸੰਧੂਆਣਾ, ਪ੍ਰੀਤਮ ਸਿੰਘ ਬਰਾੜ ਬਾਘਾ ਪੁਰਾਣਾ, ਪ੍ਰਗਟ ਸਿੰਘ ਮਹੇਸ਼ਰੀ, ਚਰਨਜੀਤ ਸਿੰਘ, ਨਿਰਮਲ ਸਿੰਘ ਕਾਲੀਏ ਵਾਲਾ ਬਲਾਕ ਪ੍ਰਧਾਨ, ਪ੍ਰੇਮ ਲਾਲ ਪੁਰੀ ਮੀਤ ਪ੍ਰਧਾਨ, ਜਗਤਾਰ ਸਿੰਘ ਚੋਟੀਆ ਮੀਤ ਪ੍ਰਧਾਨ ਆਦਿ ਹਾਜ਼ਰ ਸਨ।

18 June - Page - 6.qxd 6/17/2024 9:07 PM Page 1



# ਬਾਬਾ ਬੂਲੇ ਸ਼ਾਹ ਦੀ ਦਰਗਾਹ ’ਤੇ ਜੋੜ ਮੇਲਾ ਸੰਪੰਨ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉੱਕਾਰ ਸਿੰਘ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਬੂਲੇ ਸ਼ਾਹ ਦੀ ਦਰਗਾਹ ਦਾਰਾਪੁਰ ਟਾਂਡਾ ਵਿਖੇ 2 ਦਿਨਾਂ ਸਾਲਾਨਾ ਸੱਭਿਆਚਾਰਕ ਜੋੜ ਮੇਲਾ ਦਰਗਾਹ ਦੇ ਮੁੱਖ ਸੇਵਾਦਾਰ ਗੋਗਾ ਬਾਬਾ ਦੀ ਅਗਵਾਈ ਵਿੱਚ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਸੰਪੰਨ ਹੋ ਨਿਬੜਿਆ।ਇਸ ਮੌਕੇ ਝੰਡਾ ਚੜ੍ਹਾਉਣ ਦੀ ਰਸਮ ਦਰਗਾਹ ਦੇ ਮੁੱਖ ਸੇਵਾਦਾਰ ਵੱਲੋਂ ਨਿਭਾਈ ਗਈ।ਅੱਜ ਸਵੇਰ ਤੋਂ ਹੀ ਦਰਗਾਹ ’ਤੇ ਮੱਥਾ ਟੇਕਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਤਾਂਤਾ ਲੱਗਿਆ ਹੋਇਆ ਸੀ ਅਤੇ ਜਿਨ੍ਹਾਂ ਸ਼ਰਧਾਲੂਆਂ ਦੀ ਮੰਨਤਾਂ ਪੂਰੀਆਂ ਹੋਈਆਂ ਸਨ ਉਨ੍ਹਾਂ ਸ਼ਰਧਾਲੂਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਲੰਗਰ ਲਗਾਇਆ ਗਿਆ ਸੀ।ਇਸ ਜੋੜ ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸਨਾਤਨ ਧਰਮ ਸਭਾ ਦੇ ਪ੍ਰਧਾਨ ਦੀਪਕ ਬਹਿਲ, ਵਿਨੋਦ ਕੁਮਾਰ ਸੁੰਦਰੀ, ਵਿਕਾਸ ਮਰਵਾਹਾ, ਬ੍ਰਿਜ ਅਰੋੜਾ, ਬਿਮਲ ਅਰੋੜਾ, ਬੰਟੀ ਭੱਲਾ, ਬਾਬਾ ਗੁਲ ਮੁਹੰਮਦ, ਬਾਬਾ ਸ਼ਾਦੀ ਲਾਲ, ਬਾਬਾ ਪੰਮਾ, ਬਾਬਾ ਰੇਖਾ, ਬਾਬਾ ਸਲੀਮ ਨੇ ਬਾਬਾ ਜੀ ਦੀ ਦਰਗਾਹ ਤੇ ਆਪਣੀ ਹਾਜ਼ਰੀ ਲਗਵਾਈ।ਇਸ ਸੱਭਿਆਚਾਰਕ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਮੁਕੇਸ਼ ਇਨਾਇਤ, ਸ਼ਸ਼ੀ ਸਾਹਿਦ, ਰਫੀਕ ਚੰਚਲ, ਨਿਤਿਨ ਸ਼ਾਹ ਤੋਂ ਇਲਾਵਾ ਹੋਰ ਕਈ ਗਾਇਕਾਂ ਨੇ ਆਪਣੇ ਗੀਤਾਂ ਤੇ ਕਵਾਲੀਆਂ ਰਾਹੀਂ ਬਾਬਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਬਾਬਾ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਜੁਲ ਕੇ ਹਰ ਧਾਰਮਿਕ ਸੱਭਿਆਚਾਰਕ ਜੋੜ ਮੇਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ ਅਜਿਹਾ ਕਰਨ ਨਾਲ ਜਿੱਥੇ ਆਪਸੀ ਭਾਈਚਾਰੇ ਵਿੱਚ ਵਾਧਾ ਹੁੰਦਾ ਹੈ ਉੱਥੇ ਪਰਮ ਪਿਤਾ ਪ੍ਰਮੇਸ਼ਵਰ ਦੇ ਨਾਲ ਜੁੜਨ ਦੀ ਪ੍ਰੇਰਨਾ ਵੀ ਮਿਲਦੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਮੇਲਿਆਂ ਵਿੱਚ ਹਿੱਸਾ ਲੈਣ ਸਦਕਾ ਨੌਜਵਾਨ ਪੀੜੀ ਨੂੰ ਨਸ਼ਿਆਂ ਜਿਹੀਆਂ ਮਾੜੀਆਂ ਆਦਤਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਵੀ ਮਿਲਦੀ ਹੈ।ਸਜਾਏ ਗਏ ਦਰਬਾਰ ਵਿੱਚ ਹਾਜ਼ਰ ਸੰਤ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਬਾਬਾ ਦਾ ਗੁਣਗਾਨ ਕਰਕੇ ਸੰਗਤ ਨੂੰ ਨਾਮ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਬਾਬਾ ਬੂਲੇ ਸ਼ਾਹ ਪ੍ਰਬੰਧਕ ਕਮੇਟੀ ਦੇ ਗੋਗਾ ਬਾਬਾ, ਮਨੀਸ਼ ਕੁਮਾਰ, ਸੌਰਵ, ਜੱਸਾ, ਜੱਸੀ, ਮਨੀ, ਐਨੀ, ਨਿਖਿਲ ਮੰਨਾ, ਹਨੀ, ਸੰਗਮ, ਸਾਜਨ, ਮਿੰਟੂ, ਅੰਮ੍ਰਿਤ ਪਾਲ ਸਿੰਘ, ਸਤੀਸ਼, ਰਾਹੁਲ, ਸਨੀ, ਗੁਰਦੀਪ ਸਿੰਘ ਤੋਂ ਇਲਾਵਾ ਹੋਰ ਮੈਂਬਰਾਂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਹਿੰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਦੇ ਵਲੰਟੀਅਰਾਂ ਵੱਲੋਂ ਆਈ ਹੋਈ ਸੰਗਤ ਦੇ ਬੈਠਣ ਅਤੇ ਉਨ੍ਹਾਂ ਦੀ ਹਰ ਪੱਖੋਂ ਸੇਵਾ ਕਰਨ ਦੀ ਜਿੰਮੇਵਾਰੀ ਬਾਖ਼ੂਬੀ ਨਿਭਾਈ ਗਈ।



ਇਸ 2 ਰੋਜ਼ਾ ਜੋੜ ਮੇਲੇ ਤੇ ਬਾਬਾ ਜੀ ਦੀ ਦਰਗਾਹ ਤੇ ਮੱਥਾ ਟੇਕਣ ਆਈ ਹਜ਼ਾਰਾਂ ਸੰਗਤਾਂ ਨੂੰ ਮੁੱਖ ਸੇਵਾਦਾਰ ਗੋਗਾ ਬਾਬਾ ਨੇ ਪ੍ਰਸ਼ਾਦ ਦੇ ਕੇ ਉਨ੍ਹਾਂ ਦੀਆਂ ਹਰ ਮਨੋਕਾਮਨਾਵਾਂ ਪੂਰੀਆਂ ਹੋਣ ਦਾ ਆਸ਼ੀਰਵਾਦ ਦਿੱਤਾ।

# ਭਖਦੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਸਾਂਝੀ ਐਕਸ਼ਨ ਕਮੇਟੀ ਨੇ ਕੀਤੀ ਇਕੱਤਰਤਾ

**ਦਿੜ੍ਹਬਾ (ਜਸਵੀਰ ਲਾਡੀ)**- ਮਜ਼ਦੂਰ, ਮੁਲਾਜ਼ਮ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਦੀ ਸੰਗਰੂਰ ਦੇ ਸਤਿਗੁਰੂ ਰਵਿਦਾਸ ਜੀ ਗੁਰਦੁਆਰਾ ਸਾਹਿਬ ਵਿਖੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਇਕੱਤਰਤਾ ਹੋਈ।ਇਸ ਮੌਕੇ ਸਮਾਜ ਦੇ ਵੱਖ-ਵੱਖ ਮੁੱਦਿਆਂ ਨੂੰ ਵਿਚਾਰਿਆ ਗਿਆ ਅਤੇ ਜਾਅਲੀ ਸਰਟੀਫਿਕੇਟ ਧਾਰਕਾਂ ਖਿਲਾਫ ਲੜਨ ਵਾਲੇ ਸਮਾਜ ਸੇਵੀ ਕਾਰਕੁੰਨ ਬਲਵੀਰ ਸਿੰਘ ਆਲਮਪੁਰ ਨੂੰ ਸੋਨੇ ਦੇ ਤਮਗੇ ਨਾਲ ਸਨਮਾਨਿਤ ਕੀਤਾ ਗਿਆ।ਮੀਟਿੰਗ ਦੀ ਪ੍ਰਧਾਨਗੀ ਜੁਆਇੰਟ ਐਕਸ਼ਨ ਕਮੇਟੀ ਦੇ ਕੋ-ਕੋਆਡੀਨੇਟਰ ਹਰਵਿੰਦਰ ਮੰਡੇਰ ਨੇ ਕੀਤੀ।ਇਸ ਮੌਕੇ ਬਲਵੀਰ ਸਿੰਘ ਆਲਮਪੁਰ ਰਿਹਾਅ ਕਰਵਾਓ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਅਤੇ ਅੰਬੇਡਕਰ ਮਜ਼ਦੂਰ ਚੇਤਨਾ ਮੰਚ ਪੰਜਾਬ ਦੇ ਪ੍ਰਧਾਨ ਕਰਨੈਲ ਸਿੰਘ ਨੀਲੋਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ’ਚ ਜਾਅਲੀ ਸਰਟੀਫਿਕੇਟ ਧਾਰਕਾਂ ਖਿਲਾਫ ਕਾਰਵਾਈ ਕਰਨ ਦਾ ਐਲਾਨ ਕੀਤਾ ਸੀ ਪਰ ਉਹ ਐਲਾਨ ਸਿਰਫ਼ ਐਲਾਨ ਬਣ ਕੇ ਰਹਿ ਗਿਆ ਸਗੋਂ ਪੰਜਾਬ ’ਚ ਅਨੁਸੂਚਿਤ ਜਾਤੀਆਂ ਨਾਲ ਲਗਾਤਾਰ ਧੱਕਾ ਹੋ ਰਿਹਾ ਹੈ ਅਤੇ ਬਹੁਜਨ ਸਮਾਜ ਨਾਲ ਹੁੰਦੀ ਧੱਕੇਸ਼ਾਹੀ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਸਰਕਾਰ ਤਰ੍ਹਾਂ-ਤਰ੍ਹਾਂ ਦੇ ਝੂਠੇ ਮੁਕੱਦਮੇ ਦਰਜ ਕਰਕੇ ਜੇਲ੍ਹ ’ਚ ਡੱਕ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਬਲਵੀਰ ਸਿੰਘ ਆਲਮਪੁਰ ਨੂੰ ਜਾਅਲੀ ਸਰਟੀਫਿਕੇਟ ਦੇ ਵੱਡੇ ਸਕੈਂਡਲ ਦਾ ਪਰਦਾਫਾਸ਼ ਕਰਨ ਦਾ ਖਮਿਆਜ਼ਾ ਕਈ ਮਹੀਨੇ ਜੇਲ੍ਹ ਕੱਟ ਕੇ ਚੁਕਵਾਉਣਾ ਪਿਆ।ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਜਾਅਲੀ ਸਰਟੀਫਿਕੇਟਾਂ ਦੀ ਲੜਾਈ ’ਚ ਆਲਮਪੁਰ ਦੇ ਨਾਲ ਖੜ੍ਹਾ ਹੈ।ਇਸ ਮੌਕੇ ਜੁਆਇੰਟ ਐਕਸ਼ਨ ਕਮੇਟੀ ਦੇ ਆਗੂਆਂ ਨੇ ਅਨੁਸੂਚਿਤ ਜਾਤੀ ਦੇ ਦੋ ਨੌਜਵਾਨਾਂ ਦੀ ਕੁੱਟਮਾਰ ਕਰਨ ਵਾਲਿਆਂ ਦੀ ਜਲਦ ਗ੍ਰਿਫਤਾਰੀ ਦੀ ਮੰਗ ਕੀਤੀ ਹੈ, ਉਨ੍ਹਾਂ ਵਿਸ਼ਵਦੀਪ ਦੇ ਪਾਏ ਝੂਠੇ ਪਰਚਿਆਂ ਦੀ ਆਮ ਆਦਮੀ ਪਾਰਟੀ ਦੀ ਸਖ਼ਤ ਨਿਖੇਧੀ ਕੀਤੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸਸੀ/ਬੀਸੀ ਅਧਿਆਪਕ ਯੂਨੀਅਨ ਦੇ ਕ੍ਰਿਸ਼ਨ ਸਿੰਘ ਦੁੱਗਾ, ਗੁਰਸੇਵਕ ਸਿੰਘ ਕਲੇਰ, ਅੰਬੇਡਕਰ ਸਭਾ ਪੰਜਾਬ ਦੇ ਹਰਜਸ ਸਿੰਘ ਖੜਿਆਲ, ਬਲਵਿੰਦਰ ਸਿੰਘ ਜਿਲੇਦਾਰ, ਪ੍ਰਿੰਸੀਪਲ ਗੁਰਮੇਲ ਸਿੰਘ, ਲੈਕ. ਸ਼ਮਸ਼ੇਰ ਸਿੰਘ ਸੰਗਰੂਰ, ਹਰੀ ਸਿੰਘ ਸੁਨਾਮ, ਕੈਪਟਨ ਹਰਭਜਨ ਸਿੰਘ, ਅੰਬੇਡਕਰ ਮਿਸ਼ਨ ਦੇ ਸੁਰਿੰਦਰ ਸਿੰਘ ਰਾਣਾ, ਬਰਾਸ ਫਾਊਂਡੇਸ਼ਨ ਦੇ ਮਹਿੰਦਰ ਸਿੰਘ ਗੋਬਿੰਦਗੜ੍ਹ ਜੇਜੀਆਂ, ਮਜ਼ਦੂਰ ਮੁਕਤੀ ਮੋਰਚਾ ਦੇ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਮਾ. ਰਣਜੀਤ ਸਿੰਘ ਛਾਜਲਾ, ਸੰਜੀਵ ਸਿੰਘ, ਨੰਬਰਦਾਰ ਰਣ ਸਿੰਘ ਮਹਿਲਾਂ, ਸਤਿਗੁਰੂ ਰਵਿਦਾਸ ਪ੍ਰਚਾਰਕ ਕਮੇਟੀ ਕੁਲਦੀਪ ਸਿੰਘ ਹਰਿਆਊ, ਬੰਟੀ ਨੰਗਲਾ, ਡਾ. ਧੰਨ ਸਿੰਘ, ਐਡਵੋਕੇਟ ਅਮਨ ਗੁਰੂ, ਡਾ. ਮਿੱਠੂ ਸਿੰਘ, ਸਤਗੁਰ ਸਿੰਘ ਕੌਹਰੀਆਂ, ਚਮਕੌਰ ਦੀ ਵੀਰ, ਗੁਰਜੰਟ ਸਿੰਘ ਬੰਟੀ ਉਭਾਵਾਲ, ਕਾ. ਰੋਹੀ ਸਿੰਘ ਗੋਬਿੰਦਗੜ੍ਹ ਜੇਜੀਆਂ, ਗੁਰਚਰਨ ਸਿੰਘ ਅਕੋਈ ਅਤੇ ਸੁਖਦੇਵ ਸਿੰਘ ਸੰਗਤੀਵਾਲਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ



# ਗਰਮੀ ਤੋਂ ਬਚਾਅ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ : ਜ਼ਿਲ੍ਹਾ ਸਿਹਤ ਵਿਭਾਗ

**ਮੋਹਾਲੀ.(ਗੁਰਜੀਤ ਬਿੱਲਾ)** ਗਰਮ ਹਵਾਵਾਂ ਦੇ ਚਾਲੂ ਮੌਸਮ ’ਚ ਜ਼ਿਲ੍ਹਾ ਸਿਹਤ ਵਿਭਾਗ ਨੇ ਇਕ ਵਾਰ ਫਿਰ ਲੋਕਾਂ ਨੂੰ ਤਿੱਖੀ ਗਰਮੀ ਤੋਂ ਬਚਣ ਦੀ ਸਲਾਹ ਦਿੱਤੀ ਹੈ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਭਾਸ਼ ਕੁਮਾਰ ਨੇ ਆਖਿਆ ਕਿ ਗਰਮੀ ਤੋਂ ਬਚਾਅ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ, ਜਿਨ੍ਹਾਂ ’ਚ ਸਾਦਾ ਪਾਣੀ, ਲੱਸੀ, ਨਿੰਬੂ ਪਾਣੀ, ਜੂਸ, ਨਾਰੀਅਲ ਦਾ ਪਾਣੀ, ਓ ਆਰ ਐਸ ਦਾ ਘੋਲ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰੀਰ ਦਾ ਤਾਪਮਾਨ ਸਹੀ ਰੱਖਣ ਲਈ ਤਰਲ ਪਦਾਰਥਾਂ ਦਾ ਸੇਵਨ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਗਰਮੀ ਕਾਰਨ ਤਾਪਮਾਨ ਵੱਧ ਜਾਂਦਾ ਹੈ ਜਿਸ ਕਾਰਨ ਸਰੀਰ ਅੰਦਰ ਪਾਣੀ ਦੀ ਘਾਟ ਪੈਦਾ ਹੋ ਸਕਦੀ ਹੈ, ਵਿਅਕਤੀ ਨੂੰ ਚੱਕਰ ਆ ਸਕਦੇ ਹਨ, ਬੇਹੋਸ਼ ਹੋ ਕੇ ਡਿੱਗ ਸਕਦਾ ਹੈ।ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਜਾਂ ਸਿਖਰ ਦੁਪਹਿਰੇ ਬਾਹਰ ਨਿਕਲਣ ਤੋਂ ਪ੍ਰਹੇਜ਼ ਕੀਤਾ ਜਾਵੇ ਕਿਉਂਕਿ ਇਸ ਸਮੇਂ ਦੌਰਾਨ ਸੂਰਜੀ ਤਪਸ਼ ਬਹੁਤ ਜ਼ਿਆਦਾ ਹੁੰਦੀ ਹੈ।ਇਸ ਤੋਂ ਇਲਾਵਾ, ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ।



ਉਨ੍ਹਾਂ ਕਿਹਾ ਕਿ ਗਰਮੀ ਅਤੇ ਲੂ ਦਾ ਅਸਰ ਨਵਜਨਮੇ ਬੱਚਿਆਂ, ਗਰਭਵਤੀ ਔਰਤਾਂ, ਖੁੱਲ੍ਹੇ ਆਸਮਾਨ ਹੇਠ ਕੰਮ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ, ਬੇਘਰੇ ਲੋਕਾਂ, ਸੜਕਾਂ-ਫ਼ੁੱਟਪਾਥ ਕੰਢਾਂ ਰਹਿਣ ਵਾਲੇ ਲੋਕਾਂ, ਮਾਨਸਿਕ ਜਾਂ ਸਰੀਰਕ ਬੀਮਾਰੀਆਂ ਤੋਂ ਪੀੜਤ ਲੋਕਾਂ ਖ਼ਾਸਕਰ ਦਿਲ ਦੀ ਬੀਮਾਰੀ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ, ਮੋਟਾਪੇ ਤੋਂ ਪੀੜਤ ਲੋਕਾਂ, ਖੁਲ੍ਹੇ ਵਿਚ ਸਖ਼ਤ ਕਸਰਤ ਕਰਨ ਵਾਲੇ ਖਿਡਾਰੀਆਂ ਆਦਿ ’ਤੇ ਜ਼ਿਆਦਾ ਹੋ ਸਕਦਾ ਹੈ।ਇਸ ਲਈ ਇਨ੍ਹਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ।ਜੇ ਗਰਮੀ ਕਾਰਨ ਕੋਈ ਸਿਹਤ ਸਮੱਸਿਆ ਹੁੰਦੀ ਹੈ ਤਾਂ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 ’ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਨੇੜਲੇ ਸਰਕਾਰੀ ਸਿਹਤ ਕੇਂਦਰ ਵਿਚ ਜਾ ਕੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ। ਅਪਣੇ ਘਰ ਨੂੰ ਠੰਢਾ ਰੱਖੋ।ਦਿਨ ਵੇਲੇ ਤਾਕੀਆਂ ਅਤੇ ਦਰਵਾਜ਼ੇ ਬੰਦ ਰੱਖੋ।ਸਰੀਰ ਨੂੰ ਠੰਢਾ ਰੱਖੋ।ਹਲਕੇ ਰੰਗ ਦੇ ਕਪੜੇ ਪਾਉ।ਬਾਹਰ ਜਾਣ ’ਤੇ ਐਨਕ ਲਾਉ ’ਤੇ ਸਿਰ ਢੱਕ ਕੇ ਰੱਖੋ।ਜੇਕਰ ਬਾਹਰ ਹੋ ਤਾਂ ਬੈਠਣ ਲਈ ਠੰਢੀ ਥਾਂ ਲੱਭੋ ਜਿਵੇਂ ਰੁੱਖ ਜਾਂ ਹੋਰ ਛਾਂਦਾਰ ਥਾਂ। ਮੌਸਮੀ ਫੱਲ ਖਾਉ।ਨੰਗੇ ਪੈਰ ਬਾਹਰ ਨਾ ਜਾਉ।ਹਰ ਅੱਧੇ ਘੰਟੇ ਬਾਅਦ ਪਾਣੀ ਪੀਉ। ਬੱਚਿਆਂ ਤੇ ਜਾਨਵਰਾਂ ਨੂੰ ਪਾਰਕ ਕੀਤੇ ਵਾਹਨ ਵਿਚ ਨਾ ਛੱਡੋ।ਤਿੱਖੀ ਧੁੱਪ ਵਿਚ ਨਾ ਜਾਉ।

# ਕਿਲੋ ਹੈਰੋਇਨ ਸਮੇਤ ਦੋ ਸਮੱਗਲਰ ਅੜਿੱਕੇ, ਮਾਮਲਾ ਦਰਜ



**ਮੋਗਾ, (ਇਕਬਾਲ ਸਿੰਘ ਖਹਿਰਾ)**- ਵਿਵੇਕਸ਼ੀਲ ਸੋਨੀ ਐੱਸ. ਐੱਸ. ਪੀ. ਮੋਗਾ ਅਤੇ ਪਰਮਜੀਤ ਸਿੰਘ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ. ਆਈ. ਹਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਅਜੀਤਵਾਲ ਦੀ ਯੋਗ ਅਗਵਾਈ ਹੇਠ ਥਾਣਾ ਅਜੀਤਵਾਲ ਦੀ ਪੁਲਸ ਵੱਲੋਂ ਇਕ ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਨਿਹਾਲ ਸਿੰਘ ਦੇ ਡੀ. ਐੱਸ. ਪੀ. ਪਰਮਜੀਤ ਸਿੰਘ ਸੰਧੂ ਨੇ ਦੱਸਿਆ ਕਿ ਕੱਲ ਇਕ ਮੁਖਬਰ ਤੋਂ ਇਤਲਾਹ ਮਿਲੀ ਸੀ ਚੂਹੜ ਚੱਕ ਦੇ ਏਰੀਏ ਦੇ ਦੋ ਆਦਮੀ ਜਿਹੜੇ ਵੱਡੇ ਲੈਵਲ ਤੇ ਹੈਰੋਇਨ ਨੂੰ ਲੈ ਕੇ ਬੈਠੇ ਹਨ ਤੇ ਗਾਹਕਾਂ ਦੀ ਇੰਤਜ਼ਾਰ ਕਰ ਰਹੇ ਹਨ। ਉਸੇ ਸਮੇਂ ਅਜੀਤਵਾਲ ਦੇ ਐੱਸ. ਆਈ. ਹਰਵਿੰਦਰ ਸਿੰਘ ਨੇ ਜਾ ਕੇ ਮੌਕੇ ’ਤੇ ਕਾਰਵਾਈ ਕੀਤੀ ਅਤੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਜਿਨ੍ਹਾਂ ਵਿੱਚ ਇੱਕ ਬੇਅੰਤ ਸਿੰਘ ਜੋ ਚੂਹੜ ਚੱਕ ਦਾ ਰਹਿਣ ਵਾਲਾ ਹੈ ਅਤੇ ਦੂਜਾ ਸੁਖਦੀਪ ਸਿੰਘ ਪਿੰਡ ਰਾਮਾ ਥਾਣਾ ਬੱਧਨੀ ਦਾ ਰਹਿਣ ਵਾਲਾ ਹੈ। ਦੋਵੇਂ ਆਪਸ ਵਿੱਚ ਜੀਜਾ ਸਾਲਾ ਹਨ। ਇਨ੍ਹਾਂ ਦੋਨਾਂ ਨੂੰ ਕਾਬੂ ਕਰਕੇ ਇਨ੍ਹਾਂ ਦੇ ਕੋਲੋਂ ਇਕ ਕਿਲੋ ਹੀਰੋਇਨ ਬਰਾਮਦ ਕਰਕੇ ਦੋਵਾਂ ਉਪਰ ਐਨ. ਡੀ. ਪੀ. ਐੱਸ. ਤਹਿਤ ਥਾਣਾ ਅਜੀਤਵਾਲ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੇਅੰਤ ਸਿੰਘ ਪੁੱਤਰ ਸ਼ਿੰਦਰ ਪਾਲ ਸਿੰਘ ਵਾਸੀ ਚੂਹੜ ਚੱਕ ’ਤੇ ਪਹਿਲਾਂ ਵੀ ਐਨ. ਡੀ. ਪੀ. ਐੱਸ. ਦੇ ਪੰਜ ਮਾਮਲੇ ਦਰਜ ਹਨ ਅਤੇ ਸੁਖਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਰਾਮਾ ’ਤੇ ਵੱਖ-ਵੱਖ ਥਾਣੇਆ ਵਿੱਚ ਐਨ. ਡੀ. ਪੀ. ਐੱਸ. ਦੇ 6 ਮਾਮਲੇ ਦਰਜ ਹਨ। ਇਨ੍ਹਾਂ ਨੂੰ ਅਦਾਲਤ ’ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ।

# ਪੈਨਸ਼ਨਰ ਆਗੂ ਡਾ. ਤਰਲੋਚਨ ਸਿੰਘ ਦੀ ਪਹਿਲੀ ਬਰਸੀ 22 ਨੂੰ

**ਬੁਲੋਵਾਲ, (ਵਿਰਦੀ)**-ਗੌਰਮਿੰਟ ਟੀਚਰਜ਼ ਯੂਨੀਅਨ (ਜੀ ਟੀ ਯੂ) ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ ਸ ਸ ਫ) ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਬਕਾ ਜਨਰਲ ਸਕੱਤਰ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਆਗੂ, ਲੋਕ ਪੱਖੀ ਅਤੇ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਾਥੀ ਡਾ. ਤਰਲੋਚਨ ਸਿੰਘ ਜੋ ਕਿ ਮਿਤੀ 6 ਸਤੰਬਰ 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੀ ਪਹਿਲੀ ਬਰਸੀ ਸੰਬੰਧੀ ਸਮਾਗਮ ਮਿਤੀ 22 ਜੂਨ ਦਿਨ ਸ਼ਨੀਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਬੁਲੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਹੀ ਨਹੀਂ ਸਗੋਂ ਪੰਜਾਬ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਸਫਾਂ ਅੰਦਰ ਇੱਕ ਨਿਸ਼ਠਾਵਾਨ, ਪ੍ਰਤੀਬੱਧ ਤੇ ਸੁਹਿਰਦ ਟਰੇਡ ਯੂਨੀਅਨਿਸਟ ਵਜੋਂ ਵਿਆਪਕ ਸਤਿਕਾਰ ਦੇ ਪਾਤਰ ਸਾਥੀ ਤਰਲੋਚਨ ਸਿੰਘ ਕਿੱਤੇ ਵਜੋਂ ਇੱਕ ਅਧਿਆਪਕ ਸਨ। ਅਧਿਕਾਰੀਆਂ ਅਤੇ ਰਾਜਸੀ ਨੇਤਾਵਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਵਾਲੇ ਸਾਥੀ ਤਰਲੋਚਨ ਸਿੰਘ ਵਲੋਂ ਹਮੇਸ਼ਾਂ ਹੀ ਸੀ.ਐਸ.ਆਰ. ਅਨੁਸਾਰ ਤੱਥਾਂ ਸਹਿਤ ਗੱਲਬਾਤ ਕਰਕੇ ਅਧਿਕਾਰੀਆਂ ਨੂੰ ਨਿਰ-ਉੱਤਰ ਕਰਨ ਵਿੱਚ ਮੁਹਾਰਤ ਰਖਦੇ ਸਨ। ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਸਾਥੀ ਜੀ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਤੋਂ ਕਦੇ ਕੋਈ ਹਿਚਕਚਾਹਟ ਜਾਂ ਡਾਵਾਂ-ਡੋਲਤਾ ਨਹੀਂ ਦਿਖਾਈ। ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਜੀ ਟੀ ਯੂ ਵਲੋਂ 1967 ਵਿੱਚ ਚਲਾਏ ਗਏ ਅੰਦੋਲਨ ਵਿੱਚ ਡਾ. ਤਰਲੋਚਨ ਸਿੰਘ ਵਲੋਂ ਆਪਣੇ ਵਿਆਹ ਦੇ ਦੂਜੇ ਦਿਨ ਹੀ ਪਹਿਲੇ ਜਥੇ ਵਿੱਚ ਗ੍ਰਿਫਤਾਰੀ ਦਿੱਤੀ, ਤਨਖਾਹ ਸਕੇਲਾਂ ਦੀਆਂ ਤਰੁਟੀਆਂ ਦੂਰ ਕਰਵਾਉਣ ਲਈ ਅਰੰਭੇ ਗਏ ਘੋਲ ਵਿੱਚ ਅਤੇ 1978 ਵਿੱਚ ਬੇਰੁਜ਼ਗਾਰ ਅਧਿਆਪਕਾਂ ਦੇ ਅੰਦੋਲਨ ਵਿੱਚ ਵੀ ਸਾਥੀ ਜੀ ਮਹੀਨਿਆਂ ਬੱਧੀ ਜੇਲ੍ਹ ਅੰਦਰ ਰਹੇ। ਕਿਰਤੀ ਵਰਗ ਦੀ ਬੰਦ ਖਲਾਸੀ ਲਈ ਕੀਤੇ ਜਾ ਰਹੇ ਸੰਘਰਸ਼ਾਂ ਵਿੱਚ ਵੀ ਮੋਹਰੀ ਕਤਾਰ ਦੇ ਆਗੂ ਵਜੋਂ ਕੰਮ ਕੀਤਾ ਅਤੇ ਪੈਨਸ਼ਨਰਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਹਿੱਤ ਵੀ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਇਕਾਈ ਦੇ ਆਗੂ ਰਹੇ। ਕਹਿਣੀ ਅਤੇ ਕਰਨੀ ਤੇ ਅਡੋਲ ਰਹਿਣ ਵਾਲੇ ਡਾ. ਤਰਲੋਚਨ ਸਿੰਘ ਵੱਲੋਂ ਆਪਣਾ ਸਾਰਾ ਜੀਵਨ ਲੋਕ ਘੋਲਾਂ ਨੂੰ ਸਮਰਪਿਤ ਕੀਤਾ ਅਤੇ ਮਰਨ ਉਪਰੰਤ ਆਪਣਾ ਸਰੀਰ ਵੀ ਮੈਡੀਕਲ ਖੋਜ ਲਈ ਕੀਤਾ ਦਾਨ ਕਰ ਗਏ, ਜਿਸ ਸੰਬੰਧੀ ਉਹਨਾਂ ਨੇ 2011 ਵਿੱਚ ਹੀ ਫਾਰਮ ਭਰ ਦਿੱਤੇ ਸਨ। ਉਹਨਾਂ ਦੇ ਸਪੁੱਤਰ ਅਤੇ ਮੁਲਾਜ਼ਮ ਆਗੂ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਮਿਤੀ 22 ਜੂਨ ਨੂੰ ਗੁਰਦੁਆਰਾ ਸਿੰਘ ਸਭਾ ਬੁਲੋਵਾਲ ਵਿਖੇ ਪਹਿਲੀ ਬਰਸੀ ਸਬੰਧੀ ਸ਼੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਜਾਣਗੇ। ਉਹਨਾਂ ਵਲੋਂ ਸਮੂਹ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ, ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਅਤੇ ਵਰਕਰਾਂ ਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਗਈ ਹੈ।



# ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਵੱਲੋਂ ਆਈ ਪ੍ਰੋਟੈਕਟ ਸਮਾਰਟ ਦੀ ਪੇਸ਼ਕਸ਼

**ਅੰਮ੍ਰਿਤਸਰ** : ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਪਣੇ ਸਭ ਤੋਂ ਵੱਧ ਵਿਕਣ ਵਾਲੇ ਟਰਮ ਇੰਸ਼ੋਰੈਂਸ ਪ੍ਰੋਡਕਟ-ਆਈਪ੍ਰੋਟੈਕਟ ਸਮਾਰਟ ਲਈ ਸਾਰੇ ਪ੍ਰੀਮੀਅਮਾਂ ’ਤੇ ਵਿਸ਼ੇਸ਼ ਮਹਿਲਾਵਾਂ ਲਈ 15% ਦੇ ਲਾਈਫਟਾਈਮ ਡਿਸਕਾਊਂਟ ਦਾ ਐਲਾਨ ਕੀਤਾ ਹੈ ।ਇਸ ਤੋਂ ਇਲਾਵਾ ਤਨਖਾਹ ਪ੍ਰਾਪਤ ਕਰਨ ਵਾਲੀਆਂ ਮਹਿਲਾਵਾਂ ਲਈ ਪਹਿਲੇ ਸਾਲ ਦੇ ਪ੍ਰੀਮੀਅਮ ਤੇ ਵਾਧੂ 15% ਦੀ ਛੂਟ ਦੀ ਪੇਸ਼ਕਸ਼ ਕੀਤੀ ਹੈ ।ਆਈਪ੍ਰੋਟੈਕਟ ਸਮਾਰਟ ਕ੍ਰਿਟੀਕਲ ਇਲਨੈੱਸ ਬੇਨੀਫਿਟਸ ਦੇ ਨਾਲ, ਬ੍ਰੈਸਟ, ਓਵਰੀਅਨ, ਯੂਟ੍ਰਾਈਨ ਅਤੇ ਸਰਵਾਈਕਲ ਕੈਂਸਰ ਵਰਗੀਆਂ ਬਿਮਾਰੀਆਂ ਸਮੇਤ 34 ਗੰਭੀਰ ਬਿਮਾਰੀਆਂ ਦੇ ਵਿਰੁੱਧ ਕਵਰ ਪ੍ਰਦਾਨ ਕਰਦਾ ਹੈ।ਇਹ ਸੰਯੋਜਨ ਸਿਹਤ ਅਤੇ ਜੀਵਨ ਬੀਮਾ ਦੋਵਾਂ ਦੇ ਲਾਭ ਪ੍ਰਦਾਨ ਕਰਦਾ ਹੈ।ਇਸ ਐਲਾਨ ’ਤੇ ਟਿੱਪਣੀ ਕਰਦਿਆਂ ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਚੀਫ ਡਿਸਟ੍ਰੀਬਿਊਸ਼ਨ ਅਫਸਰ ਅਮਿਤ ਪਲਟਾ ਨੇ ਕਿਹਾ ਕਿ ਆਪਣੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਹਰ ਤਰ੍ਹਾਂ ਦੀ ਦੇਖ-ਰੇਖ ਕਰਨ ਵਾਲੇ ਗਾਰਡੀਅਨ ਵਜੋਂ ਮਹਿਲਾਵਾਂ ਕਈ ਤਰ੍ਹਾਂ ਦੀਆਂ ਕੁਰਬਾਨੀਆਂ ਦਿੰਦੀਆਂ ਹਨ ਅਤੇ ਅਸੀਂ ਉਸ ਭਾਵਨਾ ਦਾ ਸਤਿਕਾਰ ਕਰਦੇ ਹਾਂ।

# ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਈਦ-ਉਲ-ਅਜ਼ਹਾ ਦਾ ਤਿਉਹਾਰ



**ਮੋਗਾ, (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਮੁਸਲਿਮ ਭਾਈਚਾਰੇ ਵਲੋਂ ਅਕਾਲਸਰ ਰੋਡ ’ਤੇ ਸਥਿਤ ਮਸਜਿਦ ਉਸਮਾਨ ਗਨੀ ’ਚ ਨਮਾਜ਼ ਅਦਾ ਕੀਤੀ ਗਈ ਅਤੇ ਅੱਲ੍ਹਾ ਤਾਲਾ ਬਰਕਤ ਅਤੇ ਸ਼ਾਂਤੀ ਲਈ ਦੁਆ ਕੀਤੀ। ਇਸ ਮੌਕੇ ਇਜ਼ਰਾਈਲ ਅਲੀ ਅਤੇ ਮੁਹੰਮਦ ਹਬੀਬ ਨੇ ਕਿਹਾ ਕਿ ਈਦ ਦਾ ਤਿਉਹਾਰ ਸਾਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੈ, ਜੋ ਸਾਨੂੰ ਮਿਲ ਕੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਮੁਸਲਿਮ ਭਾਈਚਾਰੇ ਦਾ ਵਿਅਕਤੀ ਜੋ ਦੂਜੇ ਧਰਮਾਂ ਦਾ ਸਤਿਕਾਰ ਨਹੀਂ ਕਰਦਾ, ਉਹ ਸੱਚਾ ਮੁਸਲਮਾਨ ਨਹੀਂ ਹੈ। ਈਦ ਦੇ ਤਿਉਹਾਰ ’ਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵਿਸ਼ਵ ਸ਼ਾਂਤੀ ਲਈ ਦੁਆ ਕੀਤੀ। ਉਨ੍ਹਾਂ ਸਮੂਹ ਮੁਸਲਿਮ ਭਰਾਵਾਂ ਨੂੰ ਬੁਰਾਈ ਦਾ ਰਾਹ ਛੱਡ ਕੇ ਚੰਗਿਆਈ ਦੇ ਰਾਹ ’ਤੇ ਚੱਲਣ ਦੀ ਸਲਾਹ ਦਿੰਦਿਆਂ ਕਿਹਾ ਕਿ ਉਹ ਦੇਸ਼ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਖਿਲਾਫ਼ ਇੱਕਮੁੱਠ ਹੋ ਕੇ ਜੜ੍ਹੋਂ ਪੁੱਟਣ ਦਾ ਪ੍ਰਣ ਲੈਣ। ਇਸੇ ਤਰਾਂ ਈਦ ਉਲ ਅੱਜਹਾ (ਬਕਰਾਈਦ) ਦਾ ਤਿਉਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਏਕਤਾ ਤੇ ਭਾਈਚਾਰਕ ਸਾਂਝ ਲਈ ਮੁਸਲਿਮ ਭਾਈਚਾਰੇ ਵਲੋਂ ਮੰਗੀ ਗਈ ਦੁਆ। ਬਹੋਨਾ ਰੋਡ ਸਥਿਤ ਈਦਗਾਹ ਵਿੱਖੇ ਜਾਮਾ ਮਸਜਿਦ ਦੇ ਈਮਾਮ ਮੁਹੰਮਦ ਇਫ਼ਤਖ਼ਾਰ ਦੀ ਅਗਵਾਈ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਦੁਨੀਆਂ ਭਰ ’ਚ ਅਮਨ ਤੇ ਭਈਚਾਰਕ ਸਾਂਝ ਦੀ ਦੁਆ ਕੀਤੀ ਗਈ। ਅਸਲਮ ਕੁਰੈਸ਼ੀ ਨੇ ਇਸ ਤਿਉਹਾਰ ਦੀ ਅਹਿਮੀਅਤ ਬਾਰੇ ਦੱਸਿਆ। ਇਸ ਮੌਕੇ ਪ੍ਰਧਾਨ ਡਾ. ਮੱਖਣ ਮਾਮਦੀਨ, ਸਰਪ੍ਰਸਤ ਮੁਹੰਮਦ ਅਸਲਮ, ਸੈਕਟਰੀ ਸਰਫਰੋਸ਼ ਅਲੀ ਭੋਟੇ, ਡਾ. ਇਸਲਾਮੁਦੀਨ ਜੋਨੀ, ਇਮਤਿਆਜ਼ ਅਲੀ ਪੱਪੂ। ਮਦੀਨਾ ਮਸਜਿਦ ਬਹੋਨਾ ਚੌਕ ਵਿੱਖੇ ਮਸਜਿਦ ਦੇ ਈਮਾਮ ਸੱਦਾਮ ਹੁਸੈਨ ਨੇ ਅਦਾ ਕੀਤੀ ਗਈ। ਇਸ ਮੌਕੇ ਸੌਦਾਗਰ ਅਲੀ, ਅਮਜਦ ਖ਼ਾਨ, ਸ਼ਾਹਬਾਦ ਕੁਰੇਸ਼ੀ, ਨਦੀਮ ਕੁਰੈਸ਼ੀ, ਮੁਹੰਮਦ ਰਿਆਜ਼, ਅਨਵਰ ਹੁਸੈਨ, ਡਾਕਟਰ ਅਕਬਰ ਚੜ੍ਹਿੱਕ, ਕਾਬਲ ਖ਼ਾਨ, ਇਸ ਮੌਕੇ ਅਮਜਦ ਖ਼ਾਨ ਨੇ ਮੁਸਲਿਮ ਭਲਾਈ ਯੁਵਾ ਵੈਲਫੇਅਰ ਕਲੱਬ ਵੱਲੋਂ ਸਮੂਹ ਭਾਈਚਾਰੇ ਨੂੰ ਮੁਬਾਰਕ ਬਾਦ ਦਿੱਤੀ।

# ਗੱਡੀ ਖੱਡ ’ਚ ਡਿੱਗ ਜਾਣ ਕਾਰਨ ਨੌਜਵਾਨ ਦੀ ਮੌਤ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਦੇ ਆਈ. ਟੀ. ਆਈ. ਤੋਂ ਰਮਨ ਕੁਮਾਰ ਨਾਮਕ ਨੌਜਵਾਨ ਦੀ ਗੱਡੀ ਡਲਹੌਜ਼ੀ ਵਿਖੇ ਖੱਡ ਵਿੱਚ ਡਿੱਗ ਜਾਣ ਕਰਕੇ ਮੌਤ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ।ਮ੍ਰਿਤਕ ਗੁਰਦਾਸਪੁਰ ਪੁਲਸ ਵਿੱਚ ਵਾਇਰਲੈੱਸ ਓਪਰੇਟਰ ਵਜੋਂ ਕਾਰਜ ਕਰਦਾ ਸੀ। ਉਹ ਆਪਣੇ ਪਰਿਵਾਰ ਸਮੇਤ ਡਲਹੌਜ਼ੀ ਖਜਿਆਰ ਘੁੰਮਣ ਗਿਆ ਹੋਇਆ ਸੀ। ਰਸਤੇ ਵਿੱਚ ਗੱਡੀ ਪਾਰਕ ਕਰਦੇ ਸਮੇਂ ਸੰਤੁਲਨ ਵਿਗੜਨ ਦੇ ਨਾਲ ਗੱਡੀ ਸਮੇਤ ਖੱਡ ਵਿੱਚ ਜਾ ਡਿੱਗਿਆ ਜਿਸ ਕਰਕੇ ਮੌਕੇ ’ਤੇ ਹੀ ਉਸਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਆਪਣੇ ਪਿੱਛੇ ਦੋ ਬੱਚੇ ਅਤੇ ਪਤਨੀ ਛੱਡ ਗਿਆ ਹੈ।ਪਰਿਵਾਰ ਵਾਲੇ ਅਕਹਿ-ਅਸਹਿ ਗਮ ’ਚ ਹਨ। ਇਲਾਕੇ ਵਿੱਚ ਸੋਗ ਦੀ ਲਹਿਰ ਹੈ।


## ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ (ਪਬਲਿਕ ਨੋਟਿਸ)

ਇਸ ਪਬਲਿਕ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਨਾਮ ਸਿੰਘ ਪੁੱਤਰ ਵਸਣ ਸਿੰਘ 62-ਸੀ ਮਾਡਲ ਟਾਊਨ ਫਗਵਾੜਾ ਵੱਲੋਂ ਇਸ ਦਫ਼ਤਰ ਵਿਚ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਰਾਹੀਂ ਪਲਾਟ ਨੰਬਰ 19 ਉਦਯੋਗਿਕ ਖੇਤਰ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਚੋਂ ਆਪਣਾ ਹਿੱਸਾ, ਜਿਸ ਦਾ ਰਕਬਾ 326.5 ਵਰਗ ਗਜ਼ ਹੈ, ਦੀ ਤਬਦੀਲੀ ਆਪਣੇ ਪੁੱਤਰ ਸ੍ਰੀ ਪਰਮਜੀਤ ਸਿੰਘ ਦੇ ਨਾਂਅ ਕਰਨਾ ਚਾਹੁੰਦੇ ਹਨ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਆ ਕੇ ਦੇ ਸਕਦਾ ਹੈ। ਜੇਕਰ ਮਿੱਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ: 19 ਉਦਯੋਗਿਕ ਖੇਤਰ ਫਗਵਾੜਾ ਵਿਚੋਂ 326.5 ਵਰਗ ਗਜ਼ ਰਕਬੇ ਦੀ ਤਬਦੀਲੀ ਸੰਬੰਧੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਜਨਰਲ ਮੈਨੇਜਰ,
ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ



**इण्डियन ओवरसीज़ बैंक / Indian Overseas Bank** (भारत सरकार का उपक्रम A Govt. of India Undertaking) आपकी प्रगति का सच्चा साथी Good people to grow with — www.iob.in

ਖੇਤਰੀ ਦਫ਼ਤਰ : ਦੂਜੀ ਮੰਜ਼ਲ, ਪਲਾਟ ਨੰ: 3, ਮਾਲਵੀਆ ਨਗਰ, ਸਾਹਮਣੇ ਪੱਤਰਕਾਰ ਭਵਨ, ਭੋਪਾਲ (ਐੱਮ ਪੀ.)-462003
ਟੈਲੀ : 0755-2570202, ਈ. ਮੇਲ : 2253law@iob.in

ਸਰਫੇਸੀ ਐਕਟ, 2002 ਤਹਿਤ 05.07.2024 ਈ-ਨਿਲਾਮੀ

## ਅਚੱਲ ਜਾਇਦਾਦਾਂ ਦੀ ਵਿਕਰੀ ਦਾ ਈ-ਨਿਲਾਮੀ ਵਾਸਤੇ ਜਨਤਕ ਨੋਟਿਸ
### (ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 8 (6)/ਰੂਲ 9 (1)

ਦੀਆਂ ਵਿਵਸਥਾਵਾਂ ਤਹਿਤ-ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ ਰੂਲਜ਼), 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਵਾਸਤੇ ਐਕਟ, 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਰਚਨਾਤਮਿਕ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ, ਇੰਡੀਅਨ ਓਵਰਸੀਜ਼ ਬੈਂਕ ਦੇ ਸਕਿਉਰਡ ਕ੍ਰੈਡਿਟਰ ਵੱਲੋਂ ਹਾਸਲ ਕੀਤਾ ਜਾ ਚੁੱਕਾ ਹੈ, ਇੰਡੀਅਨ ਓਵਰਸੀਜ਼ ਬੈਂਕ (ਸਕਿਉਰਡ ਕ੍ਰੈਡਿਟਰ) ਵੱਲੋਂ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਹੇਠਾਂ ਦਰਸਾਈ ਰਕਮ ਦੀ ਵਸੂਲੀ ਵਾਸਤੇ ‘ਜਿਵੇਂ ਹੈ ਜਿਥੇ ਹੈ’, ਜਿਵੇਂ ਹੈ ਕੀ ਹੈ’ ਅਤੇ ‘ਉਥੇ ਜੋ ਵੀ ਹੈ’ ਦੇ ਆਧਾਰ ’ਤੇ 05.07.2024 ਨੂੰ ਵਿਕਰੀ ਕੀਤੀ ਜਾਵੇਗੀ। ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬ ਪੋਰਟਲ https://www.mstcecommerce.com/ auctionhome/ ibapi ’ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।

| ਲੜੀ ਨੰ: | ਕਰਜ਼ਦਾਰ/ਗਰੰਟਰਾਂ/ਰਹਿਣਕਾਰਾਂ ਦਾ ਨਾਂਅ ਅਤੇ ਪਤਾ | ਬਕਾਇਆ ਰਕਮ | ਜਾਇਦਾਦਾਂ ਦਾ ਵੇਰਵਾ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਾਖਵੀਂ ਕੀਮਤ / ਈ ਐੱਮ ਡੀ ਰਕਮ / ਬੋਲੀ ਵਾਧਾ ਰਕਮ |
|---|---|---|---|---|
| | ਵਿਦਿਸ਼ਾ ਬਰਾਂਚ : ਪਲਾਟ ਨੰ: 60, ਵਾਰਡ ਨੰ: 7, ਐੱਨ ਐੱਚ-7 ਸਾਂਚੀ ਰੋਡ, ਵਿਦਿਸ਼ਾ - 464001 (ਐੱਮ. ਪੀ.) | | | |
| 1 | ਕਰਜ਼ਦਾਰ/ਰਹਿਣਕਾਰ ਅਤੇ ਗਰੰਟਰ : ਸ੍ਰੀਮਤੀ ਪ੍ਰਨੀਤ ਕੌਰ ਪਤਨੀ ਬਰਿੰਦਰ ਸਿੰਘ ਅਤੇ ਸ੍ਰੀ ਬਰਿੰਦਰ ਸਿੰਘ ਪੁੱਤਰ ਸੁਰਿੰਦਰਪਾਲ ਸਿੰਘ ਪੱਕਾ ਪਤਾ : ਮਕਾਨ ਨੰ: 13, ਸੈਕਟਰ 123, ਸੰਨੀ ਇਨਕਲੇਵ, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140310 ਪੱਤਰ ਵਿਹਾਰ ਦਾ ਪਤਾ : ਫਲੈਟ ਨੰ: 111, ਆਰਬਿਟ ਹਾਈਟਜ਼, ਦੂਜੀ ਮੰਜ਼ਲ, ਵਾਰਡ ਨੰ: 11, ਵਿਦਿਸ਼ਾ ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦ ਸਕੁਏਅਰ, ਵਿਦਿਸ਼ਾ, ਐੱਮ. ਪੀ., 464001 | 15.06.2024 ਨੂੰ ਰੁ: 21,26,607.00 + ਵਿਆਜ ਅਤੇ ਹੋਰ ਚਾਰਜਿਜ | ਜਾਇਦਾਦ ਦੀ ਸਾਰਣੀ : ਸ੍ਰੀਮਤੀ ਪ੍ਰਨੀਤ ਕੌਰ ਪਤਨੀ ਬਰਿੰਦਰ ਸਿੰਘ ਅਤੇ ਸ੍ਰੀ ਬਰਿੰਦਰ ਸਿੰਘ ਰਿਹਾਇਸ਼ੀ ਫਲੈਟ ਨੰ: 111, ਆਰਬਿਟ ਹਾਈਟਜ਼, ਦੂਜੀ ਮੰਜ਼ਲ, ਵਾਰਡ ਨੰ: 11, ਵਿਦਿਸ਼ਾ-ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦ ਸਕੁਏਅਰ, ਵਿਦਿਸ਼ਾ, ਐੱਮ. ਪੀ., 464001, ਹੱਦਾਂ : ਉੱਤਰ : ਫਲੈਟ ਨੰ: 110, ਦੱਖਣ : ਰਿਲਾਇੰਸ ਦੀ ਜ਼ਮੀਨ, ਪੂਰਬ : ਕੋਰੀਡੋਰ, ਪੱਛਮ : ਰਿਲਾਇੰਸ ਦੀ ਜ਼ਮੀਨ — ਰਚਨਾਤਮਕ ਕਬਜ਼ਾ | ਰੁ: 16,80,000/- / ਰੁ: 1,68,000/- / ਰੁ: 25,000/- |

**ਈ-ਨਿਲਾਮੀ ਦੀ ਮਿਤੀ ਤੇ ਸਮਾਂ : 05.07.2024 (ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ)**

ਟਿੱਪਣੀ : ਟੀ ਡੀ ਐੱਸ ਲਾਗੂ * ਕੋਈ ਵੀ 50 ਲੱਖ ਜਾਂ ਉਪਰ ਦੀ ਅਚੱਲ ਜਾਇਦਾਦ ਦੀ ਵਿਕਰੀ/ਤਬਾਦਲੇ ਦੇ ਮਾਮਲੇ ’ਚ, ਤਬਦੀਲ ਕਰਨ ਵਾਲੇ ਨੂੰ ਲਾਗੂ ਆਮਦਨ ਕਰ ਦੇ ਇਕ ਫੀਸਦੀ ਦੇ ਬਰਾਬਰ ਦੇ ਹਿਸਾਬ ਨਾਲ ਅਦਾਇਗੀ ਕਰਨੀ ਪਵੇਗੀ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਤੇ ਨਿਯਮਾਂ ਲਈ ਕ੍ਰਿਪਾ ਕਰਕੇ ਹੇਠਾਂ ਦਰਸਾਈਆਂ ਵੈੱਬਸਾਈਟਾਂ/ਵੈੱਬ ਪੇਜ ਪੋਰਟਲ ’ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
(1) https://www.ibapi.in (2) http://www.mstcecommerce.com/ (3) www.iob.in
ਟਿੱਪਣੀ : ਇਸ ਨੂੰ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6)/9 (1) ਅਤੇ ਰੂਲ 6 (2) ਤਹਿਤ ਕਰਜ਼ਦਾਰਾਂ/ਗਰੰਟਰਾਂ ਲਈ ਉਕਤ ਕਰਜ਼ੇ ਦੇ ਸੰਬੰਧ ’ਚ ਉਪਰੋਕਤ ਦਰਸਾਈ ਮਿਤੀ ’ਤੇ ਈ-ਨਿਲਾਮੀ ਕਰਵਾਉਣ ਦਾ ਨੋਟਿਸ ਵੀ ਮੰਨਿਆ ਜਾਵੇ।

ਮਿਤੀ : 15.06.2024 — ਅਧਿਕਾਰਤ ਅਫਸਰ, ਇੰਡੀਅਨ ਓਵਰਸੀਜ਼ ਬੈਂਕ


# ਕਲਾਸੀਫਾਈਡ ਇਸ਼ਤਿਹਾਰ


## Change of Name

I, Balwinder Ram S/o Bhagat Ram R/o VPO Jallowal Khanoor Distt. Hoshiarpur Punjab have changed my name from Balwinder Ram to Balwinder Singh. Concerned note.

I, Lovepreet Singh S/o Kashmir Singh R/o VPO. Jaito Sarja, Tehsil Batala, Distt. Gurdaspur, Punjab have changed my name from Lovepreet Singh to Singh Lovepreet. (Singh as Surname). Concerned Note.

I, Gurbir Singh Sandhu S/o Balkar Singh R/o Nasarke, Tehsil Batala, Distt. Gurdaspur-143602, Punjab have changed my name from Gurbir Singh to Gurbir Singh Sandhu. Concerned Note.

I, Roopal W/o Raj Kumar R/o H.No. 162, Kanshi Nagar, Kot Sadiq, Jalandhar, Punjab, India have changed my name from Roopal to Rupal. All concerned please note.

I, Rajiv Kumar S/o Tarsem Lal R/o H.No.3258/1, Gali Bhatrian Near Bank of India Katra Bhagian Amritsar have changed my name from Rajiv Kumar to Rajeev Mahajan.

I, Kawaljeet Singh S/o Mahinder Singh R/o Gali Murgikhane Wali, Khalsa Nagar, Bhai Manj Road, Amritsar have changed my name from Kawaljeet Singh to Kawaljit Singh.

I, Jagdev Singh S/o Kashmir Singh R/o Vill thathian po Sathiala,Tehsil Baba Bakala Distt. Amritsar have changed my name Jagdev is my Given name and Singh is my surname.

I,Rimplejeet Singh s/o Paramjit Singh R/o Vill. Buttar khurd Tehsil Baba bakala Distt. amritsar have change my name Rimplejeet is my Given name and Singh is my surname.

I, Hanika Kundal W/O Namit Sehgal R/O Hno 1309 Aashiana Estate Fatehgarh Churian Road Amritsar Have Changed My Name From Hanika Kundal To Hanika Sehgal.

I, Bakshi Ram S/O Ram Asra R/O Block No 8, Ward No 13, Mahilpur, Tehsil Garhshankar, Distt. Hoshiarpur, Punjab, India have changed my name from Bakshi Ram to Bakhshi Ram.

I, Vikas Kumar S/O Ram Lal R/O H.No.23 ,Green Avenue, Kala Sangha Road, Basti Sheikh, Jalandhar, Punjab have changed my name Vikas Attri. All note.

I, Ankush Kumar S/O Raunki Lal, R/o B/27-67, Achli Gate, Bohar Wali Gali, Mohalla Khandda Khola, Batala, Gurdaspur, Punjab- 143505, have changed my name and shall hereafter be Known as Ankush Sehgal.

I, Rounki Ram alias Rounkiram S/O Amar Nath, R/o Chitti Kothi Mohalla, Khanda Khola, Achil Gate, Batala, Gurdaspur, Punjab-143505, have changed my name and shall hereafter be Known as Raunki Lal.

I, hitherto known as Inderjeet Singh S/o Vikar Singh R/o Sujada Patti, VPO Kussa, Tehsil Nihal Singh Wala, Moga, Punjab- 142039, have changed my name and shall hereafter be known as Inderjit Singh.

I, Sukhwinder S/o Ram Pal R/o Village Sanghe Jagir, Po. Littran, Tehsil Phillaur, Distt. Jalandhar-144043, Punjab have added my surname from Sukhwinder to Sukhwinder Singh. All Please Note.

## Change of Name

I, Kamaljit w/o Parshotam Lal r/o Vill. Sherpur, Po. Shadipur, Tehsil Phillaur, Distt. Jalandhar-144039, Punjab have changed my name as Kamla Devi. All Please Note.

I, Kamalpreet Kaur Thind w/o Sandeep Pal Singh Thind r/o VPO.Talwandi Chaudhrian, Kapurthala have changed my minor son name from Aravdeep Pal Singh to Aravdeep Pal Singh Thind. All Please Note.

I, Manjinder Kaur w/o Amarjit Singh r/o VPO. Janglian, Distt. Hoshiarpur, Punjab have changed my minor daughter name from Mehak to Mehakpreet Kaur. All Please Note.

I, Basant Kaur Alias Kuldip Kaur w/o Bikram Jit Singh r/o Green Model Town, Near Khattu Sham Temple, Phagwara, Kapurthala have changed my name to Kuldip Kaur. All Please Note.

I, Anil Sachar s/o late. Banarsi Dass r/o H.No.36/8 B, Central Town, Jalandhar have changed my name from Anil Kumar to Anil Sachar. All Please Note.

I, Vishnu S/o Bijender R/o Near Dada Khera, Khatkar (135), Jind, Haryana- 126115, have changed my name and shall hereafter be known as Vishnu Khatkar. All Please Note.

I, Kamal Sidhu S/o Roop Singh R/o H.No.5530/2, Street No-4, Daba Road, Gobind Nagar, New Shimlapuri, Ludhiana, Punjab-141003, have changed my name as Kamaldeep Singh. All Please Note.

I, Ramsher S/o Harichand R/o H.No-889, Near Comunity Center, Sector-16, Hisar, Haryana- 125001 i have changed the name of my minor son Kunal Aged About 16 Years and he shall hereafter be known as Kunal Kandhal.

I, Shivam Thakral S/o Harish Kumar R/o H.No.269, Dabkariya Street, Ward No.21, Near Gaushalla Road, Fzilka, Firozpur, Punjab-152123. declare that name of my father and my mother has been wrongly written as Harish Thakral and Seema in my 10th class certificate. The actual name of my father and my mother are Harish Kumar and Seema Rani, which may be amended accordingly.

I, Sneha D/o Sandeep Kumar R/o Cottage Mehtab Ganj Road, Fazilka, Punjab- 152123. have changed my name and shall hereafter be known as Sneha Kapoor. All Please Note.

I, Anshu Alias Anshu Mehta W/o Anil Kumar R/o H.No.213, Ward No-6, Siwani, Bhiwani, Haryana-127046. have changed my name and shall hereafter be known as Anshu Mehta. All Please Note.

I, Bimla Yadav W/o Jagdish Chander R/o Dhamlawas (136), Rewari, Haryana-123101. have changed my name and shall hereafter be known as Bimla Devi. All Please Note.

I, Sukhdev s/o Resham r/o VPO. Sarai Khas, Distt. Jalandhar, Punjab have changed my name from Sukhdev to Sukhdev Singh. All Please Note.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

‘ਨਵਾਂ ਜ਼ਮਾਨਾ’ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ ’ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## Change of Name

I, Paljinder Kaur Alias Kulwinder Kaur W/o Balwinder Lola R/o Patti Dafer Ki, VPO. Sarih, Tehsil Nakodar, Distt. Jalandhar, Punjab- 144043, have changed my name to Paljinder Kaur. All Please Note.

## ਨਾਂਅ ਦੀ ਬਦਲੀ

ਮੈਂ ਸੱਤ ਪਾਲ ਪੁੱਤਰ ਕਿਸ਼ੋਰੀ ਲਾਲ, ਵਾਸੀ ਤਹਿਸੀਲ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਸੱਤਪਾਲ ਗਰਗ ਰੱਖ ਲਿਆ ਹੈ।

## ਆਮ ਸੂਚਨਾ

ਬਲਵੀਰ ਕੌਰ ਪਤਨੀ ਜੱਗਾ ਸਿੰਘ ਬੀਏ-1087 ਪਾਪੜਾ ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਚਰਨਜੀਤ ਕੌਰ ਪਤਨੀ ਗੁਲਜਾਰ ਸਿੰਘ ਲੁਧਿਆਣਾ ਰਕਬਾ ਪਾਪੜਾ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਇਤਰਾਜ਼ ਹੈ ਤਾਂ 7 ਦਿਨਾਂ ਵਿੱਚ ਕਰ ਸਕਦਾ ਹੈ। ਵੱਲੋਂ :- ਐਸ ਡੀ ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ:, ਮੂਨਕ।

ਮੈਂ ਵਿਨੋਦ ਕੁਮਾਰ ਸ਼ਰਮਾ ਪੁੱਤਰ ਸਵ. ਮਦਨਲਾਲ ਅਤੇ ਅਨੁਰਾਧਾ ਸ਼ਰਮਾ ਵਾਸੀ ਈ.ਆਰ.149 ਪੱਕਾ ਬਾਗ, ਜਲੰਧਰ ਨੇ 16.11.2016 ਨੂੰ ਆਪਣੇ ਬੇਟੇ ਅਮਿਤ ਸ਼ਰਮਾ, ਉਸਦੀ ਪਤਨੀ ਹਿਮਾਂਸ਼ੂ, ਉਨ੍ਹਾਂ ਦੇ ਬੇਟੇ ਲਕਸ਼ਯ ਸ਼ਰਮਾ ਅਤੇ ਪੁਨਯਾਂਸ਼ ਸ਼ਰਮਾ ਨੂੰ ਆਪਣੀ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਅਸੀਂ ਉਨ੍ਹਾਂ ਨੂੰ ਆਪਣੀ ਘੋਸ਼ਿਤ ਬੇਦਖ਼ਲੀ ਤੋਂ ਵਾਪਸ ਲੈਂਦੇ ਹਾਂ, ਹੁਣ ਉਹ ਸਾਡੀ ਚੱਲ ਅਤੇ ਅਚੱਲ ਜਾਇਦਾਦ ਦੇ ਵਾਰਸ ਹਨ।

ਮੈਂ ਹਰਮੇਸ਼ ਕੌਰ ਪਤਨੀ ਲੇਟ ਜਗਦੀਸ਼ ਰਾਜ ਵਾਸੀ ਗਣੇਸ਼ ਪੁਰ ਭਾਰਟਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਹਾਂ ਮੈਂ ਆਪਣੇ ਪੁੱਤਰ ਗੌਤਮ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕੀਤਾ ਸੀ ਤੇ ਹੁਣ ਮੇਰਾ ਲੜਕਾ ਗੌਤਮ ਕੁਮਾਰ ਮੇਰੇ ਕਹਿਣੇ ਵਿਚ ਹੈ। ਇਸ ਕਰਕੇ ਮੈਂ ਆਪਣੇ ਲੜਕੇ ਦੀ ਬੇਦਖਲੀ ਵਾਪਸ ਲੈਂਦੀ ਹਾਂ।

## ਬੇਦਖਲੀ ਨੋਟਿਸ

ਮੈਂ, ਹਰਭਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਰਾਏਪੁਰ ਕਲਾਂ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸ਼ਨਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਵਰਨ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਚੋਗਾਵਾਂ, ਥਾਣਾ ਲੋਪੋਕੇ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਹਾਲ ਵਾਸੀ ਮਦਨ ਲਾਲ ਢੀਂਗਰਾ ਕਾਲੋਨੀ, ਨੇੜੇ ਗੁਰਦੁਆਰਾ ਸਾਹਿਬ, ਰਾਮ ਤੀਰਥ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਿਸ਼ਾਨ ਸਿੰਘ ਅਤੇ ਇਸ ਦੀ ਪਤਨੀ ਅਰਸ਼ਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਛਪਾਲ ਸਿੰਘ ਪੁੱਤਰ ਚੈਨ ਲਾਲ ਵਾਸੀ ਕੈਰੇ, ਡਾਕਖਾਨਾ ਭਰਥ ਕਾਜ਼ੀ ਚੱਕ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਪਾਲ ਸਿੰਘ ਅਤੇ ਉਸ ਦੀ ਪਤਨੀ ਪੂਜਾ ਦੇਵੀ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਕਸ਼ਮੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਸੰਗੋਜਲਾ ਜਿਲਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਅਪਨੀ ਮਨਮਰਜੀਆਂ ਕਰਦਾ ਰਹਿੰਦਾ ਹੈ , ਇਸ ਲਈ ਮੈਂ ਇਸਨੂੰ ਅਪਨੀ ਤਮਾਮ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦਾ ਹਾਂ ਮੇਰਾ ਜਾ ਮੇਰੇ ਪਰਿਵਾਰ ਦਾ ਦੀਪਕ ਨਾਲ ਕੋਈ ਤਲਕ ਵਾਸਤਾ ਨਹੀ ਹੈ। ਅੱਜ ਤੋਂ ਬਾਦ ਅਗਰ ਕੋਈ ਇਸ ਨਾਲ ਕਿਸੇ ਪ੍ਰਕਾਰ ਦਾ ਲੈਣ-ਦੈਣ ਕਰੇਗਾ ਤਾਂ ਉਹ ਖੁਦ ਜ਼ਿੰਮੇਦਾਰ ਹੋਵੇਗਾ ।

ਮੈਂ, ਪਰਮਜੀਤ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਪੰਡੋਰੀ (ਬਰਨਾਲਾ) ਆਪਣੀ ਲੜਕੀ ਵੀਰਪਾਲ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਸੰਬੰਧ ਨਹੀਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਿਆਰਾ ਲਾਲ ਪੁੱਤਰ ਸ੍ਰੀ ਰੱਖਾ ਰਾਮ, ਵਾਸੀ ਕੱਚਾ ਕਿਲਾ ਟਾਂਡਾ, ਵਾਰਡ ਨੰ: 9 (ਉੜਮੁੜ), ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਸੰਦੀਪ ਕੌਰ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇਕਾਰ ਨਹੀਂ ਹੈ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਜਾਤੀ ਜ਼ਿੰਦਗੀ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਸੁਰਿੰਦਰ ਪਾਲ ਪੁੱਤਰ ਸ਼੍ਰੀ ਕਰਮ ਚੰਦ ਵਾਸੀ ਪਿੰਡ ਸੱਗਰਾਵਾਂਲੀ ਡਾਕਖਾਨਾ ਭਟਨੂਰਾ ਲੁਬਾਣਾ ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਜਤਿੰਦਰ ਕੁਮਾਰ ਅਤੇ ਉਸਦੀ ਪਤਨੀ ਮਮਤਾ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਜੋਗਿੰਦਰਪਾਲ ਸਿੰਘ ਪੁੱਤਰ ਸ਼੍ਰੀ ਭਗਵਾਨ ਦਾਸ ਵਾਸੀ ਸੁਲਤਾਨਵਿੰਡ ਰੋਡ, ਸ਼ਹੀਦ ਊਧਮ ਸਿੰਘ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਗੰਧਾ ਅਤੇ ਉਸਦਾ ਪਤੀ ਪ੍ਰਿੰਸ ਪੁੱਤਰ ਸਰਬਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ । ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਅਮਰਜੀਤ ਕੁਮਾਰ ਪੁੱਤਰ ਕਿਸ਼ਨ ਚੰਦ ਵਾਸੀ 73 ਬੀ,ਪਾਲਮ ਵਿਹਾਰ,ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਭਾਸ਼ ਸਰਮਾ ਅਤੇ ਉਸਦੀ ਪਤਨੀ ਸਮਿਤਾ ਅਤੇ ਇਨ੍ਹਾਂ ਦੇ ਬੱਚੇ ਇਆਨਸ਼ੀ ਸ਼ਰਮਾ,ਵੈਦਿਕਾ ਸ਼ਰਮਾ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਨਿਸ਼ਾਨ ਸਿੰਘ ਪੁੱਤਰ ਹਕੂਮਤ ਸਿੰਘ ਵਾ ਮਹਿੰਦਰ ਕੌਰ ਪਤਨੀ ਨਿਸ਼ਾਨ ਸਿੰਘ ਵਾਸੀ ਪਿੰਡ ਸਾਬੂਵਾਲ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਇਹ ਹੈ ਕਿ ਮੇਰਾ ਲੜਕਾ ਜਸਪਿੰਦਰ ਸਿੰਘ ਅਤੇ ਮੇਰੀ ਲੜਕੀ ਦਲਜੀਤ ਕੌਰ ਅਤੇ ਨੂੰਹ ਮਨਪ੍ਰੀਤ ਕੌਰ ਪਤਨੀ ਜਸਪਿੰਦਰ ਸਿੰਘ ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਕੁੱਲ ਚੱਲ-ਅਚੱਲ ਜ਼ਮੀਨ-ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਬਾਲ ਕ੍ਰਿਸ਼ਨ ਸ਼ਰਮਾ ਪੁੱਤਰ ਸ੍ਰੀ ਭਜਨ ਲਾਲ ਅਤੇ ਭਗਵਤੀ ਦੇਵੀ ਪਤਨੀ ਬਾਲ ਕ੍ਰਿਸ਼ਨ ਸ਼ਰਮਾ ਵਾਸੀ ਮਕਾਨ ਨੰ: 218/9, ਅਵਤਾਰ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਿਤ ਸ਼ਰਮਾ ਅਤੇ ਇਸ ਦੀ ਪਤਨੀ ਰਜਨੀ ਪੰਡਿਤ ਉਰਫ ਹਿਮਾਂਸ਼ੀ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਕੌਰ ਪਤਨੀ ਸਵ. ਸ਼੍ਰੀ ਸਰਵਨ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਥਾਣਾ ਲਾਂਬੜਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਉਰਫ ਸਾਬੀ, ਇਸ ਦੀ ਘਰਵਾਲੀ ਅਮਰਜੀਤ ਕੌਰ ਉਰਫ ਅੰਬੋ, ਇਨ੍ਹਾਂ ਦੇ ਬੱਚੇ ਲੜਕੀਆਂ ਰਾਜਵਿੰਦਰ ਕੌਰ ਉਰਫ ਪ੍ਰੀਤੀ, ਹਰਦੀਪ ਕੌਰ ਉਰਫ ਦੀਪੂ, ਸਿਮਰਨਜੀਤ ਕੌਰ ਉਰਫ ਸਿਮੂ ਅਤੇ ਲੜਕਾ ਗੁਰਵਿੰਦਰ ਸਿੰਘ ਉਰਫ ਗੱਗੂ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਵਰਿੰਦਰ ਕੁਮਾਰ ਪੁੱਤਰ ਜੈ ਗੋਪਾਲ ਵਾ ਨੀਲਮ ਪਤਨੀ ਵਰਿੰਦਰ ਕੁਮਾਰ ਵਾਸੀਆਨ ਮਕਾਨ ਨੰ. 191, ਸ਼ਿਵ ਨਗਰ, ਗੜ੍ਹਾ, ਜਲੰਧਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੀ ਲੜਕੀ ਅੰਜਲੀ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਅਖ਼ਬਾਰ ਨਵਾਂ ਜ਼ਮਾਨਾ ਅਤੇ ਉੱਤਮ ਹਿੰਦੂ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਸਾਡੀ ਲੜਕੀ ਅੰਜਲੀ ਸਾਡੇ ਕਹਿਣੇ ਵਿੱਚ ਹੈ। ਅਸੀਂ ਇਸ ਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦੀ ਵਾਰਿਸ ਹੋਵੇਗੀ। ਸੰਬੰਧਿਤ ਨੋਟ ਕਰਨ।

## PUBLIC NOTICE

I, Chranpreet Singh S/o Davinder Pal R/o H.No. 17, Rose Enclave Colony, Randhawa Masandan, Jalandhar, Punjab, India declare that Nirmaan Singh is my real son, holder of Indian Passport bearing No. Y1450096. That in my son's passport my name mentioned as Chranpreet Singh whereas my correct name is Charanpreet Singh. All concerned please note.

## ਜਨਤਕ ਸੂਚਨਾ

ਆਈ.ਡੀ.ਐਫ.ਸੀ. ਫਸਟ ਬੈਂਕ ਲਿਮਟਿਡ ਦੇ ਨਿਰਦੇਸ਼ਾਂ ਅਨੁਸਾਰ, ਮੈਂ ਜਨਤਾ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਨਾਗੇਸ਼ ਭੋਪਾਲ ਪੁੱਤਰ ਲੇਟ ਸ੍ਰੀ ਅਜੀਤ ਕੁਮਾਰ, ਅੰਜਨਾ ਪਤਨੀ ਲੇਟ ਸ੍ਰੀ ਲੁਕੇਸ਼ ਕੁਮਾਰ ਜੋ ਮਕਾਨ ਖਾਤਾ ਸੁਮਾਰੀ ਨੰਬਰ 18/XII-1, ਕੁੱਲ ਰਕਬਾ 90 ਵਰਗਗਜ਼ ਜਿਸਦੇ ਆਸੇ ਪਾਸੇ ਪਹਾੜ ਵੱਲ: ਤਬੇਲਾ ਅਤੇ ਮਾਲਕੀ ਅਮ੍ਰਿਤ ਕੌਰ, ਦੱਖਣ ਪਾਸੇ: ਤਬੇਲਾ ਅਤੇ ਮਾਲਕੀ ਚੂਨੀ ਲਾਲ ਮਹਾਜਨ, ਚੜ੍ਹਦੇ ਪਾਸੇ: ਬਜਾਰ, ਲਹਿੰਦੇ ਗੰਦਾ ਨਾਲਾ ਜੋ ਬੰਦ ਹੋ ਚੁੱਕਾ ਹੈ ਅਤੇ ਮੌਕੇ ਮੁਤਾਬਿਕ ਜਿਸਦਾ ਆਸਾ ਪਾਸਾ ਇਸ ਤਰ੍ਹਾਂ ਨਾਲ ਹੈ ਚੜ੍ਹਦੇ ਪਾਸੇ ਸੜਕ 28 ਫੁੱਟ ਚੌੜੀ, ਲਹਿੰਦੇ ਮਾਲਕੀ ਦੂਜਿਆਂ ਦੀ, ਪਹਾੜ ਮਾਲਕੀ ਮੁਕੇਸ਼ ਭੂਪਾਲ, ਦੱਖਣ: ਮਾਲਕੀ ਸੁਭਾਸ਼ ਆਟਾ ਚੱਕੀ ਅਤੇ ਹੋਰਾ ਦੀ ਵਾਕਿਆ ਰਕਬਾ ਅੰਮ੍ਰਿਤਸਰ ਅਰਬਨ, ਅਬਾਦੀ ਅੰਦਰੂਨ ਹਾਥੀ ਗੇਟ, ਕਲਿਆਣ ਸਿੰਘ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦਾ ਮਾਲਕ ਹਾਂ।

ਬੈਨਾਮਾ ਮੁਤਾਬਿਕ ਜਾਇਦਾਦ ਦਾ ਰਕਬਾ 30 ਵਰਗਗਜ ਜੋ ਜੁਗਲ ਕਿਸ਼ੋਰ ਪੁੱਤਰ ਸ੍ਰੀ ਜਗਨ ਨਾਥ ਨੇ ਨਿਰਮਲਾ ਰਾਨੀ ਰਤਨੀ ਪਤਨੀ ਸ੍ਰੀ ਪੰਨਾ ਲਾਲ ਪਾਸੋਂ ਰਾਹੀਂ ਬੈਨਾਮਾ ਤਸਦੀਕ ਮਿਤੀ 28/12/1984 ਦਸਤਾਵੇਜ਼ ਨੰਬਰ 6818 ਬਹੀ ਨੰਬਰ 1 ਜਿਲਦ ਨੰਬਰ 931, ਸਫਾ ਨੰਬਰ 29 ਜਿਸਦੀ ਨਕਲ ਜਾਇਦ ਬਹੀ ਨੰਬਰ 1 ਜਿਲਦ ਨੰਬਰ 4129 ਸਫਾ ਨੰਬਰ 4/6 ਤੇ ਜੋੜੀ ਗਈ ਹੈ ਅਨੁਸਾਰ ਖਰੀਦ ਕੀਤੀ ਹੋਈ ਹੈ। ਉਕਤ ਨਿਰਮਲਾ ਰਾਨੀ ਨੇ ਬਾਕੀ ਰਕਬਾ 30 ਵਰਗਗਜ ਨੂੰ ਪੰਨਾ ਲਾਲ ਪੁੱਤਰ ਸ੍ਰੀ ਜਗਨ ਨਾਥ ਨੂੰ ਰਾਹੀ ਬੈਨਾਮਾ ਵੱਲੋਂ ਨਿਰਮਲਾ ਰਾਨੀ ਪਤਨੀ ਸ੍ਰੀ ਪੰਨਾ ਲਾਲ ਦੇ ਰਜਿਸਟਰਡ ਮਿਤੀ 16/1/1985 ਦਸਤਾਵੇਜ਼ ਨੰਬਰ 7386, ਬਹੀ ਨੰਬਰ 1, ਜਿਲਤ ਨੰਬਰ 931, ਸਫਾ ਨੰਬਰ 171 ਅਤੇ ਐਡੀਸਨਲ ਨਕਲ ਜਾਇਦ ਬਹੀ ਨੰਬਰ 1, ਜਿਲਦ ਨੰਬਰ 4139 ਸਫਾ ਨੰਬਰ 75/77 ਤੇ ਜੋੜੀ ਗਈ ਹੈ, ਨੂੰ ਵੇਚ ਦਿੱਤਾ ਉਕਤ ਨਿਰਮਲਾ ਰਾਨੀ ਨੇ ਹੋਰ ਰਕਬਾ 30 ਵਰਗਗਜ ਨੂੰ ਅਜੀਤ ਕੁਮਾਰ ਪੁੱਤਰ ਸ੍ਰੀ ਜਗਨ ਨਾਥ ਨੂੰ ਬਜਰੀਆ ਬੈਨਾਮਾ ਵੱਲੋਂ ਨਿਰਮਲਾ ਰਾਨੀ ਪਤਨੀ ਸ੍ਰੀ ਪੰਨਾ ਲਾਲ ਰਜਿਸਟਰ ਮਿਤੀ 8.05.1985 ਦਸਤਾਵੇਜ਼ ਨੰਬਰ 1448 ਬਹੀ ਨੰਬਰ 1 ਜਿਲਦ ਨੰਬਰ 935 ਸਫਾ ਨੰਬਰ 158 ਜਿਸਦੀ ਨਕਲ ਜਾਇਦ ਬਹੀ ਨੰਬਰ 1 ਜਿਲਦ ਨੰਬਰ 4212 ਸਫਾ ਨੰਬਰ 24/26 ਤੇ ਜੋੜੀ ਗਈ ਹੈ, ਨੂੰ ਵੇਚ ਦਿੱਤੀ ਹੈ। ਉਕਤ ਜੁਗਲ ਕਿਸ਼ੋਰ ਨੇ ਉਹੀ ਰਕਬਾ 30 ਵਰਗਗਜ, ਨੂੰ ਸ੍ਰੀ ਅਜੀਤ ਕੁਮਾਰ ਪੁੱਤਰ ਸ੍ਰੀ ਜਗਨ ਨਾਥ ਨੂੰ ਬਜਰਿਆ ਤਬਦੀਲ ਮਲਕੀਅਤ ਨਾਮਾ ਵੱਲੋਂ ਜੁਗਲ ਕਿਸ਼ੋਰ ਪੁੱਤਰ ਸ੍ਰੀ ਜਗਨ ਨਾਥ ਬਰੂਏ ਤਸਦੀਕ ਮਿਤੀ 4/11/2019 ਦਸਤਾਵੇਜ਼ ਨੰਬਰ 2019-20/89/1/6485 ਬਹੀ ਨੰਬਰ 1 ਤਬਦੀਲ ਕੀਤਾ ਹੈ। ਬੈਨਾਮਾ ਮੁਤਾਬਿਕ ਪੰਨਾ ਲਾਲ ਦੀ ਮੌਤ ਤੋਂ ਬਾਅਦ ਉਸਦੀ ਜਾਇਦਾਦ ਮਨੀਸ਼ ਭੋਪਾਲ ਅਤੇ ਰਵਨੀਸ਼ ਭੋਪਾਲ (ਪੁੱਤਰਾਨ) ਦੇ ਹੱਕ ਵਿੱਚ ਤਬਦੀਲ ਹੋ ਗਈ। ਉਕਤ ਮਨੀਸ਼ ਭੋਪਾਲ ਅਤੇ ਰਵਨੀਸ਼ ਭੋਪਾਲ ਨੇ ਰਕਬਾ 30 ਵਰਗਗਜ ਰਕਬਾ ਸ੍ਰੀ ਅਜੀਤ ਕੁਮਾਰ ਪੁੱਤਰ ਸ੍ਰੀ ਜਗਨ ਨਾਥ ਰਜਿਸਟਰਡ ਮਿਤੀ 04.11.2019 ਦਸਤਾਵੇਜ਼ ਨੰਬਰ 2019-20/89/1/6487 ਬਹੀ ਨੰਬਰ 1 ਰਾਹੀ ਵੇਚ ਦਿੱਤਾ। ਹੁਣ ਉਕਤ ਅਜੀਤ ਕੁਮਾਰ ਉਕਤ ਮਾਲਕੀ ਦਸਤਾਵੇਜ਼ ਦੇ ਮੁਤਾਬਿਕ ਸਾਲਮ ਜਾਇਦਾਦ ਰਕਬਾ 90 ਵਰਗਗਜ ਦਾ ਮਾਲਕ ਹੈ। ਬੈਨਾਮਾ ਦੇ ਅਨੁਸਾਰ ਉਕਤ ਅਜੀਤ ਕੁਮਾਰ ਦੀ ਮੌਤ ਤੋਂ ਬਾਅਦ ਉਸਦੀ ਜਾਇਦਾਦ ਦਰਸਨਾ (ਵਿਧਵਾ), ਲੁਕੇਸ਼ ਕੁਮਾਰ, ਮੁਕੇਸ਼ ਭੋਪਾਲ ਅਤੇ ਨਾਗੇਸ਼ ਭੋਪਾਲ (ਪੁੱਤਰਾਨ) ਅਤੇ ਪੁੱਤਰੀ ਆਸੂ ਬਬਰਾ ਨੂੰ ਤਬਦੀਲ ਹੋ ਗਈ। ਬੈਨਾਮਾ ਦੇ ਅਨੁਸਾਰ ਉਕਤ ਲੁਕੇਸ਼ ਕੁਮਾਰ ਦੀ ਮੌਤ ਤੋਂ ਬਾਅਦ ਉਸਦੀ ਜਾਇਦਾਦ ਅੰਜਨਾ (ਵਿਧਵਾ), ਰਿਸ਼ਭ ਭੋਪਾਲ (ਪੁੱਤਰ) ਅਤੇ ਕਨਿਸ਼ਕਾ ਭੋਪਾਲ (ਪੁੱਤਰੀ) ਨੂੰ ਤਬਦੀਲ ਹੋ ਗਈ ਹੈ। ਉਕਤ ਅੰਜਨਾ ਅਤੇ ਰਿਸ਼ਭ ਭੋਪਾਲ ਨੇ ਜਾਇਦਾਦ ਰਕਬਾ 12 ਵਰਗਗਜ, ਨੂੰ ਸ੍ਰੀਮਤੀ ਕਨਿਸ਼ਕਾ ਭੋਪਾਲ ਪੁੱਤਰੀ ਲੇਟ ਸ੍ਰੀ ਲੁਕੇਸ਼ ਕੁਮਾਰ ਨੂੰ ਬਜਰੀਆ ਤਬਦੀਲ ਮਲਕੀਅਤ ਨਾਮਾ ਵੱਲੋਂ ਅੰਜਨਾ ਪਤਨੀ ਲੇਟ ਸ੍ਰੀ ਲੁਕੇਸ਼ ਕੁਮਾਰ ਆਪ ਖੁਦ ਅਤੇ ਬਾ-ਹੈਸੀਅਤ ਮੁਖਤਾਰ ਸ੍ਰੀ ਰਿਸ਼ਭ ਭੋਪਾਲ ਪੁੱਤਰ ਲੇਟ ਸ੍ਰੀ ਲੁਕੇਸ਼ ਕੁਮਾਰ ਰਜਿਸਟਰਡ ਮਿਤੀ 30.05.2024 ਦਸਤਾਵੇਜ਼ ਨੰਬਰ 2024-25/89/1/2380 ਬਹੀ ਨੰਬਰ 1 ਰਾਹੀਂ ਤਬਦੀਲ ਹੋ ਗਿਆ। ਉਕਤ ਮੁਕੇਸ਼ ਭੋਪਾਲ, ਨਾਗੇਸ਼ ਭੋਪਾਲ ਅਤੇ ਆਸੂ ਬੱਬਰਾ ਨੇ ਜਾਇਦਾਦ ਰਕਬਾ 54 ਵਰਗਗਜ, ਦੀ ਤਬਦੀਲ ਮਲਕੀਅਤ ਬਹੱਕ ਦਰਸਨਾ ਪਤਨੀ ਲੇਟ ਸ੍ਰੀ ਅਜੀਤ ਕੁਮਾਰ ਬਜਰੀਆ ਤਬਦੀਲ ਮਲਕੀਅਤ ਨਾਮਾ ਵੱਲੋਂ ਮੁਕੇਸ਼ ਭੋਪਾਲ ਅਤੇ ਨਾਗੇਸ਼ ਭੋਪਾਲ ਪੁੱਤਰਾਨ ਲੇਟ ਸ੍ਰੀ ਅਜੀਤ ਕੁਮਾਰ ਅਤੇ ਸ੍ਰੀਮਤੀ ਆਸੂ ਬਬਰਾ ਪੁੱਤਰੀ ਲੇਟ ਸ੍ਰੀ ਅਜੀਤ ਕੁਮਾਰ ਬਰੂਏ ਤਸਦੀਕ ਮਿਤੀ 30.05.2024 ਦਸਤਾਵੇਜ਼ ਨੰਬਰ 2024-25/89/1/2382 ਬਹੀ ਨੰਬਰ 1 ਅਨੁਸਾਰ ਤਬਦੀਲ ਮਲਕੀਅਤ ਹੋ ਗਿਆ। ਹੁਣ ਦਰਸਨਾ ਰਕਬਾ 72 ਵਰਗ ਗਜ (18 ਵਰਗ ਰਾਹੀਂ ਵਰਾਸਤ + 54 ਵਰਗਗਜ ਰਾਹੀਂ ਤਬਦੀਲ ਮਲਕੀਅਤਨਾਮਾ) ਦੀ ਮਾਲਕ ਹੈ। ਉਕਤ ਦਰਸਨਾ ਨੇ ਜਾਇਦਾਦ ਰਕਬਾ 27 ਵਰਗਗਜ ਸ੍ਰੀਮਤੀ ਕਨਿਸ਼ਕਾ ਪੁੱਤਰੀ ਲੇਟ ਸ੍ਰੀ ਲੁਕੇਸ਼ ਕੁਮਾਰ ਰਾਹੀਂ ਤਬਦੀਲ ਮਲਕੀਅਤਨਾਮਾ) ਦਰਸਨਾ ਪਤਨੀ ਲੇਟ ਸ੍ਰੀ ਅਜੀਤ ਕੁਮਾਰ ਰਜਿਸਟਰਡ ਮਿਤੀ 03.06.2024 ਦਸਤਾਵੇਜ਼ ਨੰਬਰ 2024-25/89/1/2440, ਬਹੀ ਨੰਬਰ 1, ਹੁਣ ਉਪਰੋਕਤ ਕਨਿਸ਼ਕਾ ਭੋਪਾਲ ਦੀ ਮਾਲਕੀ ਪ੍ਰਾਪਰਟੀ 45 ਵਰਗਗਜ (6 ਵਰਗ ਗਜ ਦੁਆਰਾ ਜੱਦੀ ਜਾਇਦਾਦ + 12 ਵਰਗ ਗਜ ਤਬਦੀਲ ਮਲਕੀਅਤ + 27 ਵਰਗ ਗਜ ਤਬਦੀਲ ਮਲਕੀਅਤ, ਉਕਤ ਦਰਸਨਾ ਜਾਇਦਾਦ ਦਾ ਬਚਦਾ ਰਕਬਾ 45 ਵਰਗਗਜ ਦੀ ਤਬਦੀਲ ਮਲਕੀਅਤ ਬਹੱਕ ਸ੍ਰੀ ਨਾਗੇਸ਼ ਭੋਪਾਲ ਪੁੱਤਰ ਲੇਟ ਸ੍ਰੀ ਅਜੀਤ ਕੁਮਾਰ ਬਜਰੀਆ ਤਬਦੀਲ ਮਲਕੀਅਤ ਨਾਮਾ ਵੱਲੋਂ ਦਰਸਨਾ ਪਤਨੀ ਲੇਟ ਸ੍ਰੀ ਅਜੀਤ ਕੁਮਾਰ ਰਜਿਸਟਰਡ ਮਿਤੀ 03.06.2024 ਦਸਤਾਵੇਜ਼ ਨੰਬਰ 2024-25/89/1/2442 ਬਹੀ ਨੰਬਰ 1 ਰਾਹੀਂ ਤਬਦੀਲ ਮਲਕੀਅਤ ਕਰ ਦਿੱਤਾ ਹੈ। ਉਕਤ ਕਨਿਸ਼ਕਾ ਨੇ ਜਾਇਦਾਦ ਰਕਬਾ 45 ਵਰਗਗਜ ਦੀ ਤਬਦੀਲ ਮਲਕੀਅਤ ਬਹੱਕ ਸ੍ਰੀਮਤੀ ਅੰਜਨਾ ਪਤਨੀ ਲੇਟ ਸ੍ਰੀ ਲੁਕੇਸ਼ ਕੁਮਾਰ ਬਜਰੀਆ ਤਬਦੀਲ ਮਲਕੀਅਤ ਨਾਮਾ ਵੱਲੋਂ ਸ੍ਰੀਮਤੀ ਕਨਿਸ਼ਕਾ ਭੋਪਾਲ ਪੁੱਤਰੀ ਲੇਟ ਸ੍ਰੀ ਲੁਕੇਸ਼ ਕੁਮਾਰ ਰਜਿਸਟਰਡ ਮਿਤੀ 07.06.2024 ਦਸਤਾਵੇਜ਼ ਨੰਬਰ 2024-25/89/1/2549 ਬਹੀ ਨੰਬਰ 1 ਰਾਹੀਂ ਤਬਦੀਲ ਮਲਕੀਅਤ ਕੀਤਾ ਹੈ। ਹੁਣ ਦਾ ਮਾਲਕ ਹੋਣ ਨਾਤੇ ਲੋਨ ਲੈਣ ਸਬੰਧੀ ਆਈਡੀਐਫਸੀ ਫਸਟ ਵਿੱਚ ਸੰਪਰਕ ਕੀਤਾ ਹੈ।

ਇਸ ਜਾਇਦਾਦ ਤੇ ਕਿਸੇ ਵੀ ਤਰ੍ਹਾਂ ਨਾਲ ਇਸਤੋਂ ਪਹਿਲਾਂ ਕੋਈ ਅਧਿਕਾਰ ਜਾਂ ਹਿੱਤ ਹੋਣ ਜਾਂ ਦਾਅਵਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੇ ਉਕਤ ਬੈਨਾਮਾ ਨੂੰ ਕਿਸੇ ਵੀ ਵਿਅਕਤੀ/ ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ, ਅਜੀਤ ਕੁਮਾਰ, ਪੰਨਾ ਲਾਲ ਅਤੇ ਲੁਕੇਸ਼ ਕੁਮਾਰ ਦੇ ਕਿਸੇ ਵੀ ਵਾਰਸਾਨ ਚਾਹੇ ਜਿੰਨਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ ਜਾਂ ਨਹੀਂ, ਮੈਂ ਨਿਮਨ ਹਸਤਾਖਰੀ ਨਾਲ ਸੰਪਰਕ ਕੀਤਾ ਜਿਸ ਨੂੰ ਇਸ ਵਿੱਚ ਕੋਈ ਇਤਰਾਜ਼ ਹੋਵੇ ਉਹ ਇਸ ਪਬਲਿਕ ਨੋਟਿਸ ਦੇ ਜਾਰੀ ਹੋਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰੋ। ਇਸ ਨੋਟਿਸ ਦੀ ਮਿਆਦ ਤੋਂ ਬਾਅਦ, ਕੋਈ ਦਾਅਵਾ ਸੁਣਵਾਈ ਯੋਗ ਨਹੀਂ ਹੋਵੇਗਾ ਅਤੇ ਉਹਨਾਂ ਦਾ ਦਾਅਵਾ ਧੋਖਾ ਦੇਣ ਵਾਲਾ ਅਤੇ ਨਿਰਧਾਰ ਮੰਨਿਆ ਜਾਵੇਗਾ ਅਤੇ ਇਸਦਾ ਕੋਈ ਦਾਅਵਾ ਮੰਨਿਆ ਨਹੀਂ ਜਾਵੇਗਾ ਇਸਤੋਂ ਬਾਅਦ ਇਹ ਵੀ ਸਵਿਕਾਰ ਕੀਤਾ ਅਤੇ ਮੰਨ ਲਿਆ ਜਾਵੇਗਾ ਕਿ ਕਿਸੇ ਵੀ ਸਖਸ਼ ਨੂੰ ਉਕਤ ਜਾਇਦਾਦ ਨੂੰ ਆਈਡੀਐਫਸੀ ਫਸਟ ਬੈਂਕ ਲਿਮਟਿਡ ਵਿੱਚ ਗਿਰਵੀ ਰੱਖਣ ਲਈ ਕੋਈ ਇਤਰਾਜ਼ ਨਹੀਂ ਹੈ। ਵਿਵੇਕ ਵਰਮਾਨੀ ਐਡਵੋਕੇਟ 69140-80528, 69-ਗ੍ਰੀਨ ਐਵੀਨਿਊ, ਅੰਮ੍ਰਿਤਸਰ।

18-JUNE-PAGE-7.qxd 6/17/2024 8:33 PM Page 1



# ਬੇਕਾਬੂ ਛੋਟਾ ਹਾਥੀ ਰੇਹੜੀ ਨਾਲ ਟਕਰਾਇਆ, ਇੱਕ ਜ਼ਖ਼ਮੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਥਾਨਕ ਕਸਬੇ ਅੰਦਰ ਬੇਕਾਬੂ ਹੋਏ ਟਾਟਾ ਏਸ (ਛੋਟਾ ਹਾਥੀ) ਵੱਲੋਂ ਇੱਕ ਰੇਹੜੀ ਨੂੰ ਮਾਰੀ ਟੱਕਰ ਕਾਰਨ ਰੇਹੜੀ ਮਾਲਕ ਪ੍ਰਵਾਸੀ ਮਜ਼ਦੂਰ ਦੇ ਜ਼ਖ਼ਮੀ ਹੋਣ ਦਾ ਪਤਾ ਲੱਗਿਆ ਹੈ।ਜਾਣਕਾਰੀ ਅਨੁਸਾਰ ਉੱਤਰ ਪ੍ਰਦੇਸ ਤੋਂ ਪ੍ਰਵਾਸੀ ਮਜ਼ਦੂਰ ਦਿਨੇਸ਼ ਕੁਮਾਰ ਉਰਫ਼ ਸ਼ਿਵਾ ਪੁੱਤਰ ਕਾਸ਼ੀ ਰਾਮ ਹਾਲ ਆਬਾਦ ਮਹਿਲ ਕਲਾਂ (ਬਰਨਾਲਾ), ਜੋ ਮਹਿਲ ਕਲਾਂ ਵਿਖੇ ਲੁਧਿਆਣਾ-ਬਠਿੰਡਾ ਮੁੱਖ ਮਾਰਗ ਕਿਨਾਰੇ ਕੁਲਚਿਆਂ ਦੀ ਰੇਹੜੀ ਲਾ ਕੇ ਆਪਣਾ ਪਰਿਵਾਰ ਪਾਲ ਰਿਹਾ ਸੀ, ਅੱਜ ਦੁਪਹਿਰ ਸਮੇਂ ਜਦੋਂ ਉਹ ਆਪਣੀ ਰੇਹੜੀ 'ਤੇ ਖੜਾ ਕੰਮ ਕਰ ਰਿਹਾ ਸੀ ਤਾਂ ਬਰਨਾਲੇ ਵਾਲੇ ਪਾਸਿਉਂ ਆ ਰਹੇ ਬੇਕਾਬੂ ਹੋਏ ਇੱਕ ਟਾਟਾ ਏਸ ਨੇ ਸਿੱਧੀ ਟੱਕਰ ਮਾਰ ਦਿੱਤੀ, ਜਿਸ ਕਾਰਨ ਰੇਹੜੀ ਦੇ ਦੂਜੇ ਪਾਸੇ ਖੜਾ ਸ਼ਿਵਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।ਜ਼ੋਰ ਨਾਲ ਵੱਜੀ ਟੱਕਰ ਕਾਰਨ ਰੇਹੜੀ ਕੋਲੇ ਲੱਗਿਆ ਬਿਜਲੀ ਦਾ ਖੰਭ ਵੀ ਟੁੱਟ ਗਿਆ।ਮੌਕੇ 'ਤੇ ਮੌਜੂਦ ਸਥਾਨਕ ਲੋਕਾਂ ਨੇ ਦੱਸਿਆ ਕਿ ਸਾਈਡ ਤੋਂ ਆ ਰਹੀ ਬਾਇਓ ਵੇਸਟ ਲਿਜਾਣ ਵਾਲੀ ਗੱਡੀ (ਟਾਟਾ ਏਸ) ਨੇ ਅਚਾਨਕ ਗਤੀ ਧੀਮੀ ਕਰ ਕੇ ਜਿਉਂ ਹੀ ਖੱਬੇ ਪਾਸੇ ਮੋੜਨਾ ਚਾਹਿਆ ਤਾਂ ਮਹਿੰਦਰਾ ਪਿਕਅਪ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਟਾਟਾ ਏਸ ਖੱਬੇ ਪਾਸੇ ਮੁੜਨ ਦੀ ਬਜਾਏ ਸਿੱਧਾ ਜਾ ਕੇ ਸੜਕ ਕਿਨਾਰੇ ਕੁਲਚਿਆਂ ਵਾਲੀ ਰੇਹੜੀ ਨਾਲ ਟਕਰਾ ਗਿਆ।ਇਸ ਹਾਦਸੇ 'ਚ ਜ਼ਖ਼ਮੀ ਪ੍ਰਵਾਸੀ ਮਜ਼ਦੂਰ ਦਿਨੇਸ਼ ਕੁਮਾਰ ਸ਼ਿਵਾ ਨੂੰ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਮੁੱਢਲੀ ਸਹਾਇਤਾ ਉਪਰੰਤ ਅਗਲੇ ਇਲਾਜ ਲਈ ਸਿਵਲ ਹਸਪਤਾਲ ਬਰਨਾਲਾ ਭੇਜ ਦਿੱਤਾ।ਮਾਹਰ ਡਾਕਟਰਾਂ ਨੇ ਦੱਸਿਆ ਕਿ ਇਸ ਹਾਦਸੇ 'ਚ ਸ਼ਿਵਾ ਕੁਮਾਰ ਦੇ ਦੋਵਾਂ ਪੱਟਾਂ ਦੀਆਂ ਹੱਡੀਆਂ ਟੁੱਟ ਗਈਆਂ ਹਨ।ਇਸ ਸੰਬੰਧੀ ਪਤਾ ਲੱਗਦਿਆਂ ਹੀ ਘਟਨਾ ਸਥਾਨ 'ਤੇ ਪਹੁੰਚੇ ਮਹਿਲ ਕਲਾਂ ਪੁਲਸ ਦੇ ਕਰਮਚਾਰੀਆਂ ਨੇ ਟਾਟਾ ਏਸ ਤੇ ਮਹਿੰਦਰਾ ਪਿਕਅਪ ਕਬਜ਼ੇ 'ਚ ਲੈਣ ਉਪਰੰਤ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਸਰਾਂ ਨੇ ਕਿਹਾ ਕਿ ਘਟਨਾ ਦੌਰਾਨ ਜ਼ਖ਼ਮੀ ਹੋਏ ਪ੍ਰਵਾਸੀ ਮਜ਼ਦੂਰ ਨੂੰ ਪੂਰਾ-ਪੂਰਾ ਇਨਸਾਫ਼ ਦੁਆਇਆ ਜਾਵੇਗਾ।

# ਰਾਹ ਦਾ ਵਿਵਾਦ ਇੱਕ ਸਾਲ ਤੋਂ, ਹੁਣ ਵਰੰਟ ਕਬਜ਼ਾ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
ਬੀ ਡੀ ਪੀ ਓ ਵੱਲੋਂ ਇਹ ਕਹਿ ਕੇ ਵਾਪਸੀ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਸਾਨੂੰ ਤਾਂ ਮੌਕੇ 'ਤੇ ਪੁਲਸ ਪ੍ਰਸ਼ਾਸਨ ਦੀ ਮੱਦਦ ਨਹੀਂ ਮਿਲੀ। ਇਹ ਸੁਣ ਕੇ ਹਰਕਤ ਵਿੱਚ ਆ ਕੇ ਪਿੰਡ ਦਿਉਣ ਦੇ ਕਿਸਾਨਾਂ ਨੇ ਬੀ ਡੀ ਓ ਦਾ ਘਿਰਾਓ ਕੀਤਾ ਗਿਆ ਤੇ ਉਸੇ ਸਮੇਂ ਧਰਨਾ ਲਾ ਦਿੱਤਾ ਗਿਆ ਤੇ ਧਰਨਾ ਲਗਾਤਾਰ ਸਾਰਾ ਦਿਨ ਜਾਰੀ ਰਿਹਾ। ਪ੍ਰਸ਼ਾਸਨ ਵੱਲੋਂ ਕਿਸੇ ਕਿਸਮ ਦੀ ਕੋਈ ਗੱਲਬਾਤ ਨਹੀਂ ਕੀਤੀ ਗਈ। ਇਹ ਧਰਨਾ ਬਠਿੰਡਾ ਬਲਾਕ ਦੇ ਆਗੂ ਗੁਰਪਾਲ ਸਿੰਘ ਦਿਉਣ ਤੇ ਪਿੰਡ ਇਕਾਈ ਦੇ ਆਗੂ ਬੱਬਲੀ ਸਿੰਘ ਮਹਿਮਾ ਭਗਵਾਨਾ ਅਤੇ ਬੁਰਜ ਮਹਿਮਾ ਦੇ ਆਗੂ ਦੇ ਆਗੂ ਗੋਰਾ ਸਿੰਘ ਅਤੇ ਪਿੰਡ ਇਕਾਈ ਕਿਲੀ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਸੋਨੀ ਸਿੰਘ ਤੇ ਪਿੰਡ ਬਲੂਆਣਾ ਦੇ ਆਗੂ ਗੁਰਪਾਲ ਸਿੰਘ ਦੀ ਅਗਵਾਈ ਹੇਠ ਇਹ ਧਰਨਾ ਲਗਾਤਾਰ ਰਾਤ ਦੇ 10 ਵਜੇ ਤੱਕ ਚੱਲਿਆ। ਫਿਰ ਤਹਿਸੀਲਦਾਰ ਬਠਿੰਡਾ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਮੈਂ ਇਸ ਰਾਹ ਦੀ ਨਿਸ਼ਾਨਦੇਹੀ ਦੇ ਮੁਤਾਬਕ ਰਾਹ ਪੂਰਾ ਕਰਾ ਕੇ ਸਰਕਾਰੀ ਢੱਡੇ ਲਗਵਾਵਾਂਗਾ ਪਰ ਹਾਲੇ ਤੱਕ ਇਸ ਗੱਲ ਦੀ ਸੁਣਵਾਈ ਪ੍ਰਸ਼ਾਸ਼ਨ ਵੱਲੋਂ ਨਹੀ ਕੀਤੀ ਗਈ, ਜਿਸ ਕਰਕੇ ਕਿਸਾਨਾਂ ਵੱਲੋਂ 17 ਜੂਨ ਤੱਕ ਧਰਨਾ ਲਗਾਤਾਰ ਤਰਾਂ ਜਾਰੀ ਹੈ।ਜੇਕਰ ਪ੍ਰਸ਼ਾਸਨ ਵਲੋਂ ਕਿਸੇ ਕਿਸਮ ਦਾ ਕੋਈ ਸੁਨੇਹਾ ਜਾ ਕੋਈ ਗੱਲਬਾਤ ਨਹੀਂ ਹੁੰਦੀ ਤਾਂ 18 ਜੂਨ ਨੂੰ ਇਸ 'ਤੇ ਸਖ਼ਤ ਐਕਸ਼ਨ ਲਿਆ ਜਾਵੇਗਾ।

# ਸਿਹਤਮੰਦ ਸੁਪਨੇ ਨੂੰ ਪੂਰਾ ਕਰਨ 'ਚ ਸਹਿਯੋਗ ਦੇ ਰਹੀ ਹੈ ਸੀ ਐੱਮ ਦੀ ਯੋਗਸ਼ਾਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 5 ਅਕਤੂਬਰ 2023 ਤੋਂ ਫਿਰੋਜ਼ਪੁਰ ਵਿੱਚ ਮੁਫਤ ਯੋਗਾ ਕਲਾਸਾਂ ਸੀ ਐੱਮ ਦੀ ਯੋਗਸ਼ਾਲਾ ਅਧੀਨ ਚੱਲ ਰਹੀਆਂ ਹਨ।ਪੂਰੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ 74 ਯੋਗ ਦੀਆਂ ਕਲਾਸਾਂ ਚੱਲ ਰਹੀਆਂ ਹਨ।ਇੱਕ ਸੁਪਰਵਾਈਜ਼ਰ ਤੇ 13 ਯੋਗ ਟਰੇਨਰਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਲੋਕਾਂ ਦੀ ਮੰਗ ਅਨੁਸਾਰ ਕਲਾਸਾਂ ਚੱਲਦੀਆਂ ਹਨ ਅਤੇ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਸੁਧਾਰ ਕਰਦੇ ਹੋਏ ਯੋਗ ਦੇ ਹੋਰ ਫਾਇਦਿਆਂ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।ਜ਼ਿਲ੍ਹੇ ਭਰ ਵਿੱਚ ਸ਼ੁਰੂ ਕੀਤੀਆਂ ਯੋਗਾ ਕਲਾਸਾਂ ਵਿੱਚ ਸ਼ਾਮਲ ਹੋਣ ਤੋਂ ਬਾਅਦ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ, ਜਿਸ ਵਿੱਚ ਯੋਗਾਤਮਕ ਸੂਖਮ ਅਭਿਆਸ, ਆਸਣ, ਪ੍ਰਾਣਾਯਾਮ ਤੇ ਧਿਆਨ ਸਿਖਾਇਆ ਜਾਂਦਾ ਹੈ।ਹਰ ਉਮਰ ਦੇ ਲੋਕ ਇਨ੍ਹਾਂ ਕਲਾਸਾਂ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਉਹ ਜੋੜਾਂ ਦੇ ਦਰਦ, ਸ਼ੂਗਰ, ਥਾਇਰਾਇਡ, ਬਲੱਡ ਪ੍ਰੈਸ਼ਰ ਆਦਿ ਕਈ ਬਿਮਾਰੀਆਂ ਤੋਂ ਰਾਹਤ ਪਾ ਰਹੇ ਹਨ।ਲੋਕਾਂ ਦੁਆਰਾ ਨਿਯਮਤ ਤੌਰ 'ਤੇ ਯੋਗ ਕਰਨ ਨਾਲ ਸਰੀਰਕ ਤੇ ਮਾਨਸਿਕ ਬਿਮਾਰੀਆਂ ਵਿੱਚ ਬਹੁਤ ਫਾਇਦਾ ਮਿਲ ਰਿਹਾ ਹੈ ਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ ਮਹਿਸੂਸ ਕਰ ਰਹੇ ਹਨ।ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਲੋਕ ਯੋਗ ਕਲਾਸਾਂ ਵਿੱਚ ਪਹੁੰਚ ਕੇ ਯੋਗਾ ਦੇ ਲਾਭ ਲੈਣ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਵਿੱਚ ਗਾਂਧੀ ਗਾਰਡਨ, ਨਾਮਦੇਵ ਭਵਨ, ਢੀਂਗਰਾ ਪਾਰਕ, ਬਾਗੀ ਪਾਰਕ, ਪ੍ਰੀਤ ਨਗਰ, ਬੇਦੀ



ਕਲੋਨੀ, ਗਨੇਸ਼ਾ ਇਨਕਲੇਵ, ਗੋਬਿੰਦ ਇਨਕਲੇਵ, ਲਕਸ਼ਮੀ ਇਨਕਲੇਵ, ਗਿਆਨ ਵਾਟਿਕਾ, ਫਰੈਂਡਸ ਪਾਰਕ, ਵਿਕਾਸ ਵਿਹਾਰ ਪਾਰਕ, ਆਨੰਦ ਐਵੇਨਿਊ, ਬਲਾਕ ਗੁਰੂ ਹਰਸਹਾਏ ਵਿਖੇ ਮੋਹਨ ਕੇ ਹਿਠਾੜ, ਗੋਲੂ ਕਾ ਮੋੜ, ਰੇਲਵੇ ਪਾਰਕ, ਸ਼ਿਵਾਲਿਆ ਮੰਦਰ, ਹੰਨੂਮਾਨ ਮੰਦਰ, ਜ਼ੀਰਾ, ਮੱਖੂ ਵਿੱਚ ਯੋਗ ਕਲਾਸ ਸਵੇਰੇ ਸ਼ਾਮ ਲੱਗਦੀਆਂ ਹਨ।ਇਨ੍ਹਾਂ ਕਲਾਸਾਂ ਵਿੱਚ ਕਿਸੇ ਵਿਅਕਤੀ ਤੋਂ ਕੋਈ ਫੀਸ ਨਹੀਂ ਲਈ ਜਾਂਦੀ, ਬਿਲਕੁਲ ਮੁਫਤ ਵਿੱਚ ਇਹ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ।ਕਿਸੇ ਵੀ ਗਲੀ ਮੁਹੱਲੇ ਵਿੱਚ ਜੇਕਰ ਕਲਾਸ ਲਗਵਾਉਣਾ ਚਾਹੁੰਦੇ ਹਨ ਤਾਂ 25 ਮੈਂਬਰਾਂ ਦਾ ਇੱਕ ਗਰੁੱਪ ਬਣਾ ਕੇ 76694-00500 ਉੱਪਰ ਮਿਸ ਕਾਲ ਕਰ ਸਕਦੇ ਹੋ ਜਾਂ 788-8840115 'ਤੇ ਵੀ ਕਾਲ ਕਰ ਸਕਦੇ ਹੋ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਚਲਾਏ ਜਾ ਰਹੇ ਸੀ ਐੱਮ ਦੀ ਯੋਗਸ਼ਾਲਾ ਪ੍ਰੋਜੈਕਟ ਦੀਆਂ ਕਲਾਸਾਂ ਦਾ ਲਾਭ ਹਜ਼ਾਰਾਂ ਲੋਕ ਲੈ ਰਹੇ ਹਨ।

## ਕਾਤਰਾਂ

### 57400 ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ 2 ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸੀਮਿੰਟ ਖ਼੍ਰੀਦਣ ਦੇ ਨਾਮ 'ਤੇ 57400 ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਇੱਕ ਔਰਤ ਸਮੇਤ 2 ਜਣਿਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਮੁਕੇਸ਼ ਬਜਾਜ ਤੇ ਮਨੋਜ ਬਜਾਜ ਪੁੱਤਰ ਸੁਰਿੰਦਰ ਕੁਮਾਰ ਵਾਸੀ 1129, ਵਾਰਡ ਨੰਬਰ 11 ਨੇੜੇ ਟੱਕਰ ਹਸਪਤਾਲ ਜਲਾਲਾਬਾਦ ਨੇ ਪੁਲਸ ਕੋਲ ਦਰਖਾਸਤ ਨੰਬਰ 7161-ਪੀਸੀ ਮਿਤੀ 30-10-2023 ਅਤੇ 1155 ਮਿਤੀ 05-03-2024 ਨੂੰ ਦਿੱਤੀ ਗਈ ਸੀ ਕਿ ਉਸ ਦੀ ਦੁਕਾਨ ਜੀ. ਐੱਮ. ਬਿਲਡਿੰਗ ਮਟੀਰੀਅਲ ਫਾਜ਼ਿਲਕਾ ਰੋਡ ਜਲਾਲਾਬਾਦ ਵਿਖੇ ਹੈ। ਇਨ੍ਹਾਂ ਦਰਖਾਸਤਾਂ ਵਿੱਚ ਸ਼ਿਕਾਇਤਕਰਤਾ ਮੁਕੇਸ਼ ਬਜਾਜ ਤੇ ਮਨੋਜ ਬਜਾਜ ਨੇ ਦੱਸਿਆ ਕਿ ਜਫਰੂ ਪੁੱਤਰ ਮੁਹੰਮਦ ਖਾਨ ਅਤੇ ਮਿੰਨੀ ਪਤਨੀ ਸਲੀਮ ਵਾਸੀ ਟੀਗਾਂਓ 95 ਫੀਰਦਾਬਾਦ ਹਰਿਆਣਾ ਨੇ ਆਪਣੀਆਂ ਗੱਲਾਂ ਵਿੱਚ ਉਲਝਾ ਕੇ ਸੀਮਿੰਟ ਖ਼੍ਰੀਦਣ ਦੇ ਨਾਮ 'ਤੇ ਉਨ੍ਹਾਂ ਪਾਸੋਂ 57400 ਰੁਪਏ ਆਨਲਾਇਨ 2 ਕਿਸ਼ਤਾਂ ਰਾਹੀਂ ਆਪਣੇ ਖਾਤਿਆਂ ਵਿੱਚ ਪੇਮੈਂਟ ਟਰਾਂਸਫਰ ਕਰਵਾਈ ਹੈ ਅਤੇ ਉਨ੍ਹਾਂ ਨਾਲ ਠੱਗੀ ਮਾਰੀ ਹੈ। ਉਪਰੋਕਤ ਦਰਖਾਸਤਾਂ ਦੀ ਅਪਰੂਵਲ ਐੱਸ.ਐੱਸ.ਪੀ. ਫਾਜ਼ਿਲਕਾ ਦੇ ਦਫਤਰ ਤੋਂ ਥਾਣਾ ਸਿਟੀ ਵਿਖੇ ਪ੍ਰਾਪਤ ਹੋਈ ਹੈ। ਇੰਸਪੈਕਟਰ ਅੰਗਰੇਜ ਕੁਮਾਰ ਨੇ ਦੱਸਿਆ ਕਿ ਮੁੱਦਈ ਮੁਕੇਸ਼ ਬਜਾਜ ਤੇ ਮਨੋਜ ਬਜਾਜ ਦੇ ਬਿਆਨਾਂ ਦੇ ਅਧਾਰ 'ਤੇ ਜਫਰੂ ਤੇ ਮਿੰਨੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਲੁਟੇਰੇ ਮੋਟਰਸਾਈਕਲ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੈਂਟ ਸ਼ਮਸ਼ਾਨਘਾਟ ਰੋਡ ਸਾਹਮਣੇ ਮਿਲਟਰੀ ਡੇਅਰੀ ਫਾਰਮ ਕੋਲ ਇੱਕ ਵਿਅਕਤੀ ਕੋਲੋਂ 3 ਅਣਪਛਾਤੇ ਵਿਅਕਤੀ ਮੋਟਰਸਾਈਕਲ ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 3 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰੋਹਿਤ ਪੁੱਤਰ ਕਾਲਾ ਵਾਸੀ ਮਕਾਨ ਨੰਬਰ 111/516 ਗਵਾਲ ਮੰਡੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਮੋਟਰਾਈਕਲ 'ਤੇ ਫਿਰੋਜ਼ਪੁਰ ਸ਼ਹਿਰ ਤੋਂ ਵਾਇਆ ਸ਼ਮਸ਼ਾਨਘਾਟ ਰੋਡ ਆਪਣੇ ਘਰ ਗਵਾਲ ਟੋਲੀ ਕੈਂਟ ਫਿਰੋਜ਼ਪੁਰ ਆ ਰਿਹਾ ਸੀ ਤਾਂ ਤਿੰਨ ਅਣਪਛਾਤੇ ਆਦਮੀਆਂ ਨੇ ਆਪਣਾ ਮੋਟਰਸਾਈਕਲ ਉਸ ਦੇ ਮੋਟਰਸਾਈਕਲ ਅੱਗੇ ਲਗਾ ਕੇ ਰੋਕ ਲਿਆ ਤੇ ਮੋਟਰਸਾਈਕਲ ਤੋਂ ਥੱਲੇ ਸੁੱਟ ਦਿੱਤਾ ਤੇ ਉਸ ਦਾ ਮੋਟਰਸਾਈਕਲ ਸਪਲੈਂਡਰ ਪਲੱਸ ਨੰਬਰ ਪੀਬੀ 05 ਏਐੱਸ 2703 ਖੋਹ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

### 200 ਲੀਟਰ ਲਾਹਨ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਵੈਰੋਕੇ ਬਿਜਲੀ ਗਰਿੱਡ ਸਾਹਮਣੇ 200 ਲੀਟਰ ਲਾਹਣ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਰੇਸ਼ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਸਬੰਧੀ ਥਾਣਾ ਵੈਰੋਕੇ ਏਰੀਏ ਵਿਖੇ ਗਸ਼ਤ ਕਰ ਰਹੇ ਸੀ ਤਾਂ ਸੂਚਨਾ ਮਿਲੀ ਕਿ ਜਤਿੰਦਰ ਸਿੰਘ ਉਰਫ ਜਿੰਨੂ ਜੋਕਿ ਆਪਣੇ ਖੇਤਾਂ ਵਿੱਚ ਢਾਣੀ 'ਤੇ ਨਾਜਾਇਜ਼ ਸ਼ਰਾਬ ਕਸ਼ੀਦ ਕਰਕੇ ਵੇਚਣ ਦਾ ਆਦੀ ਹੈ ਅਤੇ ਅੱਜ ਵੀ ਆਪਣੇ ਖੇਤ ਵਿੱਚ ਖੱਡਾ ਕੱਢ ਕੇ ਲਾਹਣ ਪਾਈ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ 200 ਲੀਟਰ ਲਾਹਣ ਸਣੇ ਜਤਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਮਾਹਲਮ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਪੁਲਸ ਨੇ ਜਤਿੰਦਰ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਸਰਕਾਰੀ ਰਸਤੇ ਨੂੰ ਲੈ ਕੇ ਪਿਉ-ਪੁੱਤ ਦੀ ਕੁੱਟਮਾਰ, 3 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਸਾਬੂਆਣਾ ਵਿਖੇ ਜ਼ਮੀਨ ਦੇ ਸਰਕਾਰੀ ਰਸਤੇ ਦੀ ਰੰਜਿਸ਼ ਨੂੰ ਲੈ ਕੇ ਪਿਉ-ਪੁੱਤ ਦੀ ਕੁੱਟਮਾਰ ਕਰਨ 'ਤੇ ਤਿੰਨ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਿਕਦੀਪ ਸਿੰਘ ਪੁੱਤਰ ਰਾਜਬੀਰ ਸਿੰਘ ਵਾਸੀ ਪਿੰਡ ਸਾਬੂਆਣਾ ਨੇ ਦੱਸਿਆ ਕਿ ਉਸ ਦੀ ਜ਼ਮੀਨ ਵਿੱਚ, ਜੋ ਸਰਕਾਰੀ ਰਸਤਾ ਉਸ ਦੇ ਖੇਤ ਵੱਲ ਜਾਂਦਾ ਸੀ, ਨੂੰ ਸੁਖਚੈਨ ਸਿੰਘ ਪੁੱਤਰ ਕਸ਼ਮੀਰ ਸਿੰਘ ਵਗੈਰਾ ਨੇ ਵਾਹ ਕੇ ਆਪਣੀ ਜ਼ਮੀਨ ਵਿੱਚ ਰਲਾ ਲਿਆ ਸੀ, ਜੋ ਉਸ ਨੇ ਕਾਨੂੰਨ ਚਾਰਾਜੋਈ ਕਰਕੇ ਰਸਤਾ ਛੁਡਵਾ ਲਿਆ ਸੀ। ਇਸੇ ਰੰਜਿਸ਼ ਕਰਕੇ ਦੋਸ਼ੀਆਨ ਸੁਖਚੈਨ ਸਿੰਘ, ਗੁਰਵੀਰ ਸਿੰਘ ਪੁੱਤਰ ਸੁਖਚੈਨ ਸਿੰਘ, ਸਰਬਜੀਤ ਕੌਰ ਪਤਨੀ ਸੁਖਚੈਨ ਸਿੰਘ ਵਾਸੀ ਪਿੰਡ ਸਾਬੂਆਣਾ ਨੇ ਹਮਮਸ਼ਵਰਾ ਹੋ ਕੇ ਉਸ ਦੀ ਤੇ ਉਸ ਦੇ ਪਿਤਾ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਮਹਿਕਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਤੇ ਫਿਰ ਅਮਨਦੀਪ ਹਸਪਤਾਲ ਅੰਮ੍ਰਿਤਸਰ ਵਿੱਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਅਭਿਆਨ ਫਾਊਂਡੇਸ਼ਨ ਨੇ ਬਜ਼ੁਰਗਾਂ ਨਾਲ ਫਾਦਰ ਡੇਅ ਮਨਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਅਭਿਆਨ ਫਾਊਂਡੇਸ਼ਨ ਦੇ ਅਗਾਂਹ ਵਧੂ ਸੋਚ ਵਾਲੇ ਸਟਾਫ਼ ਵੱਲੋਂ ਬਿਰਧ ਆਸ਼ਰਮ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਫਾਦਰ ਡੇਅ ਮਨਾਇਆ ਗਿਆ।ਸਟਾਫ਼ ਦਾ ਕਹਿਣਾ ਹੈ ਕਿ ਸਾਨੂੰ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਕਰਨ ਦਾ ਬਹੁਤ ਵਧੀਆ ਮੌਕਾ ਮਿਲਿਆ ਹੈ, ਜਿਨ੍ਹਾਂ ਬੱਚਿਆਂ ਨੇ ਆਪਣੇ ਮਾਂ-ਬਾਪ ਨੂੰ ਘਰੋਂ ਕੱਢ ਦਿੱਤਾ ਹੈ, ਸਾਨੂੰ ਉਨ੍ਹਾਂ ਨੂੰ ਸਾਂਭਣ ਦਾ ਮੌਕਾ ਮਿਲਿਆ ਹੈ, ਅਸੀਂ ਪ੍ਰਮਾਤਮਾ ਦਾ ਬਹੁਤ ਧੰਨਵਾਦ ਕਰਦੇ ਹਾਂ, ਜਿਸ ਨੇ ਸਾਨੂੰ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਕਰਨ ਦਾ ਬਲ ਬਖ਼ਸ਼ਿਆ ਹੈ। ਸਟਾਫ਼ ਦਾ ਇਹ ਵੀ ਕਹਿਣਾ ਹੈ ਕਿ ਸਾਨੂੰ ਇਨ੍ਹਾਂ ਬਜ਼ੁਰਗਾਂ ਨਾਲ ਗੱਲਾਂ-ਬਾਤਾਂ ਕਰਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਲੰਮੇ ਸਮੇਂ ਤੋਂ ਇਸ ਆਸ਼ਰਮ ਵਿੱਚ ਅਸੀਂ ਡਿਊਟੀ ਕਰ ਰਹੇ ਹਾਂ ਅਤੇ ਸਾਡੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਸੇਵਾ ਭਾਵਨਾ ਨਾਲ ਬਜ਼ੁਰਗਾਂ ਦੀ ਸੇਵਾ ਕੀਤੀ ਜਾਵੇ।ਜੇਕਰ ਅਸੀਂ ਬਜ਼ੁਰਗਾਂ ਦੀ ਸੇਵਾ ਸੱਚੇ ਮਨ ਨਾਲ ਕਰਾਂਗੇ ਤਾਂ ਆਉਣ ਵਾਲੇ ਭਵਿੱਖ ਵਿੱਚ ਸਾਡਾ ਵੀ ਮਾਣ ਸਤਿਕਾਰ ਵਧੇਗਾ।ਸਟਾਫ਼ ਵੱਲੋਂ ਬਜ਼ੁਰਗਾਂ ਨਾਲ ਰਲ ਕੇ ਕੇਕ ਕੱਟਿਆ ਗਿਆ ਤੇ ਬਜ਼ੁਰਗਾਂ ਨੂੰ ਪੇਸਟੀਆਂ ਮਠਿਆਈਆਂ ਭੇਟ ਕੀਤੀਆਂ ਗਈਆਂ।ਬਜ਼ੁਰਗਾਂ ਨੇ ਕੇਕ ਕੱਟਣ ਤੋਂ ਉਪਰੰਤ ਨਰਸ ਗੁਰਮੀਤ ਕੌਰ ਤੇ ਸਟਾਫ਼ ਗੋਬਿੰਦ ਸਿੰਘ ਅਤੇ ਅਭਿਆਨ ਫਾਊਂਡੇਸ਼ਨ ਅਸ਼ੀਰਵਾਦ ਹੋਮ ਦੇ ਕਰਤਾ ਧਰਤਾ ਵਿਪਿਨ ਸ਼ਰਮਾ ਨੂੰ ਲੰਮੀ ਉਮਰ ਤੇ ਸਫ਼ਲਤਾ ਦਾ ਅਸ਼ੀਰਵਾਦ ਦਿੱਤਾ। ਇਸ ਤੋਂ ਇਲਾਵਾ ਹੋਰਨਾਂ ਰਸੋਈ ਸਟਾਫ਼, ਗਾਰਡ ਤੇ ਸਾਰੇ ਬਜ਼ੁਰਗਾਂ ਨੇ ਰਲ ਕੇ ਇਸ ਦਿਨ ਨੂੰ ਮਨਾਇਆ।

# ਕੈਨੇਡਾ 'ਚ ਨੌਜਵਾਨ ਦੀ ਮੌਤ, ਵਿਧਾਇਕ ਨੇ ਪੀੜਤ ਪਰਵਾਰ ਨਾਲ ਦੁੱਖ ਪ੍ਰਗਟਾਇਆ

**ਲਹਿਰਾਗਾਗਾ (ਪਵਨ)**-ਪਿੰਡ ਲਹਿਲ ਖੁਰਦ ਤੋਂ ਕੈਨੇਡਾ ਗਏ ਇੱਕ ਗ਼ਰੀਬ ਕਿਸਾਨ ਪਰਵਾਰ ਦੇ ਨੌਜਵਾਨ ਵਿਆਹੁਤਾ ਬੇਟੇ ਮਨਦੀਪ ਸਿੰਘ ਦੀ ਕੈਨੇਡਾ ਪਹੁੰਚਣ ਤੋਂ ਦੋ ਦਿਨ ਬਾਅਦ ਹੀ ਮੌਤ ਹੋ ਜਾਣ ਦੀ ਘਟਨਾ ਦਾ ਪਤਾ ਚੱਲਦੇ ਹੀ ਹਲਕਾ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਨੇ ਮ੍ਰਿਤਕ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਉਨ੍ਹਾਂ ਪਰਵਾਰ ਨੂੰ ਮ੍ਰਿਤਕ ਨੌਜਵਾਨ ਦੀ ਲਾਸ਼ ਭਾਰਤ ਲਿਆਉਣ ਅਤੇ ਹੋਰ ਹਰ ਸੰਭਵ ਮਦਦ ਦਾ ਵਿਸ਼ਵਾਸ ਦਿਵਾਇਆ।



ਉਨ੍ਹਾਂ ਕਿਹਾ ਕਿ ਵੱਖ-ਵੱਖ ਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਰਵਾਰ ਨੂੰ ਜਿੱਥੇ ਵੀ ਮੇਰੀ ਜ਼ਰੂਰਤ ਮਹਿਸੂਸ ਹੋਵੇਗੀ, ਉਹ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ, ਸਰਕਾਰ ਪੀੜਤ ਪਰਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਖੜੀ ਹੈ। ਵਿਧਾਇਕ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚੋਂ ਗ਼ਰੀਬੀ ਤੇ ਬੇਰੁਜ਼ਗਾਰੀ ਖਤਮ ਕਰਨ ਦੇ ਅਹਿਮ ਉਪਰਾਲੇ ਕਰ ਰਹੀ ਹੈ। ਜਦੋਂ ਤੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, 45 ਹਜ਼ਾਰ ਤੋਂ ਵੱਧ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਜਿਸਦੇ ਚੱਲਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਘਟਿਆ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਵਿਦੇਸ਼ ਜਾਣ ਦੀ ਬਜਾਏ ਪੰਜਾਬ ਵਿੱਚ ਹੀ ਰਹਿ ਕੇ ਆਪਣਾ ਰੁਜ਼ਗਾਰ ਸ਼ੁਰੂ ਕਰਨ ਅਤੇ ਉੱਚ ਸਿੱਖਿਆ ਪ੍ਰਾਪਤ ਕਰਕੇ ਸਰਕਾਰੀ ਨੌਕਰੀ ਪ੍ਰਾਪਤ ਕਰਨ।ਸਰਕਾਰੀ ਨੌਕਰੀ ਵਿੱਚ ਸਰਕਾਰ ਕਿਸੇ ਵੀ ਤਰ੍ਹਾਂ ਦੀ ਸਿਫਾਰਿਸ਼ ਜਾਂ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕਰੇਗੀ, ਪੂਰੀ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਵੱਖ ਵਖ ਸਕੀਮਾਂ ਦੇ ਤਹਿਤ ਸਬਸਿਡੀ ਤੇ ਲੋਨ ਦਿੱਤੇ ਜਾ ਰਹੇ ਹਨ, ਤਾਂ ਜੋ ਬੇਰੁਜ਼ਗਾਰ ਨੌਜਵਾਨ ਆਪਣਾ ਕਾਰੋਬਾਰ ਸ਼ੁਰੂ ਕਰਕੇ ਆਤਮ ਨਿਰਭਰ ਹੋ ਸਕਣ, ਉਨ੍ਹਾਂ ਨੌਜਵਾਨਾਂ ਨੂੰ ਸਕੀਮਾਂ ਤਾਂ ਵੱਧ ਤੋਂ ਵੱਧ ਲਾਭ ਉਠਾਉਣ ਲਈ ਵੀ ਕਿਹਾ। ਜੋ ਵੀ ਵਾਅਦੇ ਆਮ ਆਦਮੀ ਪਾਰਟੀ ਵੱਲੋਂ ਸੂਬੇ ਦੇ ਲੋਕਾਂ ਨਾਲ ਕੀਤੇ ਗਏ ਹਨ ਉਨਾਂ ਨੂੰ ਇਨ ਬਿੰਨ ਲਾਗੂ ਕੀਤਾ ਜਾਵੇਗਾ।

# ਕੇਂਦਰੀ ਜੇਲ੍ਹ 'ਚੋਂ 2 ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਬਰਾਮਦ ਹੋਏ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਦੋ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 6091 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 16 ਜੂਨ 2024 ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਰਾਜ ਸਿੰਘ ਉਰਫ ਕਰਨ ਪੁੱਤਰ ਮੰਗਤ ਸਿੰਘ ਵਾਸੀ ਦੋਨਾਂ ਮੱਤੜ ਉਰਫ ਗਜਨੀ ਵਾਲਾ ਕੋਲੋਂ 1 ਮੋਬਾਇਲ ਫੋਨ ਨੋਕੀਆ ਕੀਪੈਡ ਸਮੇਤ ਬੈਟਰੀ ਤੇ ਸਿਮ ਕਾਰਡ ਬਰਾਮਦ ਹੋਇਆ ਅਤੇ ਹਵਾਲਾਤੀ ਬੌਬੀ ਪੁੱਤਰ ਪ੍ਰੇਮ ਵਾਸੀ ਚੱਕ ਅਰਨੀਵਾਲਾ ਕੋਲੋਂ 1 ਮੋਬਾਇਲ ਫੋਨ ਪੋਕੋ ਟੱਚ ਸਕਰੀਨ ਸਮੇਤ ਸਿਮ ਕਾਰਡ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਘਨੌਰੀ 'ਚ ਬਕਰੀਦ ਮਨਾਈ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮੁਸਲਮ ਭਾਈਚਾਰੇ ਵੱਲੋਂ ਈਦ ਦੇ ਪਵਿੱਤਰ ਤਿਉਹਾਰ ਮੌਕੇ ਪਿੰਡ ਘਨੌਰੀ ਕਲਾਂ ਵਿਖੇ ਨਮਾਜ ਅਦਾ ਕੀਤੀ ਗਈ।

ਇਸ ਮੌਕੇ ਜਿੱਥੇ ਮੁਸਲਮ ਭਾਈਚਾਰੇ ਵੱਲੋਂ ਵੱਡੀ ਗਿਣਤੀ ਵਿੱਚ ਬਕਰੀਦ ਮਨਾਈ ਗਈ।ਇਸ ਮੌਕੇ ਆਮ ਆਦਮੀ ਪਾਰਟੀ ਸੋਸ਼ਲ ਮੀਡੀਆ ਵਿੰਗ ਦੇ ਪ੍ਰਧਾਨ ਅਮਨ ਖਾਂ ਘਨੌਰੀ ਨੇ ਮੁਸਲਮ ਭਾਈਚਾਰੇ ਦੇ ਲੋਕਾਂ ਨੂੰ ਜਿੱਥੇ ਈਦ ਦੇ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ ਅਤੇ ਈਦ ਦੀ ਨਮਾਜ ਪੜ੍ਹਦਿਆਂ ਅੱਲ੍ਹਾ ਤਾਲਾ ਕੋਲੋਂ ਸਰਬਤ ਦੇ ਭਲੇ ਦੀ ਅਰਜ਼ੋਈ ਕੀਤੀ।ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਮਿਲ ਕੇ ਰਹਿਣਾ ਚਾਹੀਦਾ ਹੈ।ਸਾਡੇ ਸਾਰੇ ਤਿਉਹਾਰ ਆਪਾਂ ਸਭ ਨੂੰ ਮਿਲਜੁਲ ਕੇ ਸਾਂਝੇ ਤੌਰ 'ਤੇ ਮਨਾਉਣੇ ਚਾਹੀਦੇ ਹਨ।

# ਨਸ਼ਾ ਮੁਕਤੀ ਮੁਹਿੰਮ ਦੀ ਸਫਲਤਾ ਲਈ ਜਨਤਾ ਦਾ ਸਹਿਯੋਗ ਜ਼ਰੂਰੀ : ਐੱਸ ਪੀ

**ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡ ਟੀਮਾਂ ਦਾ ਗਠਨ**

**ਸਿਰਸਾ (ਸੁਰਿੰਦਰ ਪਾਲ ਸਿੰਘ, ਜਗਤਾਰ ਸਮਾਲਸਰ)**-ਸਿਰਸਾ ਦੇ ਐੱਸ ਪੀ ਵਿਕਰਾਂਤ ਭੂਸ਼ਣ ਨੇ ਕਿਹਾ ਕਿ ਨੌਜਵਾਨ ਦੇਸ਼ ਦੀ ਵਿਰਾਸਤ ਹਨ, ਇਸ ਲਈ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਤੇ ਖੇਡਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਆਪਣੇ ਮਾਪਿਆਂ ਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕਰ ਸਕਦੇ ਹਨ। ਪੁਲਸ ਕਪਤਾਨ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵਾਲੀਬਾਲ, ਕ੍ਰਿਕਟ, ਬਾਸਕਟਬਾਲ ਤੇ ਕਬੱਡੀ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਗਠਿਤ ਟੀਮਾਂ ਦੇ ਪੁਲਸ ਮੁਲਾਜ਼ਮ ਪਿੰਡ-ਪਿੰਡ ਜਾ ਕੇ ਖੇਡ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ ਅਤੇ ਨੌਜਵਾਨਾਂ ਨੂੰ ਨਸ਼ਾ ਮੁਕਤੀ ਦਾ ਸੁਨੇਹਾ ਦਿੰਦੇ ਹਨ। ਐੱਸ ਪੀ ਨੇ ਕਿਹਾ ਕਿ ਜੇ ਕੋਈ ਨੌਜਵਾਨ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ 'ਚ ਫਸ ਗਿਆ ਹੈ ਤਾਂ ਉਹ ਇਸ ਸਬੰਧੀ ਪੁਲਸ ਪ੍ਰਸ਼ਾਸਨ ਨੂੰ ਸੂਚਿਤ



ਕਰੇ ਤਾਂ ਜੋ ਉਸ ਦਾ ਇਲਾਜ ਕਰਕੇ ਉਸ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਨਸ਼ਾ ਸਮਾਜ ਲਈ ਇੱਕ ਗੰਭੀਰ ਚੁਣੌਤੀ ਹੈ ਤੇ ਇਸ ਚੁਣੌਤੀ ਨਾਲ ਨਜਿੱਠਣ ਲਈ ਸਾਰੇ ਲੋਕਾਂ ਨੂੰ ਅੱਗੇ ਵਧ ਕੇ ਅਹਿਮ ਜ਼ਿੰਮੇਵਾਰੀ ਨਿਭਾਉਣੀ ਪਵੇਗੀ ਤਾਂ ਜੋ ਸਮਾਜ ਨੂੰ ਪੂਰੀ ਤਰ੍ਹਾਂ ਨਾਲ ਨਸ਼ਾ ਤੋਂ ਮੁਕਤ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਆਪਣੇ ਪੱਧਰ 'ਤੇ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਉੱਥੇ ਹੀ ਆਮ ਲੋਕਾਂ ਤੇ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਵੀ ਲਗਾਤਾਰ ਕਰਵਾਏ ਜਾ ਰਹੇ ਹਨ। ਪੁਲਸ ਸੁਪਰਡੈਂਟ ਨੇ ਕਿਹਾ ਕਿ ਮੁਹਿੰਮ ਦੀ ਪੂਰਨ ਸਫਲਤਾ ਲਈ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

# ਵਿਸ਼ਵ ਖ਼ੂਨਦਾਨ ਦਿਵਸ ਮੌਕੇ ਸਮਾਜ ਸੇਵੀ ਸੰਸਥਾਵਾਂ ਸਨਮਾਨਤ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਵਿਸ਼ਵ ਖ਼ੂਨਦਾਨ ਦਿਵਸ ਮੌਕੇ ਗੁਰੂ ਗਬਿੰਦ ਸਿੰਘ ਮੈਡੀਕਲ ਹਸਪਤਾਲ ਤੇ ਕਾਲਜ ਵੱਲੋਂ ਖ਼ੂਨਦਾਨੀ ਤੇ ਸਮਾਜਸੇਵੀ ਸੰਸਥਾਵਾਂ ਦੇ ਚੰਗੇ ਕੰਮਾਂ ਨੂੰ ਦੇਖਦੇ ਹੋਏ ਸਨਮਾਨਤ ਕੀਤਾ ਗਿਆ, ਜਿਸ ਵਿੱਚ ਮੁੱਖ ਸੰਸਥਾਵਾਂ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ ਪੰਜਾਬ, ਸੋਸ਼ਲ ਸੁਸਾਇਟੀ (ਰਜਿ.) ਪੰਜਾਬ, ਸਾਂਝ ਬਲੱਡ ਵੈਲਫ਼ੇਅਰ ਕਲੱਬ (ਰਜਿ.) ਫ਼ਰੀਦਕੋਟ, ਗੁਰਦੁਵਾਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ, ਨਵਰੀਤ ਬਲੱਡ ਸੇਵਾ ਸੁਸਾਇਟੀ ਬਰਗਾੜੀ ਫ਼ਰੀਦਕੋਟ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੈਪਟਨ ਧਰਮ ਸਿੰਘ ਗਿੱਲ, ਗੁਰਜੀਤ ਸਿੰਘ ਹੈਰੀ ਢਿੱਲੋਂ, ਪ੍ਰੋ. ਬੀਰ ਇੰਦਰ, ਪੰਕਜ ਦਿਓੜਾ, ਹਰਪ੍ਰੀਤ ਸਿੰਘ, ਅਜੇਪਾਲ ਸਿੰਘ, ਗਗਨਦੀਪ ਸਿੰਘ, ਅਨਮੋਲ ਬਰਾੜ, ਪ੍ਰਦੀਪ ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।




# ਸਟੀਫਨ ਇੰਟਰਨੈਸ਼ਨਲ ਸਕੂਲ 'ਚ ਮਨਾਇਆ ਫਾਦਰਜ਼ ਡੇਅ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਵਿਖੇ ਗਰਮੀਆਂ ਦੀਆਂ ਛੁੱਟੀਆਂ ਦੇ ਬਾਵਜੂਦ ਫਾਦਰਜ਼ ਡੇਅ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੇ ਹਾਲਾਂਕਿ ਘਰ ਵਿੱਚ ਆਪਣੇ ਪਿਤਾ ਲਈ ਆਪਣੇ ਪਿਆਰ ਤੇ ਪ੍ਰਸ਼ੰਸਾ ਨੂੰ ਪ੍ਰਗਟ ਕਰਨ ਦੇ ਨਵੇਂ ਤਰੀਕੇ ਲੱਭੇ। ਸਿਰਜਣਾਤਮਕਤਾ ਤੇ ਖੁਸ਼ੀ ਨਾਲ, ਵਿਦਿਆਰਥੀਆਂ ਨੇ ਦਿਲਕਸ਼ ਸੰਦੇਸ਼ਾਂ ਨਾਲ ਆਪਣੇ ਦਿਲਾਂ ਨੂੰ ਉਛਾਲਦੇ ਹੋਏ ਸੁੰਦਰ ਹੱਥਾਂ ਨਾਲ ਕਾਰਡ ਬਣਾਏ। ਉਨ੍ਹਾਂ ਆਪਣੇ ਪਿਤਾ ਨਾਲ ਖਾਸ ਪਲ ਸਾਂਝੇ ਕੀਤੇ, ਨੱਚਦੇ ਹੋਏ ਤੇ ਯਾਦਾਂ ਬਣਾਈਆਂ, ਜੋ ਜੀਵਨ ਭਰ ਰਹਿਣਗੀਆਂ। ਇਨ੍ਹਾਂ ਕੀਮਤੀ ਪਲਾਂ ਨੂੰ ਫੋਟੋਆਂ ਤੇ ਵੀਡੀਓਜ਼ ਵਿੱਚ ਕੈਦ ਕੀਤਾ ਗਿਆ ਸੀ, ਜੋ ਪਿਤਾ ਤੇ ਬੱਚਿਆਂ ਵਿਚਕਾਰ ਅਟੁੱਟ ਬੰਧਨ ਨੂੰ ਦਰਸਾਉਂਦੇ ਹਨ। ਫਿਰ ਵਿਦਿਆਰਥੀਆਂ ਨੇ ਆਪਣੇ ਕਲਾਸ ਇੰਚਾਰਜਾਂ ਨਾਲ ਆਪਣੀਆਂ ਰਚਨਾਵਾਂ ਤੇ ਯਾਦਾਂ ਸਾਂਝੀਆਂ ਕੀਤੀਆਂ, ਜਿਸ ਨਾਲ ਸਕੂਲ ਦੇ ਸਮੂਹ ਭਾਈਚਾਰੇ ਵਿੱਚ ਪਿਤਾ ਦਿਵਸ ਦੀ ਖੁਸ਼ੀ ਤੇ ਨਿੱਘ ਫੈਲ ਗਿਆ। ਇਹ ਜਸ਼ਨ ਸਾਡੇ ਜੀਵਨ ਵਿੱਚ ਪਿਤਾਵਾਂ ਦੀ ਮਹੱਤਤਾ ਦਾ ਪ੍ਰਮਾਣ ਸੀ ਅਤੇ ਵਿਦਿਆਰਥੀਆਂ ਦੇ ਵਿਚਾਰਸ਼ੀਲ ਹਾਵ-ਭਾਵ ਉਸ ਪਿਆਰ ਤੇ ਸ਼ੁਕਰਗੁਜ਼ਾਰੀ ਦੀ ਯਾਦ ਦਿਵਾਉਂਦੇ ਹਨ, ਜੋ ਉਹ ਆਪਣੇ ਪਿਤਾਵਾਂ ਲਈ ਰੱਖਦੇ ਹਨ। ਛੁੱਟੀਆਂ ਦੌਰਾਨ ਵੀ ਪਿਤਾ ਦਿਵਸ ਮਨਾਉਣ ਦਾ ਸਕੂਲ ਦਾ ਯਤਨ ਸਾਡੇ ਜੀਵਨ ਵਿੱਚ ਪਰਿਵਾਰ ਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਇਹ ਆਪਣੇ ਵਿਦਿਆਰਥੀਆਂ ਵਿੱਚ ਪਿਆਰ, ਸਤਿਕਾਰ ਤੇ ਪ੍ਰਸ਼ੰਸਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ ਲਈ ਸਕੂਲ ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।

# ਕੇਂਦਰੀ ਮੰਤਰੀ ਰਵਨੀਤ ਬਿੱਟੂ ਨੂੰ ਮਿਲੇ ਸ਼ੰਟੀ ਚੋਪੜਾ

**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਤੋਂ ਭਾਜਪਾ ਆਗੂ ਸ਼ੰਟੀ ਚੋਪੜਾ ਨੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕੀਤੀ।ਉਨ੍ਹਾ ਬਿੱਟੂ ਨੂੰ ਕੇਂਦਰੀ ਮੰਤਰੀ ਬਣਨ 'ਤੇ ਵਧਾਈ ਦਿੰਦਿਆਂ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ।ਇਸ ਮੌਕੇ ਸ਼ੰਟੀ ਚੋਪੜਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮੁਲਾਕਾਤ ਦੌਰਾਨ ਲੁਧਿਆਣਾ ਦੀ ਤਰੱਕੀ ਨੂੰ ਲੈ ਕੇ ਕਈ ਯੋਜਨਾਵਾਂ 'ਤੇ ਗੱਲ ਕੀਤੀ।ਉਨ੍ਹਾਂ ਕਿਹਾ ਕਿ ਜਲਦੀ ਹੀ ਲੁਧਿਆਣਾ ਤਰੱਕੀ ਦੀ ਬੁਲੰਦੀਆਂ ਨੂੰ ਛੂਹੇਗਾ।



ਕੇਂਦਰੀ ਮੰਤਰੀ ਬਿੱਟੂ ਨੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਘਰ ਘਰ ਪਹੁੰਚਾਉਣ ਦੇ ਨਾਲ ਨਾਲ ਲੁਧਿਆਣਾ ਦੀ ਤਰੱਕੀ ਲਈ ਜਲਦੀ ਹੀ ਤਿਆਰ ਕੀਤੀ ਵਿਸ਼ੇਸ਼ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਦੀ ਇੱਛਾ ਪ੍ਰਗਟਾਈ।ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਵੱਲੋਂ ਲੁਧਿਆਣਾ ਦੇ ਅਵਾਮ ਨਾਲ ਕੀਤੇ ਗਏ ਇੱਕ-ਇੱਕ ਵਾਅਦੇ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ।

# ਭਗਤ ਨਾਮਦੇਵ ਜੀ ਦਾ ਸੂਬਾ ਪੱਧਰੀ ਪ੍ਰਕਾਸ਼ ਪੁਰਬ ਮਨਾਉਣ ਸੰਬੰਧੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਕਸ਼ੱਤਰੀਆ (ਟਾਂਕ) ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਪ੍ਰਧਾਨਗੀ ਹੇਠ ਪ੍ਰਬੰਧਕ ਕਮੇਟੀ ਭਗਤ ਨਾਮਦੇਵ ਭਵਨ ਸ਼ਾਹਕੋਟ ਵੱਲੋਂ ਇਕਾਈ ਪ੍ਰਧਾਨ ਸ੍ਰੀ ਮਨਜੀਤ ਸਿੰਘ ਦੀਦ ਸ਼ਾਹਕੋਟ ਅਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਨਿਗਰਾਨੀ ਹੇਠ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਪੰਜਾਬ, ਹਰਿਆਣਾ, ਹਿਮਾਚਲ ਤੋਂ ਇਲਾਵਾ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਦੀਆਂ ਇਕਾਈਆਂ ਤੋਂ ਵੱਡੀ ਗਿਣਤੀ ਵਿੱਚ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ।ਮੀਟਿੰਗ ਦੌਰਾਨ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਨੇ ਸੰਬੋਧਨ ਕਰਦਿਆਂ ਜਿੱਥੇ ਭਗਤ ਨਾਮਦੇਵ ਜੀ ਦੀ ਬਾਣੀ ਦੀ ਭਰਪੂਰ ਸ਼ਲਾਘਾ ਕੀਤੀ, ਉੱਥੇ ਉਨ੍ਹਾਂ ਭਗਤ ਨਾਮਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਆਪਣੇ ਜੀਵਨ ਨੂੰ ਸਫ਼ਲਾ ਕਰਨ ਦੀ ਪ੍ਰੇਰਣਾ ਦਿੱਤੀ ਗਈ।ਇਸ ਤੋਂ ਇਲਾਵਾ ਉਨ੍ਹਾ ਕਿਹਾ ਕਿ ਭਗਤ ਨਾਮਦੇਵ ਜੀ ਨੇ ਇੱਕ ਕਿਰਤੀ ਪਰਿਵਾਰ ਵਿੱਚ ਜਨਮ ਲੈ ਕੇ ਜਿੱਥੇ ਪਿਤਾ ਪੁਰਖੀ ਕਿੱਤੇ ਕੱਪੜੇ ਰੰਗਣ ਦੇ ਕੰਮ ਨੂੰ ਮਨ ਲਾ ਕੇ ਕੀਤਾ, ਉੱਥੇ ਬਚਪਨ ਤੋਂ ਹੀ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ।ਉਨ੍ਹਾ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਵਿੱਚ ਭਗਤ ਨਾਮਦੇਵ ਜੀ ਦੀ ਚੇਅਰ, ਜੋ ਪਿਛਲੇ ਸਮੇਂ ਦੌਰਾਨ ਸਥਾਪਤ ਕੀਤੀ ਗਈ ਸੀ, ਪਰ ਫੰਡਾਂ ਦੀ ਘਾਟ ਕਾਰਨ ਹੁਣ ਬੰਦ ਪਈ ਹੈ, ਨੂੰ ਮੁੜ ਚਾਲੂ ਕੀਤਾ ਜਾਵੇ।ਇਸ ਮੌਕੇ ਸਭਾ ਦੇ ਜਨਰਲ ਸਕੱਤਰ ਮੇਜਰ ਸਿੰਘ ਸਿੱਧੂ, ਜਤਿੰਦਰ ਪਾਲ ਬੱਲਾ ਤੇ ਮਨੋਹਰ ਸਿੰਘ ਲੋਹੀਆਂ ਵੱਲੋਂ ਕੀਤੇ ਬਾਖ਼ੂਬੀ ਮੰਚ ਸੰਚਾਲਨ ਦੌਰਾਨ ਸਭਾ ਦੇ ਆਗੂ ਜੋਗਾ ਸਿੰਘ ਟਾਹਲੀ ਅੰਬਾਲਾ, ਬਲਵਿੰਦਰ ਸਿੰਘ ਚੌਹਾਨ ਬਠਿੰਡਾ, ਨਿਰੰਜਨ ਸਿੰਘ ਰੱਖੜਾ ਮੁਕਤਸਰ, ਜਰਨੈਲ ਸਿੰਘ ਧੁਰਾਲੀ, ਬਲਵਿੰਦਰ ਸਿੰਘ ਮੁਲਤਾਨੀ ਚੰਡੀਗੜ੍ਹ, ਵਿੱਤ ਸਕੱਤਰ ਮਲਕੀਤ ਸਿੰਘ ਸਾਗੂ ਸੰਗਰੂਰ, ਅਮਰਜੀਤ ਸਿੰਘ ਪੁਰਬਾ ਘੁਮਾਣ, ਹਰਿੰਦਰ ਸਿੰਘ ਗਲੋਰੀ ਫਗਵਾੜਾ, ਕੌਰ ਸਿੰਘ ਉਪਲੀ, ਯਾਦਵਿੰਦਰ ਸਿੰਘ ਲਾਲੀ, ਜਸਪਾਲ ਸਿੰਘ ਬੇਦੀ, ਪਾਲੀ ਸਿੰਘ ਕਮਲ, ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਇਕਾਈਆਂ ਦੇ ਨੁਮਾਇੰਦਿਆਂ ਵੱਲੋਂ ਭਗਤ ਨਾਮਦੇਵ ਜੀ ਦਾ ਸੂਬਾ ਪੱਧਰੀ ਪ੍ਰਕਾਸ਼ ਦਿਹਾੜਾ ਘੁਮਾਣ (ਗੁਰਦਾਸਪੁਰ) ਵਿਖੇ ਮਨਾਉਣ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।ਮੀਟਿੰਗ ਵਿੱਚ ਸਾਰਿਆਂ ਵੱਲੋਂ ਸਰਬ ਸੰਮਤੀ ਨਾਲ ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਵਿਖੇ ਭਗਤ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਸਬੰਧੀ ਜੈਕਾਰਿਆਂ ਦੀ ਗੂੰਜ ਵਿੱਚ ਮਤਾ ਪਾਸ ਕੀਤਾ ਗਿਆ।

# ਮੁਸਲਮਾਨ ਦੇਸ਼ ਦੀ ਰੱਖਿਆ ਲਈ ਕੁਰਬਾਨ ਹੋਣ ਨੂੰ ਤਿਆਰ : ਸ਼ਾਹੀ ਇਮਾਮ

**ਲੁਧਿਆਣਾ (ਰਾਜ ਸਿੰਗਲਾ)**
ਇਤਿਹਾਸਕ ਜਾਮਾ ਮਸਜਿਦ ਵਿਖੇ ਈਦ-ਉਲ-ਜ਼ੁਹਾ ਬਕਰੀਦ ਦੀ ਨਮਾਜ਼ ਇਸਲਾਮੀ ਰੀਤੀ-ਰਿਵਾਜਾਂ ਮੁਤਾਬਕ ਸ਼ਾਹੀ ਇਮਾਮ ਪੰਜਾਬ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਨਵ ਨੇ ਅਦਾ ਕਰਵਾਈ।ਇਸ ਮੌਕੇ ਜਾਮਾ ਮਸਜਿਦ 'ਚ ਵੱਖ-ਵੱਖ ਧਰਮਾਂ ਤੇ ਸਿਆਸੀ ਜਮਾਤਾਂ ਦੇ ਨੁਮਾਇੰਦੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀਆਂ ਮੁਬਾਰਕਾਂ ਦੇਣ ਪੁੱਜੇ।ਸਮਾਗਮ ਨੂੰ ਸੰਬੋਧਨ ਕਰਦੀਆਂ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਅੱਜ ਦਾ ਦਿਨ ਅਸੀਂ ਅੱਲਾ ਤਾਅਲਾ ਦੇ ਨਬੀ ਹਜ਼ਰਤ ਇਬਰਾਹੀਮ ਅਲੇਹਿਸੱਲਾਮ ਦੀ ਯਾਦ 'ਚ ਮਨਾਉਂਦੇ ਹਾਂ, ਜਿਨ੍ਹਾਂ ਨੇ ਆਪਣੇ ਰੱਬ ਦੀ ਰਜ਼ਾ ਲਈ ਆਪਣਾ ਪੁੱਤਰ ਕੁਰਬਾਨ ਕਰਨ ਲਈ ਦੇਰ ਨਹੀਂ ਲਾਈ।ਸ਼ਾਹੀ ਇਮਾਮ ਨੇ ਕਿਹਾ ਕਿ ਈਦ ਦਾ ਦਿਨ ਸਾਨੂੰ ਸਬਕ ਦਿੰਦਾ ਹੈ ਕਿ ਅਸੀਂ ਵੀ ਆਪਣੇ ਅੰਦਰ ਕੁਰਬਾਨੀ ਦਾ ਜਜਬਾ ਰੱਖੀਏ ਤੇ ਇਸੇ ਜਜ਼ਬੇ ਦੀ ਤਹਿਤ ਮੁਸਲਮਾਨ ਆਪਣੇ ਦੇਸ਼ ਦੀ ਰੱਖਿਆ ਲਈ ਕੁਰਬਾਨ ਹੋਣ ਲਈ ਹਮੇਸ਼ਾ ਤਿਆਰ ਹਨ।



ਇਸ ਮੌਕੇ ਆਮ ਆਦਮੀ ਪਾਰਟੀ ਦੇ ਲੁਧਿਆਣਾ ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਮੁਸਲਮਾਨ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਈਦ ਦਾ ਦਿਨ ਹਰ ਇੱਕ ਭਾਰਤੀ ਲਈ ਖੁਸ਼ੀ ਦਾ ਦਿਨ ਹੈ।ਉਨ੍ਹਾਂ ਕਿਹਾ ਕਿ ਭਾਰਤ ਦੁਨੀਆ ਦਾ ਇੱਕੋ ਅਜਿਹਾ ਦੇਸ਼ ਹੈ, ਜਿੱਥੇ ਹਰ ਧਰਮ ਦਾ ਤਿਉਹਾਰ ਸਾਰੇ ਲੋਕ ਆਪਸ 'ਚ ਮਿਲ-ਜੁਲ ਕੇ ਮਨਾਉਂਦੇ ਹਨ।ਉਨ੍ਹਾਂ ਕਿਹਾ ਕਿ ਜਾਮਾ ਮਸਜਿਦ ਤੋਂ ਹਮੇਸ਼ਾ ਹੀ ਪੰਜਾਬ 'ਚ ਅਮਨ ਤੇ ਖ਼ੁਸ਼ਹਾਲੀ ਲਈ ਕੰਮ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸਾਡੇ ਸਾਰੀਆਂ ਲਈ ਬੜੀ ਹੀ ਖ਼ੁਸ਼ੀ ਦਾ ਦਿਨ ਹੈ ਤੇ ਲੁਧਿਆਣਾ ਸ਼ਹਿਰ ਸਾਰੇ ਧਰਮਾਂ ਦੇ ਲੋਕਾਂ ਦਾ ਇੱਕ ਗੁਲਦਸਤਾ ਹੈ, ਇਸ ਦੇ ਸਾਰੇ ਫੁੱਲ ਅਪਣੀ ਖ਼ੁਸ਼ਬੂ ਦੇ ਨਾਲ ਮਾਹੌਲ ਨੂੰ ਖ਼ੁਸ਼ਗਵਾਰ ਬਣਾ ਕੇ ਰੱਖਦੇ ਹਨ।ਉਨ੍ਹਾਂ ਕਿਹਾ ਕਿ ਲੁਧਿਆਣਾ ਦੀ ਇਹ ਇਤਿਹਾਸਕ ਮਸਜਿਦ ਜਿੱਥੇ ਮੁਸਲਮਾਨਾਂ ਦਾ ਮੁੱਖ ਧਾਰਮਿਕ ਕੇਂਦਰ ਹੈ, ਉਥੇ ਹੀ ਸਾਰੇ ਧਰਮਾਂ ਦੇ ਲੋਕਾਂ ਲਈ ਅਮਨ ਤੇ ਮੁਹੱਬਤ ਦੀ ਨਿਸ਼ਾਨੀ ਹੈ।ਉਨ੍ਹਾਂ ਕਿਹਾ ਕਿ ਈਦ ਦਾ ਦਿਨ ਸਿਰਫ਼ ਮੁਸਲਮਾਨ ਭਰਾਵਾਂ ਦੇ ਲਈ ਹੀ ਨਹੀਂ, ਸਗੋਂ ਸਾਰੇ ਭਾਰਤੀਆਂ ਲਈ ਖ਼ੁਸ਼ੀ ਦਾ ਦਿਨ ਹੈ ਅਸੀਂ ਦੁਆ ਕਰਦੇ ਹਾਂ ਕਿ ਇਹ ਖ਼ੁਸ਼ੀਆਂ ਭਰੀ ਗੀਤ ਹਮੇਸ਼ਾ ਇੰਝ ਹੀ ਚੱਲਦੀ ਰਹੇ।ਉਨ੍ਹਾਂ ਕਿਹਾ ਕਿ ਇਸ ਦੇਸ਼ 'ਚ ਈਦ ਉਲ ਜ਼ੁਹਾ ਦਾ ਤਿਉਹਾਰ ਸਾਰੇ ਧਰਮਾਂ ਦੇ ਲੋਕ ਮਿਲ-ਜੁਲ ਕੇ ਮਨਾਉਂਦੇ ਹਨ।ਇਸ ਮੌਕੇ ਅਸੀਂ ਪੰਜਾਬ ਸਰਕਾਰ ਵੱਲੋਂ ਅਪਣੇ ਸਾਰੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹਾਂ।

ਇਸ ਮੌਕੇ ਮੁਸਲਮਾਨ ਭਾਈਚਾਰੇ ਨੂੰ ਸੰਬੋਧਤ ਕਰਦੇ ਹੋਏ ਦੁਰਗਾ ਮਾਤਾ ਮੰਦਰ ਦੇ ਪ੍ਰਧਾਨ ਵਰਿੰਦਰ ਮਿੱਤਲ ਨੇ ਕਿਹਾ ਕਿ ਇਸ ਦੇਸ਼ 'ਚ ਈਦ ਉਲ ਜ਼ੁਹਾ ਦਾ ਤਿਉਹਾਰ ਸਾਰੇ ਧਰਮਾਂ ਦੇ ਲੋਕ ਮਿਲ-ਜੁਲ ਕੇ ਮਨਾਉਂਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਇਸ ਧਰਤੀ 'ਤੇ ਅੱਜ ਲੱਖਾਂ ਮੁਸਲਮਾਨ ਖ਼ੁਦਾ ਦੇ ਅੱਗੇ ਸਿਜਦਾ ਕਰ ਰਹੇ ਹਨ, ਇਹ ਸਾਡੇ ਲਈ ਮਾਣ ਦੀ ਗੱਲ ਹੈ।ਇਸ ਮੌਕੇ ਅਲਾਇੰਸ ਫਾਰ ਸਿੱਖ ਦੇ ਪ੍ਰਧਾਨ ਪਰਮਪਾਲ ਸਿੰਘ ਨੇ ਵੀ ਜਾਮਾ ਮਸਜਿਦ ਪਹੁੰਚ ਕੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਵਾਦ ਦਿੰਦੇ ਹੋਏ ਕਿਹਾ ਕਿ ਪੰਜਾਬ ਦੀ ਧਰਤੀ ਪੀਰਾਂ ਅਤੇ ਪੈਗੰਬਰਾਂ ਦੀ ਧਰਤੀ ਹੈ।ਇੱਥੇ ਸਾਰੇ ਧਰਮਾਂ ਦੇ ਲੋਕ ਆਪਸ ਚ ਮਿਲਜੁਲ ਕੇ ਰਹਿੰਦੇ ਹਨ ਅਤੇ ਇੱਕ-ਦੂਜੇ ਦਾ ਤਿਉਹਾਰ ਆਪਸੀ ਭਾਈਚਾਰੇ ਦੇ ਰੂਪ ਚ ਮਨਾਉਂਦੇ ਹਨ।ਇਸ ਮੌਕੇ ਨਗਰ ਨਿਗਮ ਲੁਧਿਆਣਾ ਦੇ ਜੋਨਲ ਕਮਿਸ਼ਨਰ ਜਸਦੇਵ ਸਿੰਘ ਸੇਖੋਂ ਨੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਵਾਦ ਦਿੰਦੇ ਹੋਏ ਕਿਹਾ ਕਿ ਅੱਜ ਦਾ ਦਿਨ ਬੜੀ ਹੀ ਬਰਕਤਾਂ ਵਾਲਾ ਦਿਨ ਹੈ।ਇਸ ਰਾਜ ਪੱਧਰੀ ਸਮਾਗਮ 'ਚ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦੇਣ ਲਈ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਦੇ ਮੁੱਖ ਸੇਵਾਦਾਰ ਪ੍ਰਿਤਪਾਲ ਸਿੰਘ, ਵਿਧਾਇਕ ਪੁੱਤਰ ਵਿਕਾਸ ਪਰਾਸ਼ਰ, ਸੀਨੀਅਰ ਨੇਤਾ ਪਰਮਿੰਦਰ ਮੇਹਤਾ, ਰਣਜੋਧ ਸਿੰਘ, ਗੁਰਸਾਹਿਬ ਸਿੰਘ, ਗੁਰਦੁਆਰਾ ਸਿੰਘ ਸਭਾ ਸਰਾਭਾ ਨਗਰ ਦੇ ਪ੍ਰਧਾਨ ਜਸਪਾਲ ਸਿੰਘ, ਚਰਨਦੀਪ ਸਿੰਘ, ਮਨਦੀਪ ਕੇਸ਼ਵ, ਹਰਵਿੰਦਰ ਮੱਟੂ, ਸ਼ਿੰਗਾਰਾ ਸਿੰਘ ਦਾਦ ਅਤੇ ਮੁਹੰਮਦ ਮੁਸਤਕੀਮ ਨੇ ਕਿਹਾ ਕਿ ਈਦ ਉਲ ਜ਼ੁਹਾ ਦਾ ਤਿਉਹਾਰ ਸਾਨੂੰ ਸਾਰਿਆਂ ਨੂੰ ਆਪਸੀ ਭਾਈਚਾਰੇ ਤੇ ਆਪਣੇ ਦੇਸ਼ ਦੇ ਪ੍ਰਤੀ ਕੁਰਬਾਨੀ ਦੇਣ ਲਈ ਜਾਗਰੂਕ ਕਰਦਾ ਹੈ।

# ਏਲਨਾਬਾਦ-ਰਾਣੀਆ ਖੇਤਰ 'ਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਵਧਿਆ

## ਇਸ ਵਾਰ 80 ਫ਼ੀਸਦੀ ਰਕਬੇ 'ਚ ਸਿੱਧੀ ਬਿਜਾਈ ਦਾ ਅਨੁਮਾਨ

**ਸਿਰਸਾ (ਜਗਤਾਰ ਸਮਾਲਸਰ)**
ਏਲਨਾਬਾਦ-ਰਾਣੀਆ ਖੇਤਰ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਕਿਸਾਨਾਂ ਵਿੱਚ ਨਿਰੰਤਰ ਵਧ ਰਿਹਾ ਹੈ।ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਸਿੱਧੀ ਬਿਜਾਈ ਜ਼ਿਆਦਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਜਿਨ੍ਹਾਂ ਕਿਸਾਨਾਂ ਨੇ ਪਿਛਲੇ ਸਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ, ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ।ਕਿਸਾਨਾਂ ਸੁਮਿਤ ਸਿੰਘ ਵਿਰਕ, ਬੂਟਾ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਸਿੰਘ, ਬਲਜਿੰਦਰ ਸਿੰਘ, ਵਿਜੇ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਸਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ ਅਤੇ 8 ਤੋਂ 10 ਕੁਇੰਟਲ ਪ੍ਰਤੀ ਏਕੜ ਵੱਧ ਪੈਦਾਵਾਰ ਹੋਈ ਸੀ। ਇਸ ਲਈ ਉਨ੍ਹਾਂ ਨੇ ਇਸ ਵਾਰ ਆਪਣੇ ਸਾਰੇ ਰਕਬੇ ਵਿੱਚ ਸਿੱਧੀ ਬਿਜਾਈ ਕਰਨ ਦਾ ਫੈਸਲਾ ਕੀਤਾ ਹੈ। ਕਿਸਾਨਾਂ ਨੇ ਆਖਿਆ ਕਿ ਝੋਨੇ ਦੀ ਪੈਦਾਵਾਰ ਲਈ ਪਾਣੀ ਦੀ ਲੋੜ ਹੋਰ ਫ਼ਸਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਦੀ ਪੂਰਤੀ ਕਿਸਾਨ ਆਪਣੇ ਖੇਤਾਂ ਵਿੱਚ ਲੱਗੇ ਟਿਊਬਵੈੱਲਾਂ ਨਾਲ ਕਰਦੇ ਹਨ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੇਠਾਂ ਜਾ ਰਿਹਾ ਹੈ।ਧਰਤੀ ਹੇਠਲੇ ਪਾਣੀ ਦਾ ਪੱਧਰ ਜੋ ਕਰੀਬ 10 ਸਾਲ ਪਹਿਲਾਂ ਸਿਰਫ਼ 40 ਤੋਂ 70 ਫੁੱਟ ਸੀ, ਅੱਜ ਲਗਭਗ 150 ਤੋਂ 300 ਫੁੱਟ ਤੱਕ ਜਾ ਚੁੱਕਾ ਹੈ, ਜੋ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ।ਝੋਨੇ ਦੀ ਸਿੱਧੀ ਬਿਜਾਈ ਕਰਕੇ ਪਾਣੀ ਦੀ ਕਾਫੀ ਬੱਚਤ ਕੀਤੀ ਜਾ ਸਕਦੀ ਹੈ।ਇਸ ਤਰ੍ਹਾਂ ਪੈਦਾਵਾਰ ਵੀ ਵਧਦੀ ਤੇ ਲਾਗਤ ਖਰਚ ਘਟਦਾ ਹੈ।ਏਲਨਾਬਾਦ ਦੇ ਬਲਾਕ ਤਕਨੀਕੀ ਖੇਤੀਬਾੜੀ ਅਫਸਰ ਰਾਮ ਚੰਦਰ ਨੇ ਦੱਸਿਆ ਕਿ ਏਲਨਾਬਾਦ ਬਲਾਕ ਵਿੱਚ ਹੁਣ ਤੱਕ ਕਿਸਾਨਾਂ ਨੇ 15 ਹਜ਼ਾਰ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ, ਜਦਕਿ 10 ਹਜ਼ਾਰ ਏਕੜ ਵਿੱਚ ਹੋਰ ਸਿੱਧੀ ਬਿਜਾਈ ਹੋਣ ਦੀ ਸੰਭਾਵਨਾ ਹੈ।ਉਨ੍ਹਾਂ ਦੱਸਿਆ ਕਿ ਘੱਗਰ ਨਦੀ ਬੈਲਟ ਦੇ ਪਿੰਡਾਂ ਵਿੱਚ ਪਿਛਲੇ ਸਾਲ ਕਰੀਬ 70 ਫੀਸਦੀ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ।ਇਸ ਵਾਰ ਇਹ ਅੰਕੜਾ 80 ਫੀਸਦੀ ਤੱਕ ਪਹੁੰਚਣ ਦਾ ਅਨੁਮਾਨ ਹੈ।ਇਸ ਵਾਰ ਏਲਨਾਬਾਦ ਬਲਾਕ ਵਿੱਚ ਨਰਮੇ ਤੇ ਕਪਾਹ ਦੀ ਬਿਜਾਈ ਵਿੱਚ 30 ਤੋਂ 35 ਫੀਸਦੀ ਦੀ ਕਮੀ ਆਈ ਹੈ।ਕਰੀਬ 25 ਹਜ਼ਾਰ ਏਕੜ ਰਕਬੇ ਵਿੱਚ ਇਸ ਵਾਰ ਨਰਮੇ ਤੇ ਕਪਾਹ ਦੀ ਬਿਜਾਈ ਹੋਈ ਹੈ।ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਹੇਠਾਂ ਜਾ ਰਿਹਾ ਹੈ, ਪਰ ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ।ਇਸ ਲਈ ਝੋਨੇ ਦੀ ਸਿੱਧੀ ਬਿਜਾਈ ਵੱਲ ਕਿਸਾਨਾਂ ਦਾ ਵਧ ਰਿਹਾ ਰੁਝਾਨ ਚੰਗਾ ਸੰਕੇਤ ਹੈ।



18-Jun-PAGE-8.qxd 6/17/2024 9:03 PM Page 1



# ਚੱਬੇਵਾਲ ਹੁਸ਼ਿਆਰਪੁਰ ਦੇ ਚਹੁੰਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਗੇ : ਕੈਂਡੋਵਾਲ



**ਮਾਹਿਲਪੁਰ (ਸ.ਫਰੀ)** - 18 ਵੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਚੁਣੇ ਗਏ ਸੰਸਦ ਮੈਂਬਰ ਡਾਕਟਰ ਰਾਜ ਕੁਮਾਰ ਚੱਬੇਵਾਲ ਨੂੰ ਉਹਨਾਂ ਦੀ ਰਿਹਾਇਸ਼ ਉਤੇ ਪਹੁੰਚ ਕੇ ਆਪ ਬੁੱਧਜੀਵੀ ਵਿੰਗ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਹੁਸ਼ਿਆਰਪੁਰ ਦੇ ਚਹੁੰਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ, ਐਕਸ ਸਰਵਿਸਮੈਨ ਵਿੰਗ ਦੇ ਜ਼ਿਲ੍ਹਾ ਸਕੱਤਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਵਧਾਈ ਦਿੰਦਿਆਂ ਕਿਹਾ ਕਿ ਉਹ ਲੋਕ ਸਭਾ ਹੁਸ਼ਿਆਰਪੁਰ ਦੇ ਚਹੁੰਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇ ਕੇ ਯੋਗਤਾ ਅਨੁਸਾਰ ਨੌਜਵਾਨ ਲੜਕੇ ਲੜਕੀਆਂ ਨੂੰ ਸਰਕਾਰੀ ਤੇ ਸਵੈ ਰੁਜ਼ਗਾਰ ਲਈ ਯਤਨ ਕਰਨਗੇ ਤਾਂ ਜੋ ਨੌਜਵਾਨ ਵਰਗ ਵਿੱਚ ਭਵਿੱਖ ਪ੍ਰਤੀ ਪਾਈ ਜਾ ਰਹੀ ਅਨਿਸ਼ਚਿਤਤਾ ਤੇ ਨਿਰਾਸ਼ਤਾ ਦੂਰ ਹੋ ਸਕੇ। ਮਗਨਰੇਗਾ ਜੋਬ ਹੋਲਡਰਜ ਦੀ ਮਜ਼ਦੂਰੀ 450 ਰੁਪਏ ਕਰਨ, ਔਰਤਾਂ ਦੀ ਸੁਰੱਖਿਆ ਲਈ ਵਿਸ਼ੇਸ਼ ਯਤਨ ਕਰਨ ਤੇ ਹੁਸ਼ਿਆਰਪੁਰ ਦੇ ਕੰਢੀ ਖੇਤਰ ਨੂੰ ਉਦਯੋਗ ਤੇ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਸੰਸਦ ਦੇ ਪਲੇਠੇ ਸਤਰ ਵਿੱਚ ਆਪਣੀ ਅਵਾਜ਼ ਉਠਾ ਕੇ ਹੁਸ਼ਿਆਰਪੁਰ ਨੂੰ ਸਮਾਰਟ ਲੋਕ ਸਭਾ ਹਲਕਾ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਡਾਕਟਰ ਰਾਜ ਕੁਮਾਰ ਚੱਬੇਵਾਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਹੁਸ਼ਿਆਰਪੁਰ ਲੋਕ ਸਭਾ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਤੱਤਪਰ ਰਹਿਣਗੇ।ਉਹਨਾਂ ਕਿਹਾ ਮੈਂ ਆਪਣੀ ਜਨਮ ਤੇ ਕਰਮਭੂਮੀ ਹੁਸ਼ਿਆਰਪੁਰ ਨੂੰ ਹਰ ਪੱਖੋਂ ਵਿਕਸਿਤ ਕਰਨ ਲਈ ਯਤਨਸ਼ੀਲ ਰਹਾਂਗਾ।ਉਹਨਾਂ ਕਿਹਾ ਕਿ ਉਹ ਸੰਸਦ ਦੇ ਅੰਦਰ ਅਤੇ ਬਾਹਰ ਹੁਸ਼ਿਆਰਪੁਰ ਨੂੰ ਸਮਰਪਤ ਰਹਿਣਗੇ।

# ਅਰੁੰਧਤੀ ਰਾਏ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਗਲਤ : ਤਰਕਸ਼ੀਲ ਸੁਸਾਇਟੀ



ਗਲੱਬਾਤ ਕਰਦੇ ਹੋਏ ਪ੍ਰਿੰਸੀਪਲ ਮਨਜੀਤ ਸਿੰਘ ਤੇ ਜਿੰਦਰ ਬਾਗਪੁਰ।

**ਸ਼ਾਹਕੋਟ(ਗਿਆਨ ਸੈਦਪੁਰੀ)** ਤਰਕਸ਼ੀਲ ਸੁਸਾਇਟੀ ਪੰਜਾਬ(ਰਜ਼ਿ) ਦੀ ਇਕਾਈ ਸ਼ਾਹਕੋਟ ਵੱਲੋਂ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵੀ. ਕੇ. ਸ਼ਕਸੈਨਾ ਵੱਲੋਂ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਦੀ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਯੂ. ਏ. ਪੀ. ਏ. ਤਹਿਤ ਕੇਸ ਚਲਾਉਣ ਦੀ ਮਨਜ਼ੂਰੀ ਦੀ ਨਿਖੇਧੀ ਕੀਤੀ ਹੈ। ਸੁਸਾਇਟੀ ਨੇ ਲੈਫ਼ਟੀਨੈਂਟ ਗਵਰਨਰ ਦੇ ਇਸ ਕਦਮ ਨੂੰ ਲੋਕ ਵਿਰੋਧੀ ਦੱਸਿਆ ਹੈ ਕਿ ਅਰੁੰਧਤੀ ਰਾਏ ਲੋਕਾਂ ਦੀ ਲੇਖਿਕਾ ਹੈ। ਸੁਸਾਇਟੀ ਦੇ ਆਗੂਆਂ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆ ਤੇ ਜਿੰਦਰ ਬਾਗਪੁਰ ਨੇ ਕਿਹਾ ਕਿ ਉਕਤ ਕਦਮ ਪ੍ਰਗਟਾਵੇ ਦੀ ਆਜ਼ਾਦੀ 'ਤੇ ਵੀ ਹਮਲਾ ਹੈ। ਉਨ੍ਹਾਂ ਮੰਗ ਕੀਤੀ ਕਿ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਾ ਫੈਸਲਾ ਤੁਰੰਤ ਵਾਪਿਸ ਲਿਆ ਜਾਵੇ।

# ਪੰਜਾਬ 'ਚ ਕਾਂਗਰਸ ਪਾਰਟੀ ਮਜ਼ਬੂਤ ਹੋਈ : ਰਸੂਲਪੁਰ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਪਿੰਡ ਰੂਸਲਪੁਰ ਦੇ ਉਘੇ ਸਮਾਜ ਸੇਵਕ, ਸੀਨੀਅਰ ਕਾਂਗਰਸੀ ਆਗੂ ਕੁਲਵਿੰਦਰ ਸਿੰਘ ਰਸੂਲਪੁਰ ਨੇ ਕਾਂਗਰਸ ਪਾਰਟੀ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਫੁੱਲਾਂ ਦਾ ਬੁੱਕਾ ਦੇ ਕੇ ਸ਼ਾਨਦਾਰ ਸਵਾਗਤ ਕੀਤਾ। ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਹੋਈ ਜਿੱਤ ਦੀ ਖੁਸ਼ੀ ਵਿੱਚ ਰਸੂਲਪੁਰ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਮਜਬੂਤ ਹੋਈ ਹੈ।ਉਹਨਾਂ ਦੱਸਿਆ ਕਿ ਵਿਧਾਨ ਸਭਾ ਚੋਣਾਂ ਦੀਆਂ ਹੁਣ ਤੋਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ।ਲੋਕ ਸਭਾ ਦੀਆਂ ਸੱਤ ਸੀਟਾਂ 'ਤੇ ਸ਼ਾਨਦਾਰ ਜਿੱਤ ਹਾਸਲ ਕਰ ਕੇ ਵਿਰੋਧੀ ਧਿਰਾਂ ਦਾ ਮੂੰਹ ਬੰਦ ਕੀਤਾ ਹੈ।ਉਹਨਾਂ ਕਿਹਾ ਕਿ ਬਲਾਕ ਸੰਮਤੀ ਚੋਣਾਂ ,ਪੰਚਾਇਤੀ ਚੋਣਾਂ, ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ। ਇਸ ਮੌਕੇ ਹਰਜਿੰਦਰ ਸਿੰਘ ਰਸੂਲਪੁਰ, ਚੌਧਰੀ ਗੁਰਪ੍ਰੀਤ ਸਿੰਘ ਚੱਬੇਵਾਲ ਯੂਥ ਪ੍ਰਧਾਨ ,ਜਥੇਦਾਰ ਦਵਿੰਦਰ ਸਿੰਘ ਖਾਲਸਾ ਕੂਕੋਵਾਲ, ਪਰਮਜੀਤ ਸਿੰਘ ਵਿੱਕੀ, ਸੰਤੋਖ ਸਿੰਘ ਸਰਹਾਲਾ ਖੁਰਦ ਆਦਿ ਹਾਜ਼ਰ ਸਨ।

# ਡਰੱਗ ਦੇ ਮੁੱਦੇ 'ਤੇ ਸੁਨੀਲ ਜਾਖੜ ਦੇ ਟਵੀਟ 'ਤੇ 'ਆਪ' ਦਾ ਜਵਾਬ

## * ਭਾਜਪਾ ਪੰਜਾਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚ ਰਹੀ : ਮਲਵਿੰਦਰ ਸਿੰਘ ਕੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਨੇ ਇੱਕ ਵਾਰ ਫਿਰ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ 'ਤੇ ਤਿੱਖਾ ਹਮਲਾ ਕੀਤਾ ਹੈ। ਪਾਰਟੀ ਨੇ ਕਿਹਾ ਕਿ ਜਾਖੜ ਨੇ ਕਦੇ ਵੀ ਭਾਜਪਾ ਆਗੂਆਂ ਨੂੰ ਉਨ੍ਹਾਂ ਦੀਆਂ ਪੰਜਾਬ ਵਿਰੋਧੀ ਗਤੀਵਿਧੀਆਂ ਲਈ ਸਵਾਲ ਨਹੀਂ ਕੀਤੇ, ਸਗੋਂ ਪੰਜਾਬ ਨੂੰ ਬਦਨਾਮ ਕਰਨ ਲਈ ਉਹ ਉਨ੍ਹਾਂ ਦੀ ਰੇਲ ਗੱਡੀ ਵਿੱਚ ਸਵਾਰ ਹੀ ਰਹਿੰਦੇ ਹਨ। ਆਪਣੇ ਐਕਸ ਅਕਾਊਂਟ ਤੇ ਜਾਖੜ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅਤੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਪੰਜਾਬ ਦੇ ਪ੍ਰਧਾਨ ਨੂੰ ਯਾਦ ਕਰਵਾਇਆ ਕਿ ਗੈਰ-ਕਾਨੂੰਨੀ ਡਰੱਗ ਮਹਾਰਾਸ਼ਟਰ ਅਤੇ ਗੁਜਰਾਤ ਤੋਂ ਪੰਜਾਬ ਪਹੁੰਚਦੀ ਹੈ ਅਤੇ ਦੋਵਾਂ ਰਾਜਾਂ ਵਿੱਚ ਭਾਜਪਾ ਸੱਤਾ ਵਿੱਚ ਹੈ।ਕੰਗ ਨੇ ਕਿਹਾ ਕਿ ਇਹ ਭਾਜਪਾ ਸਰਕਾਰਾਂ ਦੀ ਨਾਕਾਮੀ ਅਤੇ ਭਾਜਪਾ ਵੱਲੋਂ



ਡਰੱਗ ਮਾਫ਼ੀਆ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ ਦਾ ਹੀ ਨਤੀਜਾ ਹੈ ਕਿ ਐਨੀ ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਡਰੱਗ ਭਾਰਤ ਪਹੁੰਚ ਰਹੀ ਹੈ। ਕੰਗ ਨੇ ਕਿਹਾ ਕਿ ਭਾਜਪਾ ਪੰਜਾਬ ਨੂੰ ਬਦਨਾਮ ਕਰਨ ਲਈ ਹਮੇਸ਼ਾ ਕੁਝ ਨਾ ਕੁਝ ਕਰਦੀ ਰਹਿੰਦੀ ਹੈ, ਪਰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਆਪਣੇ ਆਪ ਨੂੰ ਪੰਜਾਬ ਦਾ ਪੁੱਤ ਹੋਣ ਦਾ ਦਾਅਵਾ ਕਰਨ ਵਾਲੇ ਸੁਨੀਲ ਜਾਖੜ ਹਮੇਸ਼ਾ ਪੰਜਾਬ ਦੇ ਖ਼ਿਲਾਫ਼ ਬਿਆਨਬਾਜ਼ੀ ਕਰਦੇ ਰਹਿੰਦੇ ਹਨ, ਕਦੇ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਲਈ ਆਵਾਜ਼ ਨਹੀਂ ਉਠਾਉਂਦੇ।

ਉਨ੍ਹਾਂ ਕਿਹਾ ਕਿ ਜਾਖੜ ਕੇਂਦਰ, ਮਹਾਰਾਸ਼ਟਰ ਅਤੇ ਗੁਜਰਾਤ ਦੀਆਂ ਆਪਣੀਆਂ ਸਰਕਾਰਾਂ ਨੂੰ ਉੱਥੇ ਵਧ ਰਹੇ ਨਸ਼ਿਆਂ ਬਾਰੇ ਕਿਉਂ ਨਹੀਂ ਪੁੱਛਦੇ? ਉਨ੍ਹਾਂ ਕਿਹਾ ਕਿ ਲਗਦਾ ਹੈ ਕਿ ਸੁਨੀਲ ਜਾਖੜ ਭੁੱਲ ਗਏ ਹਨ ਕਿ ਪੰਜਾਬ ਵਿੱਚ ਡਰੱਗ ਮਾਫ਼ੀਆ ਦੇ ਪੈਰ ਭਾਜਪਾ-ਅਕਾਲੀ ਦਲ ਦੀ ਸਰਕਾਰ ਨੇ ਹੀ ਜਮਾਏ ਸੀ। ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲੇ ਦਿਨ ਤੋਂ ਹੀ ਪੰਜਾਬ ਵਿੱਚੋਂ ਡਰੱਗ ਮਾਫ਼ੀਆ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹਨ। ਮਾਨ ਸਰਕਾਰ ਦਾ ਨਸ਼ਾ ਮਾਫ਼ੀਆ ਵਿਰੋਧੀ ਰੁਖ਼ ਇਹ ਯਕੀਨੀ ਬਣਾਏਗਾ ਕਿ ਪੰਜਾਬ ਵਿੱਚੋਂ ਨਸ਼ੇ ਦਾ ਖ਼ਾਤਮਾ ਹੋਵੇ ਅਤੇ ਸਾਡੇ ਨੌਜਵਾਨਾਂ ਦਾ ਭਵਿੱਖ ਉੱਜਵਲ ਅਤੇ ਸਿਹਤਮੰਦ ਹੋਵੇ।

# ਦਾਨੀ ਪਰਵਾਰ ਵੱਲੋਂ ਮ੍ਰਿਤਕ ਦੇਹ ਸੰਭਾਲਣ ਲਈ ਫਰਿੱਜ਼ ਭੇਟ



**ਅੱਡਾ ਸਰਾਂ (ਕਾਜਲ)**- ਪਿੰਡ ਕਲੋਆ ਵਿਚ ਹੋਏ ਸਮਾਗਮ ਦੌਰਾਨ ਦਾਨੀ ਢਿੱਲੋਂ ਪਰਵਾਰ ਵੱਲੋਂ ਆਪਣਾ ਸਮਾਜਿਕ ਸਰੋਕਾਰ ਨਿਭਾਉਂਦੇ ਹੋਏ ਮ੍ਰਿਤਕ ਦੇਹ ਸੰਭਾਲਣ ਲਈ ਫਰਿੱਜ ਭੇਟ ਕੀਤੀ ਗਈ ਹੈ । ਸਤਵੀਰ ਸਿੰਘ ਸੱਤੀ ਆਟਾ ਚੱਕੀ ਵਾਲਿਆਂ ਦੀ ਯਾਦ ਵਿਚ ਇਹ ਫਰਿੱਜ ਜਸਵੀਰ ਸਿੰਘ ਢਿੱਲੋਂ ਅਤੇ ਪਰਮਜੀਤ ਕੌਰ ਢਿੱਲੋਂ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦੇ ਸਪੁਰਦ ਕੀਤੀ ਗਈ। ਗੁਰੂਘਰ ਦੇ ਸੇਵਾਦਾਰਾਂ ਨੇ ਇਸ ਸਮਾਜ ਸੇਵੀ ਉਪਰਾਲੇ ਲਈ ਢਿੱਲੋਂ ਪਰਵਾਰ ਦੇ ਮੈਂਬਰਾਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਸਨਪ੍ਰੀਤ ਸਿੰਘ, ਸਤਪ੍ਰੀਤ ਸਿੰਘ, ਕੁਲਤਾਰ ਸਿੰਘ ਢਿੱਲੋਂ, ਅਗਮਵੀਰ ਸਿੰਘ ਢਿੱਲੋਂ, ਨਿਰਵੈਰ ਸਿੰਘ ਢਿੱਲੋਂ, ਸਰਪੰਚ ਦਲਵੀਰ ਸਿੰਘ, ਨੰਬਦਰਾਰ ਦਲਜੀਤ ਸਿੰਘ, ਜੱਸਾ ਸਿੰਘ, ਪਰਮਜੀਤ ਸਿੰਘ, ਸੁਲੱਖਣ ਸਿੰਘ, ਸਰੂਪ ਸਿੰਘ, ਕੁਲਵੰਤ ਸਿੰਘ, ਮਹਾ ਸਿੰਘ, ਸ਼ਾਮ ਸੁੰਦਰ, ਹੈਰੀ ਢੱਟਾਂ, ਲਾਲ ਸਿੰਘ, ਅਰਨਪ੍ਰੀਤ ਸਿੰਘ ਚਾਹਲ ਮੌਜੂਦ ਸਨ ।

# ਭਗਤ ਕਬੀਰ ਦੇ ਜਨਮ ਦਿਹਾੜੇ ਨੂੰ ਸਮਰਪਤ ਬੈਨਰ ਜਾਰੀ




**ਚਮਕੌਰ ਸਾਹਿਬ ,(ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਕਲਾ ਮੰਚ ਚਮਕੌਰ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਭਗਤ ਕਬੀਰ ਜੀ ਦਾ 626ਵਾਂ ਜਨਮ ਦਿਹਾੜਾ 22 ਜੂਨ ਨੂੰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਵੇਗਾ । ਪੰਜਾਬ ਕਲਾ ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਨੇ ਦੱਸਿਆ ਕਿ ਅੱਜ ਭਗਤ ਕਬੀਰ ਜੀ ਦੇ ਜਨਮ ਦਿਵਸ ਦੇ ਸਬੰਧ ਵਿੱਚ ਮੀਟਿੰਗ ਕਰਕੇ ਬੈਨਰ ਰਿਲੀਜ਼ ਕੀਤਾ ਗਿਆ, ਜਿਸ ਦੀ ਰਸਮ ਡਾ. ਗੁਰਸੇਵਕ ਸਿੰਘ ਪਰਖਾਲੀ ਨੂਰ ਹਸਪਤਾਲ ਮਰਿੰਡਾ, ਡਾ. ਰਾਜਪਾਲ ਸਿੰਘ ਚੌਧਰੀ ਅਤੇ ਪਤਵੰਤਿਆਂ ਵੱਲੋਂ ਨਿਭਾਈ ਗਈ ।ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਸਮੂਹ ਭਗਤਾਂ ਦਾ ਮਾਣ ਵਧਾਇਆ ਹੈ । ਇਸ ਮੌਕੇ ਮੰਚ ਦੇ ਸਰਪ੍ਰਸਤ ਡਾ. ਰਾਜਪਾਲ ਸਿੰਘ ਚੌਧਰੀ, ਕੈਪਟਨ ਹਰਪਾਲ ਸਿੰਘ ਸੰਧੂਆਂ, ਸਵਰਨ ਸਿੰਘ ਸੈਣੀ, ਰਘਬੀਰ ਸਿੰਘ, ਬਲਜੀਤ ਸਿੰਘ, ਹਰਦੀਪ ਸਿੰਘ, ਮਿਸਤਰੀ ਮਨਮੋਹਨ ਸਿੰਘ ਕਾਲਾ, ਰਾਮਪਾਲ ਸਿੰਘ, ਚਰਨਜੀਤ ਸਿੰਘ, ਰਣਵੀਰ ਕੌਰ, ਸਰਬਜੀਤ ਕੌਰ, ਮਨਮੋਹਨ ਸਿੰਘ, ਗਿਆਨ ਸਿੰਘ ਅਤੇ ਸਰਪੰਚ ਸੋਮ ਸਿੰਘ ਆਦਿ ਹਾਜ਼ਰ ਸਨ ।

# ਸਤਿਗੁਰੂ ਰਵਿਦਾਸ ਜੀ ਦਾ 496ਵਾਂ ਜੋਤੀ ਜੋਤਿ ਦਿਵਸ ਤੇ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ

**ਫਗਵਾੜਾ ( ਜਸਵਿੰਦਰ ਢੱਡਾ )**- ਸਤਿਗੁਰੂ ਰਵਿਦਾਸ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ ਜੀ.ਟੀ. ਰੋਡ ਚੱਕ ਹਕੀਮ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਦਾ 496ਵਾਂ ਜੋਤੀ ਜੋਤਿ ਦਿਵਸ ਤੇ ਸਲਾਨਾ ਜੋੜ ਮੇਲਾ ਸਮੂਹ ਪ੍ਰੰਬਧਕ ਕਮੇਟੀ ਵਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ।ਪ੍ਰਧਾਨ ਦਵਿੰਦਰ ਕੁਲਥਮ ਨੇ ਦੱਸਿਆ ਕਿ ਤਿੰਨ ਦਿਨਾ ਚੱਲੇ ਇਸ ਸਲਾਨਾ ਜੋੜ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਗੁਰੂ ਘਰ ਪਹੁੰਚ ਕੇ ਸੰਗਤਾਂ ਨੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਆਪਣੀਆਂ ਹਾਜ਼ਰੀਆ ਲਗਵਾਈਆਂ। ਮੇਲੇ ਦੇ ਅਖੀਰਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ, ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਠੰਢੇ ਮਿੱਠੇ ਜਲ ਦੀਆਂ ਛਬੀਲਾਂ ਵਰਤਾਈਆਂ ਅਤੇ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵਰਤਾਏ ਗਏ। ਨਵੇਂ ਬਣੇ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ। ਜਿਸ ਵਿੱਚ ਪ੍ਰਸਿੱਧ ਕੀਰਤਨੀਏ ਭਾਈ ਪਵਨ ਕੁਮਾਰ ਜਲੰਧਰ ਵਾਲੇ, ਭਾਈ ਹਰਦੀਪ ਸਿੰਘ ਲੁਧਿਆਣਾ ਵਾਲੇ, ਨਾਗਵੰਸ਼ੀ ਕੀਰਤਨ ਜਥਾ ਅਤੇ ਮਾਸਟਰ ਕੁਲਵਿੰਦਰ ਪਾਲ ਨੰਗਲ ਵਾਲਿਆਂ ਦੇ ਜਥੇ ਨੇ ਸ਼ਬਦ ਕੀਰਤਨ, ਕਥਾ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਸਕੱਤਰ ਸੀਟੂ ਬਾਈ ਦੇ ਵਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ ।



ਜੋੜ ਮੇਲੇ ਦੌਰਾਨ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਤੋਂ ਇਲਾਵਾ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਲਗਵਾਈ। ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕਰਦਿਆਂ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਵਿੰਦਰ ਕੁਲਥਮ, ਉਪ ਪ੍ਰਧਾਨ ਕਿਸ਼ਨ ਦਾਸ ਛਿੰਦੀ, ਯਸ਼ ਬਰਨਾ, ਜਨਰਲ ਸਕੱਤਰ ਅਸ਼ੋਕ ਭਾਟੀਆ, ਜੁਆਇੰਟ ਸਕੱਤਰ ਬਲਦੇਵ ਰਾਜ ਕੋਮਲ, ਪ੍ਰਚਾਰਕ ਸੀਟੂ ਬਾਈ, ਆਰਗੇਨਾਈਜ਼ਰ ਸੈਕਟਰੀ ਮਕਬੂਲ, ਮੁੱਖ ਸਲਾਹਕਾਰ ਰਜਿੰਦਰ ਕੁਮਾਰ, ਸੀਨੀਅਰ ਮੈਂਬਰ ਗੁਰਬਚਨ ਰਾਮ, ਅਜੈ ਕੁਮਾਰ ਟੂਰਾ, ਅਸ਼ੋਕ ਕੁਮਾਰ ਸੱਲਣ, ਕਮਲਜੀਤ ਬੰਗਾ ਆਦਿ ਨੇ ਹਾਜਰ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਪ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਕਮਲ ਧਾਲੀਵਾਲ, ਅਸ਼ੋਕ ਸੰਧੂ, ਲਲਿਤ ਸਕਲਾਨੀ, ਕਸ਼ਮੀਰ ਸਿੰਘ ਮੱਲ੍ਹੀ, ਸੰਤੋਸ਼ ਕੁਮਾਰ ਗੋਗੀ, ਹਰਮੇਸ਼ ਕਾਲਾ, ਕੁਲਵੰਤ ਦੜੋਚ, ਅਮਰਦੀਪ ਢੰਡਾ, ਪ੍ਰਿਤਪਾਲ ਤੁਲੀ, ਹਰਮੇਸ਼ ਪਾਲ , ਵਰੁਣ ਬੰਗੜ, ਕਿਸ਼ਨ ਸੰਤੋਖਪੁਰਾ ਅਤੇ ਮਹਿੰਦਰ ਪਾਲ ਜੱਸਲ ਆਦਿ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਗੈਰ-ਕਾਨੂੰਨੀ ਢੰਗ ਨਾਲ ਕਰਵਾਈਆਂ ਟਰੈਕਟਰ ਦੌੜਾਂ 'ਚ 11 ਵਿਅਕਤੀਆਂ ਖਿਲਾਫ਼ ਕੇਸ ਦਰਜ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਪਿੰਡ ਡੁਮੇਲੀ ਵਿਖੇ ਕੱਲ੍ਹ ਗੈਰ ਕਾਨੂੰਨੀ ਢੰਗ ਨਾਲ ਕੁਝ ਪ੍ਰਬੰਧਕਾਂ ਵਲੋਂ ਕਰਵਾਈਆਂ ਜਾ ਰਹੀਆਂ ਟਰੈਕਟਰਾਂ ਦੀਆਂ ਦੌੜਾਂ ਦੌਰਾਨ ਇੱਕ ਟਰੈਕਟਰ ਦਾ ਹਿੱਸਾ ਟੁੱਟਣ ਕਾਰਨ ਬੇਕਾਬੂ ਹੋਣ ਤੋਂ ਬਾਅਦ ਪੇਸ਼ ਆਏ ਹਾਦਸੇ 'ਚ ਤਿੰਨ ਮੈਂਬਰ ਜ਼ਖਮੀ ਹੋ ਗਏ ਸਨ, ਜਿਸ ਸਬੰਧ 'ਚ ਪੁਲਸ ਨੇ 11 ਵਿਅਕਤੀਆਂ ਖਿਲਾਫ਼ ਕੇਸ ਦਰਜ ਕਰਕੇ ਤਿੰਨ ਟਰੈਕਟਰ ਵੀ ਬਰਾਮਦ ਕਰ ਲਏ ਹਨ।ਇਹ ਪ੍ਰਗਟਾਵਾ ਅੱਜ ਇਥੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਰਦਿਆਂ ਜਲੰਧਰ ਰੇਂਜ ਦੇ ਡੀ ਆਈ ਜੀ ਹਰਮਨਵੀਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਨੁੱਖੀ ਸਰੀਰਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਖੇਡਾਂ 'ਤੇ ਰੋਕ ਲਗਾਈ ਹੋਈ ਹੈ, ਜਿਸ ਦੇ ਬਾਵਜੂਦ ਪ੍ਰਬੰਧਕਾਂ ਨੇ ਆਪਣੀ ਮਨਮਰਜ਼ੀ ਕੀਤੀ, ਜਿਸ ਕਾਰਨ ਇਸ ਹਾਦਸੇ 'ਚ ਹੋਏ ਨੁਕਸਾਨ ਤੋਂ ਇਲਾਵਾ ਹੋਰ ਵੱਡਾ ਹਾਦਸਾ ਹੋਣੋਂ ਵੀ ਬਚ ਗਿਆ।ਉਨ੍ਹਾਂ ਕਿਹਾ ਕਿ ਅਜਿਹੀ ਉਲੰਘਣਾ ਕਰਨ ਵਾਲੇ



ਵਿਅਕਤੀਆਂ ਨੂੰ ਬਿਲਕੁਲ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੁਲਸ ਨੂੰ ਹਦਾਇਤ ਕੀਤੀ ਕਿ ਅੱਗੇ ਤੋਂ ਵੀ ਅਜਿਹੀਆਂ ਖੇਡਾਂ 'ਤੇ ਸਖ਼ਤ ਨਜ਼ਰ ਰੱਖੀ ਜਾਵੇ ਤੇ ਜੋ ਵੀ ਪ੍ਰਬੰਧਕ ਆਪਣੀ ਮਨਮਰਜ਼ੀ ਕਰਦਾ ਹੈ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਪੁਲਸ ਨੇ ਇਸ ਸਬੰਧ 'ਚ ਧਾਰਾ 308, 279, 337, 338, 188, 336 ਆਈ ਪੀ ਸੀ ਤਹਿਤ ਜਿਨ੍ਹਾਂ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ ਉਨ੍ਹਾਂ 'ਚ ਸੁਖਵਿੰਦਰ ਸਿੰਘ ਪੁੱਤਰ ਸਾਧੂ ਸਿੰਘ, ਤੀਰਥ ਸਿੰਘ ਪੁੱਤਰ ਹਰਮੇਲ ਸਿੰਘ, ਦੀਪਾ ਪੁੱਤਰ ਦਰਸ਼ਨ ਸਿੰਘ, ਸ਼ਾਮਾਗੜ੍ਹੀਆਂ ਪੰਚ, ਤਨਵੀਰ ਸਿੰਘ ਪੁੱਤਰ ਸ਼ਾਮਾ, ਮੀਕਾ, ਬਚਿੱਤਰ ਸਿੰਘ ਪੁੱਤਰ ਹਿੰਮਤ ਸਿੰਘ ਵਾਸੀਆਨ ਡੁਮੇਲੀ, ਰੂਪਾ ਵਾਸੀ ਜੰਡ ਸਰਾਵਾ, ਬੂਟਾ ਰਿਹਾਣਾ ਜੱਟਾਂ, ਬਿੱਟਾ ਮੁਸਾਪੁਰ, ਸੁਖਦੇਵ ਸਿੰਘ ਵਾਸੀ ਜੇਠਪੁਰ ਸ਼ਾਮਲ ਹਨ।

ਇਸ ਘਟਨਾ ਦੌਰਾਨ ਜਿਹੜੇ ਵਿਅਕਤੀ ਜ਼ਖਮੀ ਹੋਏ ਹਨ ਉਨ੍ਹਾਂ 'ਚ ਗਗਨਜੀਤ ਸਿੰਘ (9) ਪੁੱਤਰ ਮਨਜੀਤ ਸਿੰਘ ਵਾਸੀ ਡੁਮੇਲੀ, ਅਮਿਤ ਪੁੱਤਰ ਮਹਾਂਵੀਰ ਵਾਸੀ ਰਿਹਾਣਾ ਜੱਟਾਂ, ਗੁਰਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਮੁੰਨਾ ਨਵਾਂਸ਼ਹਿਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸਾਡੇ ਖੁਫ਼ੀਆ ਵਿਭਾਗ ਵਲੋਂ ਇਨ੍ਹਾਂ ਖੇਡਾਂ ਦੌਰਾਨ ਦੌੜ 'ਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਦੀ ਪੜਤਾਲ ਕਰਵਾਈ ਜਾ ਰਹੀ ਹੈ, ਜੋ ਵੀ ਇਸ 'ਚ ਸਾਹਮਣੇ ਆਉਣਗੇ ਉਨ੍ਹਾਂ ਖਿਲਾਫ਼ ਕੇਸ ਦਰਜ ਕੀਤਾ ਜਾਵੇਗਾ। ਇਸ ਮੌਕੇ ਐਸ ਐਸ ਪੀ ਵਤਸਲਾ ਗੁਪਤਾ, ਐਸ ਪੀ (ਡੀ) ਗੁਰਪ੍ਰੀਤ ਸਿੰਘ ਗਿੱਲ, ਡੀ ਐਸ ਪੀ ਜਸਪ੍ਰੀਤ ਸਿੰਘ ਵੀ ਸ਼ਾਮਲ ਸਨ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਪਿਤਾ ਦਿਵਸ ਮਨਾਇਆ



**ਕਪੂਰਥਲਾ, (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪਿਤਾ ਦਿਵਸ ਨਾਲ ਸਬੰਧਤ ਆਨਲਾਈਨ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿਚ ਭਾਗ ਲਿਆ ਗਿਆ, ਜਿਵੇਂ ਜੀ ਵਿੰਗ ਦੇ ਬੱਚਿਆਂ ਨੇ ਪਿਤਾ ਦਿਵਸ ਨਾਲ ਸਬੰਧਤ ਕਾਰਡ ਬਣਾਏ ।ਪ੍ਰਾਇਮਰੀ ਅਤੇ ਸੀਨੀਅਰ ਵਿੰਗ ਦੇ ਬੱਚਿਆਂ ਨੇ ਆਪਣੇ ਪਿਤਾ ਨਾਲ ਸਮਾਂ ਬਿਤਾਉਂਦੇ ਹੋਏ ਉਨ੍ਹਾਂ ਦੀ ਕੰਮ ਵਿਚ ਮਦਦ ਕੀਤੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪਿਤਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ । ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਦਾ ਸੁਨੇਹਾ ਵੀ ਦਿੱਤਾ ।

# ਹੁਸ਼ਿਆਰਪੁਰ ਪੁਲਸ ਵੱਲੋਂ ਸਬ-ਡਵੀਜ਼ਨ ਪੱਧਰ 'ਤੇ ਨਸ਼ਿਆ ਵਿਰੁੱਧ ਕਾਸੋ ਅਪਰੇਸ਼ਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਸ, ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਅਤੇ ਹਰਮਨਵੀਰ ਸਿੰਘ ਗਿੱਲ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਸ, ਜਲੰਧਰ ਰੇਂਜ ਦੀ ਹਦਾਇਤ 'ਤੇ ਸੁਰੇਂਦਰ ਲਾਂਬਾ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸਰਬਜੀਤ ਸਿੰਘ ਬਾਹੀਆ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ, ਮੇਜਰ ਸਿੰਘ ਪੁਲਸ ਕਪਤਾਨ ਪੀ.ਬੀ.ਆਈ ਹੁਸ਼ਿਆਰਪੁਰ, ਸ਼੍ਰੀਮਤੀ ਨਵਨੀਤ ਕੌਰ ਪੁਲਸ ਕਪਤਾਨ ਅਪਰੇਸ਼ਨ ਹੁਸ਼ਿਆਰਪੁਰ ਨੇ ਵੱਖ-ਵੱਖ ਸਬ ਡਵੀਜਨਾਂ ਵਿੱਚ ਹਲਕਾ ਅਫਸਰਾਂ ਅਤੇ ਮੁੱਖ ਅਫਸਰ ਥਾਣਾ ਦੀ ਅਗਵਾਈ ਹੇਠ ਕਰੀਬ 600 ਪੁਲਸ ਕਰਮਚਾਰੀਆਂ ਦੀ ਮਦਦ ਨਾਲ ਨਸ਼ਿਆਂ ਨੂੰ ਰੋਕਣ ਅਤੇ ਨਸ਼ਾ ਵੇਚਣ ਵਾਲੇ ਸਮੱਗਲਰਾਂ ਨੂੰ ਕਾਬੂ ਕਰਨ ਲਈ ਕਾਸੋ ਅਪਰੇਸ਼ਨ ਕੀਤੇ ਗਏ। ਇਹਨਾਂ ਕਾਸੋ ਅਪਰੇਸ਼ਨਾਂ ਵਿੱਚ ਜ਼ਿਲ੍ਹਾ ਦੇ ਥਾਣਾ ਟਾਂਡਾ-02, ਥਾਣਾ ਮਾਹਿਲਪੁਰ -05, ਥਾਣਾ ਗੜ੍ਹਸ਼ੰਕਰ-02, ਥਾਣਾ ਸਦਰ-01, ਥਾਣਾ ਸਿਟੀ-02, ਥਾਣਾ ਤਲਵਾੜਾ-01, ਥਾਣਾ ਮੇਹਟੀਆਣਾ-01, ਥਾਣਾ ਬੁੱਲੋਵਾਲ-01 ਕੁੱਲ 15 ਮੁਕੱਦਮੇ ਨਸ਼ਾ ਵੇਚਣ ਵਾਲੇ ਮਾੜੇ ਅਨਸਰਾਂ ਖਿਲਾਫ ਦਰਜ ਕਰਕੇ 17 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 800 ਗ੍ਰਾਮ ਗਾਂਜਾ ,34 ਟੀਕੇ ,835 ਨਸ਼ੀਲੀਆ ਗੋਲੀਆ ,10 ਗ੍ਰਾਮ ਹੈਰੋਇਨ ,324 ਗ੍ਰਾਮ ਨਸ਼ੀਲਾ ਪਾਊਡਰ ,69750 ਐਮ.ਐਲ ਨਜਾਇਜ ਸ਼ਰਾਬ ,900 ਗ੍ਰਾਮ ਅਫੀਮ ,900 ਗ੍ਰਾਮ ਚਰਸ ਬ੍ਰਾਮਦ ਕੀਤੇ ਗਏ।

# ਬਾਬਾ ਅੰਮ੍ਰਤੀਆ ਦਾ ਸਾਲਾਨਾ ਜੋੜ ਮੇਲਾ ਅੱਜ ਤੋਂ



**ਮਾਹਿਲਪੁਰ /ਸ.ਫਰੀ** -ਗੁਰਦੁਆਰਾ ਬਾਬਾ ਅੰਮ੍ਰਤੀਆ ਜੋੜਬੜਾ ਸਾਹਿਬ ਪਿੰਡ ਭੂਨੋਂ ਵਿਖੇ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। 18 ਜੂਨ ਨੂੰ ਲੜੀਵਾਰ 70 ਸ਼੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। ਪਹਿਲੀ ਲੜੀ ਦੇ ਭੋਗ 20 ਜੂਨ, ਦੂਜੀ ਲੜੀ ਦੇ ਭੋਗ 22 ਜੂਨ ਨੂੰ ਅਤੇ ਤੀਜੀ ਲੜੀ ਦੇ ਭੋਗ 24 ਜੂਨ ਨੂੰ ਪਾਏ ਜਾਣਗੇ। 23 ਜੂਨ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਬਦਲਣ ਤੋਂ ਬਾਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। 24 ਜੂਨ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਭੋਗ ਉਪਰੰਤ ਸੰਤ ਮਹਾਪੁਰਸ਼, ਪੰਥਕ ਪ੍ਰਸਿੱਧ ਕੀਰਤਨੀ,ਕਥਾ ਵਾਚਕ ਅਤੇ ਢਾਡੀ ਜਥੇ ਪ੍ਰਵਚਨ,ਕੀਰਤਨ, ਗੁਰਬਾਣੀ ਦੀ ਵਿਆਖਿਆ ਅਤੇ ਜੋਸ਼ੀਲੀਆਂ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਨੰਬਰਦਾਰ ਕਰਨੈਲ ਸਿੰਘ, ਕੈਪਟਨ ਰੇਸ਼ਮ ਚੰਦ, ਸਾਬਕਾ ਸਰਪੰਚ ਦਰਸ਼ਨ ਸਿੰਘ, ਬਾਬਾ ਬਹਾਦੁਰ ਸਿੰਘ,ਬਲਵੀਰ ਸਿੰਘ ਪੰਚ, ਰਾਮਜੀ ਪੰਚ,ਰਵਿੰਦਰ ਸਿੰਘ ਨੋਨਾ,ਗਿਆਨੀ ਉਂਕਾਰ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ, ਸੰਤੋਖ ਸਿੰਘ, ਰਸ਼ਪਾਲ ਸਿੰਘ ਆਦਿ ਮੌਜੂਦ ਸਨ।

# ਬਾਬਾ ਸਿੱਧ ਚਾਨੋ ਬਲੀ ਦਾ ਸਾਲਾਨਾ ਸਮਾਗਮ 22 ਤੋਂ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ ,)**-ਬਾਬਾ ਸਿੱਧ ਚਾਨੋ ਬਲੀ ਦਾ ਸਾਲਾਨਾ ਸਮਾਗਮ ਪਿੰਡ ਸੁੰਨੜ ਕਲਾਂ ਦੀ ਸੁੱਖ ਸ਼ਾਂਤੀ 22 ਅਤੇ 23 ਜੂਨ ਨੂੰ ਕਰਵਾਇਆ ਜਾਵੇਗਾ। ਸਮਾਜ ਸੇਵਕ ਤੇ ਸਾਬਕਾ ਸਰਪੰਚ ਚੈਨ ਰਾਮ ਬਾਘਾ ਅਤੇ ਪੱਤਰਕਾਰ ਅਵਤਾਰ ਚੰਦ ਨੇ ਦੱਸਿਆ ਕਿ 22 ਜੂਨ ਨੂੰ ਭਗਤ ਦਿਲਦਾਰ ਐਂਡ ਪਾਰਟੀ ( ਦੁਸਾਂਝਾਂ ਵਾਲੇ) ਰਾਤ ਨੂੰ ਆਪਣਾ ਪ੍ਰੋਗਰਾਮ ਪੇਸ਼ ਕਰਨਗੇ।ਰਾਤ 9 ਵਜੇ ਨਕਲਾਂ ਕਰਵਾਈਆਂ ਜਾਣਗੀਆਂ, 12 ਵਜੇ ਸਾਂਗ, ਕੱਢਿਆ ਜਾਵੇਗਾ, 23 ਜੂਨ ਨੂੰ ਸਵੇਰੇ 8 ਵਜੇ ਤੋਂ 11 ਵਜੇ ਤੱਕ ਮੱਲ ਅਖਾੜਾ ਲਾਇਆ ਜਾਵੇਗਾ। ਚਾਹ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ ਅਤੇ ਲੰਗਰ ਅਤੁੱਟ ਵਰਤਿਆ ਜਾਵੇਗਾ।

# ਝੋਨੇ ਦੀ ਸਿੱਧੀ ਬਿਜਾਈ ਕਰਕੇ ਕਿਸਾਨਾਂ ਨੂੰ ਕੀਤਾ ਉਤਸ਼ਾਹਤ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਮਾਨਵ ਵਿਕਾਸ ਸੰਸਥਾਨ ਅਤੇ ਟੀ.ਐਨ.ਸੀ ਵੱਲੋਂ ਚਲਾਏ ਜਾ ਰਹੇ ਸਾਂਝੇ ਪ੍ਰੋਜੈਕਟ 'ਪ੍ਰਾਣਾ' ਦੇ ਤਹਿਤ ਬਲਾਕ ਨੂਰਮਹਿਲ ਦੇ ਪਿੰਡ ਪੰਡੋਰੀ ਜਗੀਰ ਵਿਖੇ ਕਿਸਾਨ ਵੀਰ ਜਸਪਾਲ ਸਿੰਘ ਦੀ 1 ਏਕੜ ਜਮੀਨ 'ਚ ਝੋਨੇ ਦੀ ਸਿੱਧੀ ਬਿਜਾਈ ਕਰਕੇ ਹਰ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਦਰਸ਼ਨੀ ਪਲਾਟ ਲਾਇਆ ਗਿਆ।ਜਮੀਨ ਦੀ ਡੂੰਘਾਈ, ਬੀਜ ਸੋਧ ਅਤੇ ਜਮੀਨ ਦੀ ਤਿਆਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਇੱਥੇ ਕੰਮ ਕਰ ਰਹੇ ਖੇਤੀਬਾੜੀ ਸੁਪਰਵਾਈਜ਼ਰ ਬਲਕਰਨ ਸਿੰਘ ਅਤੇ ਨਾਲ ਕਿਸਾਨ ਮਿੱਤਰ ਸੁਲਤਾਨ ਅਤੇ ਰਮਨਦੀਪ ਸਿੰਘ ਮੌਜੂਦ ਸਨ। ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦੀ ਬੱਚਤ ਤੇ ਲੇਬਰ ਦੀ ਬੱਚਤ ਬਾਰੇ ਵੀ ਦੱਸਿਆ ਗਿਆ।

ਇਸ ਤਰੀਕੇ ਝੋਨੇ ਦਾ ਝਾੜ ਵੀ ਚੰਗਾ ਮਿਲਦਾ ਹੈ। ਇਸ ਵਿਧੀ ਨਾਲ ਪਾਣੀ ਦੀ ਬੱਚਤ ਤਾਂ ਹੁੰਦੀ ਹੀ ਹੈ ਨਾਲ ਨਾਲ ਵਾਤਾਵਰਣ ਨੂੰ ਸਥਿਰ ਰੱਖਣ ਵਿੱਚ ਵੀ ਇਹ ਵਿਧੀ ਸਹਾਈ ਹੁੰਦੀ ਹੈ ਜਿਸ ਨਾਲ ਗਰਮੀ ਤੋਂ ਰਾਹਤ ਮਿਲਦੀ ਹੈ ਅਤੇ ਮੀਥੇਨ ਗੈਸ ਦਾ ਏਮਿਸ਼ਨ ਵੀ ਕਾਬੂ ਵਿੱਚ ਰਹਿੰਦਾ ਹੈ, ਭਾਵ ਉਸਨੂੰ ਵੀ ਘਟਾਉਣ ਵਿੱਚ ਇਹ ਵਿਧੀ ਸਹਾਈ ਹੁੰਦੀ ਹੈ।

# ਗੁਰਦੁਆਰਾ ਸ਼ਹੀਦ ਬਾਬਾ ਗੋਦੜੀਆ ਸਿੰਘ ਤਲਵੰਡੀ ਜੱਟਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ

**ਬੰਗਾ (ਅਵਤਾਰ ਕਲੇਰ)** ਗੁਰਦੁਆਰਾ ਸ਼ਹੀਦ ਬਾਬਾ ਗੋਦੜੀਆ ਸਿੰਘ ਤਲਵੰਡੀ ਜੱਟਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਅਤੇ ਕੀਰਤਨੀ ਜਥੇ ਮੀਰੀ ਪੀਰੀ ਖਾਲਸਾ ਜਗਾਧਰੀ ਵਾਲੀਆਂ ਬੀਬੀਆਂ ਦਾ ਜਥਾ,ਇੰਟਰਨੈਸ਼ਨਲ ਢਾਡੀ ਜਥਾ ਅੰਮ੍ਰਿਤਵੀਰ ਸਿੰਘ ਸ਼ੰਕਰ ਆਦਿ ਨੇ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਵਲੋਂ ਪ੍ਰਮੁੱਖ ਸ਼ਖਸ਼ੀਅਤਾਂ ਅਤੇ ਦਾਨੀ ਸੱਜਣਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ । ਸਟੇਜ ਸਕੱਤਰ ਰਘਵੀਰ ਸਿੰਘ ਬਿੱਲਾ ਵਲੋਂ ਸਾਰੀਆ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਾਰਿਆ ਦੀ ਚੜ੍ਹਦੀਕਲਾਂ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਤੋਂ ਆਈਆਂ ਸੰਗਤਾਂ ਵਲੋਂ ਨਿਸ਼ਕਾਮ ਸੇਵਾ ਕੋਲਡਰਿੰਕ, ਕੁਲਫੀਆ, ਗੋਲਗੱਪਿਆਂ ਆਦਿ ਦੇ



ਸਟਾਲ ਲਗਾਏ ਹੋਏ ਸਨ । ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਚਾਹਲ ਸਰਪੰਚ ਤਲਵੰਡੀ ਜੱਟਾਂ,ਮੀਤ ਪ੍ਰਧਾਨ ਸੂਬੇਦਾਰ ਭਗਤ ਸਿੰਘ ਫਗਵਾੜਾ ,ਕੈਪਟਨ ਸਰਦੂਲ ਸਿੰਘ ਫਗਵਾੜਾ, ਖਜਾਨਚੀ ਬੂਟਾ ਸਿੰਘ ਸਿੱਧੂ,ਰਘਵੀਰ ਸਿੰਘ ਬਿੱਲਾ ਸਟੇਜ ਸਕੱਤਰ,ਜਸਵਿੰਦਰ ਸਿੰਘ ਚਾਹਲ,ਜਨਰਲ ਸਕੱਤਰ ਲਖਵਿੰਦਰ ਸਿੰਘ ਸਿੱਧੂ,ਬਲਵੀਰ ਸਿੰਘ ਸਿੱਧੂ,ਅਮਰਜੀਤ ਸਿੰਘ ਕਲਸੀ,ਹਰਮੇਸ਼ ਕੌਂਸਲ, ਮਨਦੀਪ ਸਿੰਘ ਸਿੱਧੂ,ਜਗਜੀਤ ਸਿੰਘ ਚਾਹਲ, ਗੁਰਨੇਕ ਸਿੰਘ ਸਿੱਧੂ,ਬਲਦੇਵ ਸਿੰਘ ਮਕਸੂਦਪੁਰ, ਸੁਖਦੀਪ ਸਿੰਘ ਪੰਚ,ਰਣਜੀਤ ਸਿੰਘ ਰਾਜਾ,ਬਲਵੀਰ ਚੰਦ ਸਰਪੰਚ ਬਲਾਕੀਪੁਰ,ਸੁਰਿੰਦਰ ਸਿੰਘ ਚਾਹਲ, ਦਵਿੰਦਰ ਬਾਂਸਲ, ਗੁਰਿੰਦਰ ਸਿੰਘ ਸਿੱਧੂ, ਅਮਨਦੀਪ ਸਿੰਘ,ਰਾਜਾ ਫਗਵਾੜਾ,ਕੁਲਦੀਪ ਕਲਸੀ ਕੁਲਦੀਪ ਸਿੰਘ ਚਾਹਲ, ਹਰਦੀਪ ਕੁਮਾਰ ਪੰਚ ਆਦਿ ਸੰਗਤਾਂ ਹਾਜਰ ਸਨ।

18-June-PAGE-9.qxd 6/17/2024 9:05 PM Page 1



# ਤੂਫਾਨ 'ਚ ਫ਼ਸੇ ਪਰਵਾਰ ਲਈ ਪਿਤਾ ਹੀ ਦੀਵਾਰ ਬਣ ਕੇ ਖੜ੍ਹਦਾ : ਸੋਨੂ, ਕੁੱਕੂ, ਲਖਵਿੰਦਰ, ਹਰਵਿੰਦਰ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਭਾਰਤ ਵਿੱਚ ਫਾਦਰ-ਡੇ ਨੂੰ ਬੜੇ ਸਨਮਾਨ ਪੂਰਵਕ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਫਾਦਰ-ਡੇ ਇੱਕ ਅਜਿਹਾ ਦਿਨ ਹੈ ਜਦੋਂ ਅਸੀਂ ਸਾਰੇ ਆਪਣੇ ਪਿਤਾ ਪ੍ਰਤੀ ਸ਼ਰਧਾ ਭਾਵਨਾ ਪ੍ਰਗਟ ਕਰਦੇ ਹੋਏ ਉਨ੍ਹਾਂ ਦਾ ਸ਼ੁਕਰਾਨਾ ਪ੍ਰਗਟ ਕਰਦੇ ਹਾਂ ਕਿ ਉਨ੍ਹਾਂ ਨੇ ਸਾਨੂੰ ਦੁਨੀਆ ਦੇ ਹਰ ਉਤਾਰ ਚੜ੍ਹਾਅ ਤੋਂ ਬਚਾਇਆ ਹੈ ਅਤੇ ਹਰ ਮੁਸ਼ਕਿਲ ਘੜੀ ਵਿੱਚ ਸਾਡਾ ਸਾਥ ਦਿੰਦੇ ਹੋਏ ਸਾਡੀ ਹੌਸਲਾ ਅਫਸਾਈ ਕੀਤੀ ਹੈ। ਪਿਤਾ ਇੱਕ ਪਰਮੇਸ਼ਵਰ ਦਾ ਰੂਪ ਹੁੰਦਾ ਹੈ ਅਤੇ ਆਪਣੇ ਪਿਤਾ ਵੱਲੋਂ ਮਿਲੇ ਪ੍ਰੇਮ ਤੇ ਬਚਪਨ 'ਚ ਮਿਲੇ ਤੋਹਫਿਆਂ ਨੂੰ ਇਸ ਦਿਨ ਯਾਦ ਕਰਕੇ ਆਪਣੇ ਪਿਤਾ ਦਾ ਉਸੇ ਤਰ੍ਹਾਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਸ ਤਰ੍ਹਾਂ ਪ੍ਰਭੂ ਵੱਲੋਂ ਮਿਲੀਆਂ ਕੁਦਰਤ ਦੀਆਂ ਦਾਤਾਂ ਦਾ ਅਸੀਂ ਸ਼ੁਕਰਾਨਾ ਅਦਾ ਕਰਦੇ ਹਾਂ।ਅੱਜ ਫਾਦਰ-ਡੇ ਮੌਕੇ ਵੱਖ ਵੱਖ ਸ਼ਖ਼ਸੀਅਤਾਂ ਨਾਲ ਵਿਚਾਰ ਸਾਂਝੇ ਕਰਨ ਤੇ ਸਮਾਜ ਸੇਵੀ ਸੋਨੂ ਖੰਨਾ ਨੇ ਕਿਹਾ ਕਿ ਜਿਸ ਤਰ੍ਹਾਂ ਪਰਮ ਪਿਤਾ ਪਰਮੇਸ਼ਵਰ ਆਪਣੇ ਸੱਚੇ ਭਗਤ ਦੀ ਹਰ ਪੱਖੋਂ ਲਾਜ ਰੱਖਦਾ ਹੈ ਉਸੇ ਤਰ੍ਹਾਂ ਪ੍ਰਭੂ ਸਵਰੂਪ ਪਿਤਾ ਵੀ ਸੰਘਰਸ਼ ਦੇ ਹਰ ਤੂਫਾਨ 'ਚ ਫ਼ਸੇ ਆਪਣੇ ਪਰਵਾਰ ਲਈ ਇੱਕ ਦੀਵਾਰ ਬਣ ਕੇ ਖੜ੍ਹਦਾ ਹੈ ਅਤੇ ਹਰ ਪ੍ਰੇਸ਼ਾਨੀਆਂ ਤੋਂ ਬਚਾਉਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਤੋਂ ਗੁਰੇਜ਼ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਨਿਤ ਨਵੇਂ ਖਿਲੌਣੇ ਲਿਆ ਕੇ ਦੇਣਾ ਅਤੇ ਨੀਂਦ ਨਾ ਆਉਣ ਤੇ ਬੱਚੇ ਨੂੰ ਆਪਣੇ ਪੇਟ ਤੇ ਲਿਟਾ ਕੇ ਉਸ ਨੂੰ ਨੀਂਦ ਦੀ ਗੋਦ ਵਿੱਚ ਸੁਲਾ ਦੇਣ ਦਾ ਕੰਮ ਵੀ ਪਿਤਾ ਹੀ ਕਰਦਾ ਹੈ। ਸਮਾਜ ਸੇਵੀ ਅਤੇ ਕੌਂਸਲਰ ਹਰਿ ਕ੍ਰਿਸ਼ਨ ਸੈਨੀ ਨੇ ਕਿਹਾ ਕਿ ਪਿਤਾ ਦਾ ਅਮੀਰ ਜਾਂ ਗਰੀਬ ਹੋਣਾ ਕੋਈ ਮਾਅਨੇ ਨਹੀਂ ਰੱਖਦਾ, ਪਿਤਾ ਦਾ ਹੋਣਾ ਹੀ ਦੁਨੀਆ ਦੀ ਸਭ ਤੋਂ ਵੱਡੀ ਦੌਲਤ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਪਿਤਾ ਹੀ ਇੱਕ ਅਜਿਹਾ ਇਨਸਾਨ ਹੈ ਜੋ ਚਾਹੁੰਦਾ ਹੈ ਕਿ ਮੇਰੇ ਬੱਚੇ ਮੇਰੇ ਨਾਲੋਂ ਵੀ ਜ਼ਿਆਦਾ ਕਾਮਯਾਬ ਹੋਣ ਅਤੇ ਦੁਨੀਆਂ ਦੇ ਹਰ ਸੁੱਖ ਦਾ ਅਨੰਦ ਮਾਣ ਸਕਣ। ਸੰਦੀਪ ਫੂਡ ਐਂਡ ਵੈਡਿੰਗ ਪਲੈਨਰ ਦੇ ਐਮ.ਡੀ ਲਖਵਿੰਦਰ ਸਿੰਘ ਨੇ ਕਿਹਾ ਕਿ ਦੁਨੀਆ ਵਿੱਚ ਇੱਕ ਬਾਪ ਹੀ ਅਜਿਹਾ ਇਨਸਾਨ ਹੈ ਜੋ ਆਪਣੇ ਬੱਚੇ ਦੀ ਖੁਸ਼ੀ ਲਈ ਆਪਣੇ ਸਾਰੇ ਸੁੱਖ ਤਿਆਗ ਦਿੰਦਾ ਹੈ ਤਾਂ ਜੋ ਉਸ ਦੇ ਬੱਚੇ ਨੂੰ ਕਿਸੇ ਵੀ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਲੱਖਾਂ ਇਨਸਾਨ ਮਿਲ ਕੇ ਵੀ ਇੱਕ ਪਿਤਾ ਦੀ ਕਮੀ ਨੂੰ ਪੂਰਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਪਿਤਾ ਇੱਕ ਨਿਮ ਦੇ ਦਰੱਖਤ ਵਾਂਗ ਹੁੰਦਾ ਹੈ ਜਿਸ ਦੇ ਪੱਤੇ ਭਾਵੇਂ ਕੜਵੇ ਹੁੰਦੇ ਹਨ ਪਰ ਉਸ ਦੀ ਛਾਂ ਹਮੇਸ਼ਾ ਠੰਢੀ ਹੁੰਦੀ ਹੈ। ਸਮਾਜ ਸੇਵੀ ਹਰਵਿੰਦਰ ਪਾਲ ਸਿੰਘ ਸੋਨੂੰ ਜਹੂਰਾ ਨੇ ਕਿਹਾ ਕਿ ਪਰਮ ਪਿਤਾ ਪਰਮੇਸ਼ਵਰ ਵੱਲੋਂ ਬਖਸ਼ਿਆ ਗਿਆ ਬਾਪ ਦਾ ਸਾਇਆ ਹਮੇਸ਼ਾ ਸਾਡੇ ਸਿਰ 'ਤੇ ਰਹੇ ਨੂੰ ਮੁੱਖ ਰੱਖਦੇ ਹੋਏ ਵੱਧ ਤੋਂ ਵੱਧ ਬਾਪ ਨਾਲ ਸਮਾਂ ਗੁਜ਼ਾਰਨਾ ਚਾਹੀਦਾ ਹੈ।

# ਪੁਲਸ ਅਧਿਕਾਰੀਆਂ ਵੱਲੋਂ ਫ਼ੋਨ ਨਾ ਚੁੱਕਣ 'ਤੇ ਡੀ ਆਈ ਜੀ ਵੱਲੋਂ ਸਖ਼ਤ ਕਾਰਵਾਈ ਦੀ ਹਦਾਇਤ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ)- ਸ਼ਹਿਰ 'ਚ ਤਾਇਨਾਤ ਕੁਝ ਪੁਲਸ ਅਧਿਕਾਰੀਆਂ ਵਲੋਂ ਲੋਕਾਂ ਤੇ ਪ੍ਰਮੁੱਖ ਸ਼ਹਿਰੀਆਂ ਦੇ ਫ਼ੋਨ ਨਾ ਚੁੱਕਣ ਤੇ ਲੰਬਾ ਸਮਾਂ ਤੱਕ ਲੋਕਾਂ ਨੂੰ ਇਨਸਾਫ਼ ਨਾ ਮਿਲਣ ਦੇ ਮਾਮਲੇ 'ਚ ਜਲੰਧਰ ਰੇਂਜ ਦੇ ਡੀ.ਆਈ.ਜੀ. ਹਰਮਨਵੀਰ ਸਿੰਘ ਗਿੱਲ ਨੇ ਇਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਹੈ।ਐਤਵਾਰ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੇ ਆਪਣੇ ਦੁੱਖੜੇ ਰੋਂਦੇ ਹੋਏ ਕਿਹਾ ਕਿ ਸ਼ਹਿਰ 'ਚ ਵਾਪਰਦੀਆਂ ਕਈ ਘਟਨਾਵਾਂ ਜਾਂ ਹੋਰ ਜਾਣਕਾਰੀਆਂ ਲੈਣ ਲਈ ਜਦੋਂ ਵੀ ਕੁਝ ਤਾਇਨਾਤ ਅਧਿਕਾਰੀਆਂ ਨੂੰ ਫ਼ੋਨ ਕੀਤਾ ਜਾਂਦਾ ਹੈ ਤਾਂ ਉਕਤ ਐਸ.ਐਚ.ਓ ਫ਼ੋਨ ਨਹੀਂ ਚੁੱਕਦੇ।ਇਥੋਂ ਤੱਕ ਕਿ ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਵੀ ਫ਼ੋਨ ਨਹੀਂ ਚੁੱਕਦੇ ਤੇ ਆਮ ਲੋਕਾਂ ਦਾ ਤਾਂ ਫ਼ੋਨ ਚੁੱਕਣਾ ਦੂਰ ਦੀ ਗੱਲ ਹੈ। ਜਿਸ ਸਬੰਧ 'ਚ ਗਿੱਲ ਨੇ ਸਥਾਨਕ ਕੁਝ ਅਧਿਕਾਰੀਆਂ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਕੇ ਤੁਰੰਤ ਰਿਪੋਰਟ ਭੇਜਣ ਤੇ ਕਾਰਵਾਈ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਪੁਲਸ ਹਮੇਸ਼ਾ ਲੋਕਾਂ ਦੀ ਸੇਵਾ ਲਈ ਤੱਤਪਰ ਰਹਿਣੀ ਚਾਹੀਦੀ ਹੈ। ਪੁਲਸ 'ਤੇ ਹੀ ਲੋਕਾਂ ਨੂੰ ਇਨਸਾਫ਼ ਦੀ ਉਮੀਦ ਹੁੰਦੀ ਹੈ ਤੇ ਜੇਕਰ ਫ਼ਿਰ ਵੀ ਪੁਲਸ ਅਧਿਕਾਰੀ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਥਾਣਿਆਂ 'ਚ ਪੈਂਡਿੰਗ ਪਈਆਂ ਦਰਖ਼ਾਸਤਾਂ 'ਤੇ ਵੀ ਖਾਸ ਨਜ਼ਰ ਰੱਖਣਗੇ ਕਿ ਲੋਕਾਂ ਨੂੰ ਇਨਸਾਫ਼ ਦੇਣ 'ਚ ਕਿਉਂ ਦੇਰੀ ਹੋ ਰਹੀ ਹੈ।

# 4161 ਮਾਸਟਰ ਕੇਡਰ ਯੂਨੀਅਨ ਨੇ 9 ਮਈ ਦੀ ਤਨਖ਼ਾਹ ਤੇ ਬਦਲੀਆਂ ਲਈ ਸਪੈਸ਼ਲ ਮੌਕਾ ਦੇਣ ਦੀ ਕੀਤੀ ਮੰਗ

ਜਲੰਧਰ (ਰਾਜੇਸ਼ ਥਾਪਾ)

4161 ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆਂ ਅਤੇ ਮੀਤ ਪ੍ਰਧਾਨ ਬੀਰਇੰਦਰ ਸਿੰਘ ਨੇ ਸਿੱਖਿਆ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ 4161 ਮਾਸਟਰ ਕੇਡਰ ਜਿਸ ਦੀ ਜੁਆਈਨਿੰਗ ਨੂੰ ਤਕਰੀਬਨ ਇੱਕ ਸਾਲ ਹੋ ਗਿਆ ਹੈ, ਪਰ ਪੂਰਾ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਸਿੱਖਿਆ ਵਿਭਾਗ 4161 ਮਾਸਟਰ ਕੇਡਰ ਦੇ ਅਧਿਆਪਕ ਸਾਥੀਆਂ ਦੀ 9 ਮਈ 2023 ਤੋਂ ਸਕੂਲ ਜੁਆਇਨ ਕਰਨ ਤੱਕ ਦੇ ਕਾਰਜਕਾਲ ਦੀ ਬਣਦੀ ਤਨਖ਼ਾਹ ਨਹੀਂ ਜਾਰੀ ਕਰ ਪਾਇਆ।ਅੱਜ ਵੀ 4161 ਮਾਸਟਰ ਕੇਡਰ ਦੇ ਅਧਿਆਪਕ ਸਿੱਖਿਆ ਵਿਭਾਗ ਦੀਆਂ ਰਾਹਾਂ ਤੱਕ ਰਹੇ ਹਨ ਅਤੇ 9 ਮਈ 2023 ਤੋਂ ਬਣਦੀ ਤਨਖ਼ਾਹ ਨੂੰ ਉਡੀਕ ਰਹੇ ਹਨ ।ਗੁਰਮੇਲ ਸਿੰਘ ਕੁਲਰੀਆਂ ਨੇ ਇਹ ਵੀ ਦੱਸਿਆ ਕਿ 4161 ਮਾਸਟਰ ਕੇਡਰ ਬਹੁਤ ਸਾਰੇ ਅਧਿਆਪਕ ਸਾਥੀ ਜੋਇਨ ਕਰਨ ਤੋਂ ਪਹਿਲਾ ਕਰ ਰਹੇ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਏ ਸਨ, ਕਿਉਂਕਿ ਸਿੱਖਿਆ ਵਿਭਾਗ ਨੇ ਜੁਆਇਨ ਕਰਵਾਉਣ ਤੋਂ ਪਹਿਲਾ ਅਧਿਆਪਕ ਸਾਥੀਆਂ ਤੋਂ ਕਿਸੇ ਹੋਰ ਵਿਭਾਗ, ਜਿੱਥੇ ਉਹ ਨੌਕਰੀ ਕਰ ਰਹੇ ਸੀ, ਤੋਂ ਅਸਤੀਫ਼ਾ ਮੰਗਿਆ ਸੀ ਅਤੇ ਨਾਲ ਹੀ ਕਿਹਾ ਸੀ ਕਿ ਤੁਹਾਡੀ ਤਨਖ਼ਾਹ 9 ਮਈ 2023 ਤੋਂ ਹੀ ਸ਼ੁਰੂ ਹੋ ਗਈ ਹੈ।ਪਰ ਅਫ਼ਸੋਸ 4161 ਮਾਸਟਰ ਕੇਡਰ ਯੂਨੀਅਨ ਦੇ ਆਗੂਆਂ ਦੁਆਰਾ ਵਾਰ ਵਾਰ ਸਿੱਖਿਆ ਵਿਭਾਗ ਅਤੇ ਸਿੱਖਿਆ ਮੰਤਰੀ ਨਾਲ ਕੀਤੀਆਂ



ਮੀਟਿੰਗ ਅੱਜ ਤੱਕ ਬੇਸਿੱਟਾ ਰਹੀਆਂ ਅਤੇ ਸਿੱਖਿਆ ਮੰਤਰੀ ਅਤੇ ਵਿੱਤ ਵਿਭਾਗ 9 ਮਈ ਦੀ ਤਨਖ਼ਾਹ ਦੇਣ ਲਈ ਕੀਤੇ ਵਾਅਦੇ ਸਿਰਫ ਲਾਰੇ ਹੀ ਨਿਕਲੇ। 4161 ਯੂਨੀਅਨ ਦੇ ਆਗੂਆਂ ਨੇ ਨਾਲ ਹੀ ਕਿਹਾ ਕਿ 4161 ਮਾਸਟਰ ਕੇਡਰ ਨੂੰ ਜਦੋਂ ਜਨਵਰੀ 2023 ਵਿਚ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੁਆਰਾ ਨਿਯੁਕਤੀ ਪੱਤਰ ਦਿੱਤੇ ਗਏ ਸਨ ਓਹਨਾ ਨੇ ਕਿਹਾ ਸੀ ਕਿ ਮਾਸਟਰ ਕੇਡਰ ਦੇ ਅਧਿਆਪਕ ਸਾਥੀਆਂ ਨੂੰ ਘਰਾਂ ਤੋਂ ਤਕਰੀਬਨ 200 ਤੋਂ 300 ਕਿਲੋਮੀਟਰ ਦੂਰ ਸਟੇਸ਼ਨ ਦਿੱਤੇ ਗਏ।ਨਾਲ ਹੀ ਯੂਨੀਅਨ ਦੇ ਆਗੂਆਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮੰਗ ਕੀਤੀ ਹੈ ਕਿ 4161 ਮਾਸਟਰ ਕੇਡਰ ਨੂੰ ਵੀ ਹੋ ਰਹੀਆਂ ਬਦਲੀਆਂ ਵਿੱਚ ਸਪੈਸ਼ਲ ਮੌਕਾ ਦਿੱਤਾ ਜਾਵੇ ਤਾਂ ਜੋ 4161 ਮਾਸਟਰ ਕੇਡਰ ਦੇ ਅਧਿਆਪਕ ਵੀ ਅਪਣੇ ਘਰਾਂ ਦੇ ਨੇੜੇ ਆ ਸਕਣ।ਮਾਸਟਰ ਕੇਡਰ ਯੂਨੀਅਨ ਦੇ ਆਗੂਆਂ ਨੇ ਸਿੱਖਿਆ ਮੰਤਰੀ ਨੂੰ ਅਪੀਲ ਕਰਦੇ ਕਿਹਾ ਹੈ ਕਿ 4161 ਮਾਸਟਰ ਕੇਡਰ ਦੀ 9 ਮਈ 2023 ਤੋਂ ਬਣਦੀ ਤਨਖ਼ਾਹ ਕੇਡਰ ਨੂੰ ਜਾਰੀ ਕੀਤੀ ਜਾਵੇ ਅਤੇ ਬਦਲੀਆਂ ਲਈ ਵੀ ਸਪੈਸ਼ਲ ਮੌਕਾ ਦਿੱਤਾ ਜਾਵੇ।ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ 4161 ਕੇਡਰ ਨੂੰ 9 ਮਈ ਦੀ ਤਨਖ਼ਾਹ ਅਤੇ ਬਦਲੀਆਂ ਦਾ ਮੌਕਾ ਦੇਣ ਲਈ ਸਿੱਖਿਆ ਵਿਭਾਗ ਵੱਲੋਂ ਕੋਈ ਨੋਟੀਫਿਕੇਸ਼ਨ ਨਹੀਂ ਜਾਰੀ ਹੁੰਦਾ ਤਾਂ ਆਉਣ ਵਾਲੇ ਦਿਨਾਂ ਵਿਚ 4161 ਮਾਸਟਰ ਕੇਡਰ ਨੂੰ ਮਜਬੂਰਨ ਸੰਘਰਸ਼ ਦਾ ਰੁਖ ਕਰਨਾ ਪਵੇਗਾ। ਇਸ ਸਮੇ ਯੂਨੀਅਨ ਦੇ ਆਗੂ ਭਾਰਤ ਭੂਸ਼ਨ, ਹਰਜਿੰਦਰ ਕੌਰ, ਮਨਜੀਤ ਸਿੰਘ, ਸਨੀਰਾਣਾ, ਰੋਹਿਤ, ਬਲਵਿੰਦਰ, ਭੁਪਿੰਦਰ, ਗੁਰਪ੍ਰੀਤ ਕੌਰ, ਮਨਿੰਦਰ ਕੌਰ, ਹਰਦੀਪ ਕੌਰ , ਸਿਮਰਨ ਕੌਰ, ਰਵਿੰਦਰ , ਤਰਸੇਮ, ਮਾਨ, ਸੁਖਜੀਤ, ਅਮਰਿੰਦਰ ਸਿੱਧੂ, ਹਰਪ੍ਰੀਤ, ਮਨਜਿੰਦਰ, ਬਲਰਾਮ, ਸੁੱਖੀ, ਜੌਂਟੀ, ਰੋਹਿਤ ਬਾਂਸਲ, ਜਤਿੰਦਰ ਪਟਿਆਲਾ, ਟਿੰਕੂ ਬੁਢਲਾਡਾ ਅਤੇ ਹੋਰ ਆਗੂ ਸ਼ਾਮਲ ਸਨ।

# ਨਾਜਾਇਜ਼ ਖਣਨ ਖ਼ਿਲਾਫ਼ ਬੋਲਣ ਵਾਲੇ 'ਤੇ ਪੁਲਸ ਨੇ ਕੀਤਾ ਮਾਮਲਾ ਦਰਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਤਲਵਾੜਾ ਖ਼ੇਤਰ 'ਚ ਚੱਲਦੇ ਕਥਿਤ ਖਣਨ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਅਤੇ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਕਾਰਜ਼ਕਾਰੀ ਸਕੱਤਰ ਮਨੋਜ ਕੁਮਾਰ ਖਿਲਾਫ਼ ਹਾਜੀਪੁਰ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਸੰਘਰਸ਼ ਕਮੇਟੀ ਨੇ ਪੁਲਸ ਕਾਰਵਾਈ ਨੂੰ ਫਰਜ਼ੀ ਦਸਿਆ ਹੈ।ਟਿੱਪਰ ਚਾਲਕ ਵੱਲੋਂ ਹਾਜੀਪੁਰ ਪੁਲਸ ਕੋਲ਼ ਕੀਤੀ ਸ਼ਿਕਾਇਤ ਮੁਤਾਬਕ ਉਹ ਤਲਵਾੜੇ ਤੋਂ ਬਜਰੀ ਲੈ ਕੇ ਮੁਕੇਰੀਆਂ ਵੱਲ ਜਾ ਰਿਹਾ ਸੀ।ਜਿਉਂ ਹੀ ਉਹ ਹਾਜੀਪੁਰ ਟੀ ਪੁਆਇੰਟ ਕੋਲ਼ ਪਹੁੰਚਿਆ।ਪਿੱਛੋਂ ਆਏ ਮਨੋਜ ਕੁਮਾਰ ਨੇ ਆਪਣੀ ਗੱਡੀ ਟਿੱਪਰ ਮੂਹਰੇ ਲਗਾ ਦਿੱਤੀ।ਮਨੋਜ ਨਾਲ ਗੱਡੀ 'ਚੋਂ ਚਾਰ ਪੰਜ ਸਾਥੀ ਹੇਠਾਂ ਉਤਰੇ।ਪਹਿਲਾਂ ਤਾਂ ਉਨ੍ਹਾਂ ਉਸ ਨਾਲ ਗਾਲੀ ਗਲੋਚ ਕੀਤਾ, ਫਿਰ ਮਾਰਕੁੱਟ ਕੀਤੀ।ਉਪਰੰਤ ਟਿੱਪਰ ਦਾ ਫਰੰਟ ਸ਼ੀਸ਼ਾ ਪੱਥਰ ਮਾਰ ਕੇ ਤੋੜ ਦਿੱਤਾ। ਉਨ੍ਹਾਂ ਕਿਹਾ ਕਿ ਤੂੰ ਸਾਡੇ ਇਲਾਕੇ ਵਿੱਚੋਂ ਰੇਤਾ ਬਜਰੀ ਲੈ ਕੇ ਆਉਂਦਾ ਹੈ।ਉਨ੍ਹਾਂ ਵੱਲੋਂ ਕੀਤੀ ਹੁਲੜਬਾਜੀ ਕਾਰਨ ਸੜਕ 'ਤੇ ਟਰੈਫਿਕ ਜਾਮ ਲਗ ਗਿਆ।ਹਾਜੀਪੁਰ ਪੁਲਸ ਨੇ ਟਿੱਪਰ ਚਾਲਕ ਦੀ ਸ਼ਿਕਾਇਤ 'ਤੇ ਮਨੋਜ ਕੁਮਾਰ ਅਤੇ 4/5 ਅਣਪਛਾਤੇ ਵਿਕਅਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਨੇ ਹਾਜੀਪੁਰ ਪੁਲਸ ਦੀ ਇੱਕਤਰਫ਼ਾ ਕਾਰਵਾਈ ਨੂੰ ਝੂਠਾ, ਫਰਜ਼ੀ ਅਤੇ ਖਣਨ ਮਾਫੀਆ ਦੇ ਦਬਾਅ ਹੇਠ ਕੀਤੀ ਕਾਰਵਾਈ ਦੱਸਿਆ ਹੈ। ਸੰਘਰਸ਼ ਕਮੇਟੀ ਦੇ ਕਾਰਜ਼ਕਾਰੀ ਸਕੱਤਰ ਮਨੋਜ ਕੁਮਾਰ ਨੇ ਦੱਸਿਆ ਕਿ ਉਹ ਲੰਘੇ ਵੀਰਵਾਰ ਨੂੰ ਆਪਣੇ ਪਰਵਾਰ ਨਾਲ ਇੱਕ ਧਾਰਮਿਕ ਸਥਾਨ 'ਤੇ ਜਾ ਰਿਹਾ ਸੀ, ਤਾਂ ਰਸਤੇ 'ਚ ਹਾਜੀਪੁਰ ਤੋਂ ਪਿੱਛੇ ਇੱਕ ਬਜਰੀ ਨਾਲ ਲੱਦਿਆ ਓਵਰਲੋਡ ਟਿੱਪਰ, ਜੋ ਤ੍ਰਿਪਾਲ ਨਾਲ ਢੱਕਿਆ ਨਹੀਂ ਸੀ, ਦੇ ਪਿੱਛਿਓਂ ਕਿਰਦੀ ਹੋਈ ਬਜਰੀ ਕਾਰ ਦੇ ਸ਼ੀਸ਼ੇ ਵਿੱਚ ਵੱਜ ਰਹੀ ਸੀ, ਉਸ ਨੇ ਹਾਜੀਪੁਰ ਦਾ ਬਜ਼ਾਰ ਲੰਘਣ ਉਪਰੰਤ ਟੀ ਪੁਆਇੰਟ ਕੋਲ਼ ਪੁਲਸ ਨਾਕੇ 'ਤੇ ਤੈਨਾਤ ਮਹਿਲਾ ਮੁਲਾਜ਼ਮ ਦੀ ਮੌਜੂਦਗੀ ਵਿੱਚ ਟਿੱਪਰ ਨੂੰ ਰੋਕਿਆ ਅਤੇ ਚਾਲਕ ਨੂੰ ਤ੍ਰਿਪਾਲ ਪਾਉਣ ਲਈ ਕਿਹਾ ਸੀ। ਉਧਰ ਸੰਘਰਸ਼ ਕਮੇਟੀ ਦੇ ਸਰਗਰਮ ਆਗੂ ਬੋਧਰਾਜ ਤਲਵਾੜਾ, ਪ੍ਰੋ ਹਰਸ਼ ਮਹਿਤਾ, ਅਵਤਾਰ ਕ੍ਰਿਸ਼ਨ, ਕੈਪਟਨ ਰਾਜੇਸ਼ ਹਰੜਬਾੜਾ, ਕੈਪਟਨ ਜੋਗਿੰਦਰ ਸਿੰਘ, ਬਲਾਕ ਸਮੰਤੀ ਮੈਂਬਰ ਨਰੇਸ਼ ਕੁਮਾਰ ਨੀਤੂ, ਪੰਚਾਇਤ ਯੂਨੀਅਨ ਤਲਵਾੜਾ ਦੇ ਪ੍ਰਧਾਨ ਨਵਲ ਕਿਸ਼ੋਰ ਮਹਿਤਾ, ਯਾਦਵਿੰਦਰ ਮਿਨਹਾਸ, ਧਰਮਿੰਦਰ ਸਿੰਘ, ਨੀਰਜ ਸ਼ਰਮਾ, ਕਿਰਨ ਡੋਗਰਾ, ਰਾਜ ਕੁਮਾਰੀ, ਐਡਵੋਕੇਟ ਨਰੇਸ਼ ਕੁਮਾਰ ਨੇ ਪੁਲਸ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਉਨ੍ਹਾਂ ਹਾਜੀਪੁਰ ਪੁਲਸ 'ਤੇ ਖਣਨ ਮਾਫੀਆ ਦੇ ਦਬਾਅ ਹੇਠ ਗਲਤ ਕਹਾਣੀ ਬਣਾ ਮਨੋਜ ਕੁਮਾਰ ਦੇ ਉੱਪਰ ਝੂਠਾ ਅਤੇ ਫਰਜ਼ੀ ਮਾਮਲਾ ਦਰਜ ਕਰਨ ਦੇ ਦੋਸ਼ ਲਗਾਏ ਹਨ। ਆਗੂਆਂ ਨੇ ਕਿਹਾ ਕਿ ਪੁਲੀਸ ਦੀ ਉਕਤ ਕਾਰਵਾਈ ਲੋਕਾਂ ਦੇ ਸੰਘਰਸ਼ ਨੂੰ ਖੁੰਢਾ ਨਹੀਂ ਸਗੋਂ ਹੋਰ ਤਿੱਖਾ ਕਰੇਗੀ।

# ਸਾਬਕਾ ਡਾਇਰੈਕਟਰ ਬੁੱਧ ਸਿੰਘ ਨੂੰ ਸ਼ਰਧਾਂਜਲੀਆਂ



ਆਦਮਪੁਰ (ਪਰਮਜੀਤ ਸਿੰਘ)

ਹਲਕਾ ਆਦਮਪੁਰ ਦੇ ਨਜ਼ਦੀਕੀ ਪਿੰਡ ਧੀਰੋਵਾਲ ਦੇ ਬੁੱਧ ਸਿੰਘ ਸਾਬਕਾ ਡਾਇਰੈਕਟਰ ਕੋਆਪਰੇਟਿਵ ਜਲੰਧਰ ਜੋ ਬੀਤੇ ਦਿਨੀਂ 6 ਜੂਨ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ, ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਉਨ੍ਹਾ ਦੇ ਗ੍ਰਹਿ ਸਥਾਨ ਧੀਰੋਵਾਲ 'ਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ ਉਪਰੰਤ ਹੋਏ ਸ਼ਰਧਾਂਜਲੀ ਸਮਾਰੋਹ ਦੌਰਾਨ ਦਲਵੀਰ ਸਿੰਘ ਧੀਰੋਵਾਲ, ਪ੍ਰਧਾਨ ਕੁਲਵੰਤ ਸਿੰਘ ਧੀਰੋਵਾਲ, ਹਰਵਿੰਦਰ ਸਿੰਘ ਢੰਢੋਰੀ, ਹਰਜੋਤ ਸਿੰਘ, ਮਨਜੋਤ ਸਿੰਘ, ਮਨਜੀਤ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਸੁਰਿੰਦਰ ਕੌਰ, ਜਸਵੀਰ ਕੌਰ ਯੂ .ਐਸ. ਏ, ਡਾ. ਅਮਨਦੀਪ ਹੀਰਾ, ਰਮਨਦੀਪ ਕੌਰ, ਮਲਕੀਤ ਸਿੰਘ ਦੌਲਤਪੁਰ, ਹਰਨਾਮ ਸਿੰਘ ਅਲਾਵਲਪੁਰ, ਗੁਰਦਿਆਲ ਸਿੰਘ ਨਿੱਝਰ, ਮਹਿੰਦਰ ਸਿੰਘ ਕੇ ਪੀ, ਜਸਪ੍ਰੀਤ ਸਿੰਘ, ਧਰਮਪਾਲ ਲੇਸੜੀਵਾਲ, ਅਮਰਜੀਤ ਸਿੰਘ ਅਰਜਨਵਾਲ, ਕੁਲਵਿੰਦਰ ਸਿੰਘ ਟੋਨੀ, ਦਲਜੀਤ ਸਿੰਘ ਭੱਟੀ, ਪਰਮਿੰਦਰ ਸਿੰਘ ਸੋਢੀ, ਦਲਵੀਰ ਸੰਘ ਖੋਜਕੀਪੁਰ, ਡਾ.ਅਮਰਜੀਤ ਸਿੰਘ ਦੁੱਗਲ, ਖੜਕ ਸਿੰਘ, ਰਾਜ ਕੁਮਾਰ ਪਾਲ, ਦਲਵੀਰ ਸਿੰਘ ਅਲਾਵਲਪੁਰ, ਤੀਰਥ ਰਾਮ, ਦਲਜੀਤ ਸਿੰਘ ਮਹਿਮਦਪੁਰ, ਪ੍ਰਸ਼ੋਤਮ ਸਿੰਘ ਮਾਣਕੋ, ਹਰਜਿੰਦਰ ਸਿੰਘ ਢਿੱਲੋਂ ਮਾਣਕੋ, ਬਲਦੇਵ ਸਿੰਘ ਪੰਡੋਰੀ ਨਿੱਝਰਾਂ, ਤਰਲੋਚਨ ਸਿੰਘ ਚੋਮੋ ਆਦਿ ਹਾਜ਼ਰ ਸਨ। ਸਟੇਜ ਦੀ ਸੇਵਾ ਕਰਦਿਆਂ ਰਾਣਾ ਕਰਨੈਲ ਸਿੰਘ ਨੇ ਦੱਸਿਆ ਕਿ ਸਵ. ਬੁੱਧ ਸਿੰਘ ਦੋ ਵਾਰ ਕੋਆਪਰੇਟਿਵ ਸੋਸਾਇਟੀ ਜਲੰਧਰ ਦੇ ਡਾਇਰੈਕਟਰ ਤੇ ਇੱਕ ਵਾਰ ਚੇਅਰਮੈਨ ਰਹੇ ਅਤੇ ਆਪਣੀ ਸਾਰੀ ਜ਼ਿੰਦਗੀ ਲੋਕ ਭਲਾਈ ਦੇ ਕੰਮ 'ਚ ਵੱਡਾ ਯੋਗਦਾਨ ਪਾਇਆ।

# ਨੌਰਾ ਵਿਖੇ ਫ੍ਰੀ ਮੈਡੀਕਲ ਚੈੱਕਅੱਪ ਕੈਂਪ

ਬੰਗਾ (ਅਵਤਾਰ ਕਲੇਰ)

ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਜੀ ਪਿੰਡ ਨੌਰਾ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਵੱਡੀ ਸੰਗਰਾਂਦ ਦੇ ਗੁਰਮਤਿ ਸਮਾਗਮ ਮੌਕੇ ਐਨ ਆਰ ਆਈ ਲੰਬੜਦਾਰ ਮਸਤਾਨ ਸਿੰਘ ਪੁੱਤਰ ਸਾਧੂ ਸਿੰਘ ਅਤੇ ਭਗਤ ਸਿੰਘ, ਸਮੂਹ ਸਾਧ ਸੰਗਤ ਵਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਦਲਜੀਤ ਸਿੰਘ ਖੱਖ ਡੀ ਐਸ ਪੀ ਬੰਗਾ ਨੇ ਕੀਤਾ ।ਉਨ੍ਹਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਮਾਨਵਤਾ ਦੀ ਸੇਵਾ ਲਈ ਐਨ ਆਰ ਆਈ ਲੰਬੜਦਾਰ ਮਸਤਾਨ ਸਿੰਘ ਅਤੇ ਭਗਤ ਸਿੰਘ ਸਮੂਹ ਪਰਵਾਰ ਵਲੋਂ ਦੂਜਾ ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾਉਣ ਦੇ ਕਾਰਜ ਦੀ ਸ਼ਲਾਘਾ ਕੀਤੀ । ਮਸਤਾਨ ਸਿੰਘ ਐਨ ਆਰ ਆਈ ਲੰਬੜਦਾਰ ਨੇ ਕੈਂਪ ਦੀ ਸਫਲਤਾ ਲਈ ਸਮੂਹ ਸੰਗਤਾਂ ਅਤੇ ਹਸਪਤਾਲ ਢਾਹਾਂ ਕਲੇਰਾਂ ਦੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ।ਉਨ੍ਹਾਂ ਇਲਾਕਾ ਨਿਵਾਸੀਆਂ ਲਈ ਭਵਿੱਖ ਵਿੱਚ ਹੋਰ ਵੀ ਵੱਡੇ ਮੈਡੀਕਲ ਕੈਂਪ ਲਗਾਉਣ ਦੇ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਕੈਂਪ ਵਿਚ ਡਾ. ਸੁਰੇਸ਼ ਕੁਮਾਰ ਬਸਰਾ ਦੀ ਅਗਵਾਈ ਵਿੱਚ ਮਾਹਿਰ ਡਾਕਟਰ ਸਾਹਿਬਾਨ ਵੱਲੋਂ 170 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਫ੍ਰੀ ਦਵਾਈਆਂ ਪ੍ਰਦਾਨ ਕੀਤੀਆਂ । ਇਸ ਮੌਕੇ ਮਰੀਜਾਂ ਦਾ ਸ਼ੂਗਰ ਟੈਸਟ, ਐਲ ਐਫ ਟੀ, ਆਰ ਐਫ ਟੀ ਤੋਂ



ਇਲਾਵਾ ਹੋਰ ਕਈ ਜ਼ਰੂਰੀ ਲੈਬ ਟੈਸਟ ਵੀ ਫ੍ਰੀ ਕੀਤੇ ਗਏ । ਇਸ ਕੈਂਪ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਮਸਤਾਨ ਸਿੰਘ ਐਨ ਆਰ ਆਈ ਲੰਬੜਦਾਰ ਅਤੇ ਪ੍ਰਧਾਨ ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਜੀ ਪਿੰਡ ਨੌਰਾ, ਮਲਕੀਤ ਸਿੰਘ, ਨਿਰਮਲਜੀਤ ਸਿੰਘ ਸੋਨੂੰ ਝਿੱਕਾ, ਜਸਪ੍ਰੀਤ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ, ਅਜੀਤ ਸਿੰਘ, ਸਤਵਿੰਦਰ ਸਿੰਘ, ਸੋਹਨ ਸਿੰਘ, ਸੋਹਨ ਲਾਲ, ਅਵਤਾਰ ਸਿੰਘ, ਡਾ. ਨਵਦੀਪ ਕੌਰ ਮੈਡੀਕਲ ਅਫਸਰ, ਡਾਈਟੀਸ਼ੀਅਨ ਰੌਣਿਕਾ ਕਾਹਲੋਂ, ਸੁਰਜੀਤ ਸਿੰਘ ਜਗਤਪੁਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਰੱਤੂ ਜਠੇਰੇ ਝੰਡੇਰਾਂ ਵਿਖੇ ਸਾਲਾਨਾ ਮੇਲਾ ਮਨਾਇਆ



ਬੰਗਾ (ਅਵਤਾਰ ਕਲੇਰ)

ਬਾਬਾ ਸਿਲਬਰਾਹ, ਬਾਬਾ ਜਾਹਰ ਪੀਰ, ਬਾਬਾ ਡੋਗਰ ਪੀਰ ਰੱਤੂ ਜਠੇਰਿਆਂ ਦੇ ਅਸਥਾਨ ਝੰਡੇਰਾਂ ਵਿਖੇ ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਅਤੇ ਸਮੂਹ ਰੱਤੂ ਪਰਵਾਰ ਵਲੋਂ ਸਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦੇਸ਼-ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ 'ਚ ਰੱਤੂ ਪਰਵਾਰ ਨਤਮਸਤਕ ਹੋਣ ਲਈ ਪਹੁੰਚੇ। ਰਾਗੀ ਢਾਡੀ ਅਤੇ ਵੱਖ ਵੱਖ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ।ਚਾਹ ਪਕੌੜਿਆਂ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਧਾਨ ਮੇਜਰ ਰਾਮ, ਇਰਵਨ ਰੱਤੂ ਅਤੇ ਪ੍ਰਬੰਧਕਾਂ ਵਲੋਂ ਪਹੁੰਚੀਆਂ ਹੋਈਆਂ ਸ਼ਖ਼ਸੀਅਤ, ਦਾਨੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋਮਿਲਾ ਦੇਵੀ ਸਰਪੰਚ ਪ੍ਰਧਾਨ ਮੇਜਰ ਰਾਮ, ਮਾਸਟਰ ਰਾਮ ਪ੍ਰਕਾਸ਼, ਇਰਵਨ ਰੱਤੂ ਸਾਬਕਾ ਸੰਮਤੀ ਮੈਂਬਰ, ਡਾ. ਸੁਰਿੰਦਰ ਰਾਮ, ਮਦਨ ਰੰਧਾਵਾ, ਰਾਮ ਲਾਲ ਰੱਤੂ, ਰਜਿੰਦਰ ਸਿੰਘ ਤਲਵਣ, ਸੰਦੀਪ ਕੁਮਾਰ, ਗਿਆਨ ਚੰਦ, ਕੁਲਦੀਪ ਰਾਮ, ਅਵਤਾਰ ਰਾਮ, ਅਜਮੇਰ ਸਿੰਘ, ਮਹਿੰਦਰ ਰਾਮ, ਅਜੀਤ ਸਿੰਘ, ਸੱਤਪਾਲ ਵਿਰਕ, ਹਰਪਾਲ ਸਿੰਘ, ਆਦਿ ਹਾਜ਼ਰ ਸਨ।

# ਸੀ ਐੱਮ ਦੀ ਯੋਗਸ਼ਾਲਾ : ਪੂਰੇ ਜ਼ਿਲ੍ਹੇ 'ਚ ਚੱਲ ਰਹੀਆਂ 368 ਯੋਗ ਕਲਾਸਾਂ : ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ,(ਓਮ ਪ੍ਰਕਾਸ਼ ਰਾਣਾ)

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਬਿਹਤਰੀਨ ਪ੍ਰੋਗਰਾਮ ਸੀ.ਐਮ ਦੀ ਯੋਗਸ਼ਾਲਾ ਦਾ ਲੋਕ ਵੱਧ ਤੋਂ ਵੱਧ ਲਾਭ ਉਠਾ ਕੇ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਣਾਉਣ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਸੂਬੇ ਦੇ ਨਾਗਰਿਕਾਂ ਨੂੰ ਮੁਫ਼ਤ ਯੋਗ ਸਿੱਖਿਆ ਦੇਣ ਦੀ ਇਕ ਪਹਿਲ ਹੈ। ਇਸ ਯੋਜਨਾ ਤਹਿਤ ਪੰਜਾਬ ਵਿਚ ਪ੍ਰਮਾਣਿਤ ਯੋਗ ਟੀਚਰਾਂ ਦੀ ਇਕ ਟੀਮ ਸਥਾਪਿਤ ਕੀਤੀ ਗਈ ਹੈ, ਤਾਂ ਜੋ ਯੋਗ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਜਨਤਾ ਨੂੰ ਯੋਗ ਟੀਚਰਾਂ ਦੀ ਸੁਵਿਧਾ ਦੇ ਕੇ ਇਸ ਨੂੰ ਇਕ ਲੋਕ ਅੰਦੋਲਨ ਵਿਚ ਬਦਲਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 368 ਯੋਗ ਕਲਾਸਾਂ ਚੱਲ ਰਹੀਆਂ ਹਨ, ਜਿਸ ਵਿਚ ਹੁਸ਼ਿਆਰਪੁਰ ਸ਼ਹਿਰ ਵਿਚ 118 ਯੋਗ ਕਲਾਸਾਂ ਤੋਂ ਇਲਾਵਾ ਦਸੂਹਾ, ਮੁਕੇਰੀਆਂ, ਟਾਂਡਾ, ਹਾਜੀਪੁਰ, ਤਲਵਾੜਾ, ਭੂੰਗਾ, ਹਰਿਆਣਾ, ਚੱਬੇਵਾਲ, ਮਾਹਿਲਪੁਰ ਅਤੇ ਗੜ੍ਹਸ਼ੰਕਰ ਵਿਚ ਪਾਰਕ, ਗੁਰਦੁਆਰਾ ਸਾਹਿਬ, ਮੰਦਰਾਂ ਦੇ ਵਿਹੜਿਆਂ ਵਿਚ ਯੋਗ ਦੀਆਂ ਕਰੀਬ 250 ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤਮੰਦ ਨੂੰ ਬਿਹਤਰ ਬਣਾਉਣ ਵਿਚ ਧਿਆਨ



ਅਤੇ ਯੋਗ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ। ਰੋਜ਼ਾਨਾ ਅਭਿਆਸ ਦੁਆਰਾ, ਵਿਅਕਤੀ ਇਕਾਗਰਤਾ ਦਾ ਵਿਕਾਸ ਕਰ ਸਕਦਾ ਹੈ ਅਤੇ ਆਪਣੇ ਵਾਤਾਵਰਣ ਦੇ ਨਾਲ ਵੱਧ ਤੋਂ ਵੱਧ ਇਕਸੁਰਤਾ ਸਥਾਪਿਤ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸੂਬੇ ਵਿਚ ਇਹ ਯੋਜਨਾ ਪਿਛਲੇ ਸਾਲ ਅਪੈਲ ਮਹੀਨੇ ਵਿਚ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਵੱਖ-ਵੱਖ ਪੜਾਵਾਂ ਵਿਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਕਵਰ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਰਾਹੀਂ ਲੋਕਾਂ ਨੂੰ ਉਨ੍ਹਾਂ ਦੁਆਰੇ ਚੁਣੇ ਗਏ ਸਥਾਨਾਂ 'ਤੇ ਜਿਵੇਂ ਕਿ ਪਾਰਕ, ਜਨਤਕ ਥਾਵਾਂ 'ਤੇ ਮੁਫ਼ਤ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਾਊਂਟ ਐਵੇਨਿਊ ਹੁਸ਼ਿਆਰਪੁਰ ਵਿਚ ਗਰੁੱਪ ਲੀਡਰ ਰਮਨ ਅਤੇ ਇੰਸਟਰੱਕਟਰ ਸ਼ੁਭਮ ਸੇਮਵਾਲ ਵਲੋਂ ਰੋਜ਼ਾਨਾ ਸਵੇਰੇ 6-10 ਵਜੇ ਤੋਂ 7-10 ਵਜੇ ਤੱਕ ਯੋਗ ਕਲਾਸ ਲਗਾਈ ਜਾਂਦੀ ਹੈ।ਜ਼ਿਲ੍ਹਾ ਯੋਗ ਕੋਆਰਡੀਨੇਟਰ ਮਾਧਵੀ ਸਿੰਘ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਪਾਸ ਯੋਗ ਕਲਾਸ ਕਰਨ ਦਾ ਸਥਾਨ ਉਪਲਬਧ ਹੈ ਅਤੇ ਘੱਟ ਤੋਂ ਘੱਟ 25 ਲੋਕਾਂ ਦਾ ਸਮੂਹ ਹੈ, ਤਾਂ ਪੰਜਾਬ ਸਰਕਾਰ ਯੋਗ ਟਰੇਂਡ ਇੰਸਟਰੱਕਟਰ ਘਰ ਭੇਜੇਗੀ। ਜੇਕਰ ਲੋਕ ਚਾਹੁੰਣ ਤਾਂ ਉਹ ਖੁਦ ਜਾਂ ਇਕ ਵਿਅਕਤੀ ਲਈ ਵੀ ਪੰਜੀਕਰਨ ਕਰ ਸਕੇਗਾ।

# ਬਲੱਡ ਬੈਂਕ ਨੇ ਕਰਵਾਇਆ 186ਵਾਂ ਮਾਸਿਕ ਰਾਸ਼ਨ ਵੰਡ ਸਮਾਗਮ

ਫਗਵਾੜਾ (ਡਾ. ਰਮਨ)

ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ 186ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਰੋਟਰੀ ਕਲੱਬ ਫਗਵਾੜਾ ਜੇਮਸ ਦੇ ਪ੍ਰਧਾਨ ਪਵਨ ਕਾਲੜਾ ਨੇ ਸ਼ਿਰਕਤ ਕੀਤੀ। ਉਨ੍ਹਾਂ 65 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਿਆ ਅਤੇ ਬਲੱਡ ਬੈਂਕ ਵੱਲੋਂ ਸਮਾਜ ਸੇਵਾ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਵਲੋਂ 15 ਲੋੜਵੰਦਾਂ ਨੂੰ ਰਾਸ਼ਨ ਦੀ ਵੰਡ ਦਾ ਸਹਿਯੋਗ ਕੀਤਾ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਪਿਛਲੇ ਕਰੀਬ 16 ਸਾਲਾਂ ਤੋਂ ਇਹ ਰਾਸ਼ਨ ਵੰਡਣ ਦੀ ਸੇਵਾ ਨਿਰੰਤਰ ਜਾਰੀ ਹੈ। ਜਿਸ ਵਿਚ ਸਮਾਜ ਸੇਵਕ ਰਾਜਿੰਦਰ ਸਿੰਘ ਕੋਛੜ (ਖੰਡ ਵਾਲੇ), ਰਮੇਸ਼ ਗਾਬਾ, ਰਮੇਸ਼ ਦੁੱਗਲ, ਮਨੀਸ਼ ਬੱਤਰਾ, ਤਾਰਾ ਚੰਦ ਚੁੰਬਰ, ਅਵਤਾਰ ਸਿੰਘ ਕੋਛੜ,



ਰਾਜੀਵ ਕੁਮਰਾ, ਐਨ.ਆਰ.ਆਈ. ਸਤਪਾਲ ਵਰਮਾ, ਹਰਸ਼ ਵੀਰ ਜੀ ਛਾਬੜਾ, ਰਮਨ ਨਹਿਰਾ, ਸੋਨੀ ਦੁੱਗਲ ਅਤੇ ਐਡਵੋਕੇਟ ਅੰਕਿਤ ਢੀਂਗਰਾ ਆਦਿ ਦਾ ਲਗਾਤਾਰ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਤਾਰਾ ਚੰਦ ਚੁੰਬਰ, ਗੁਲਾਬ ਸਿੰਘ ਠਾਕੁਰ, ਮੋਹਨ ਲਾਲ ਤਨੇਜਾ, ਵਿਸ਼ਵਾ ਮਿੱਤਰ ਸ਼ਰਮਾ, ਰਮਨ ਨੇਹਰਾ, ਸੁਧਾ ਬੇਦੀ, ਐਸ.ਸੀ. ਚਾਵਲਾ ਆਦਿ ਹਾਜ਼ਰ ਸਨ।

# ਜਨਰਲ ਵਰਗ ਤੇ ਮੁਲਾਜ਼ਮ ਤੇ ਪੈਨਸ਼ਨਰਜ਼ ਦੀ ਨਰਾਜ਼ਗੀ ਕਾਰਨ ਪੰਜਾਬ 'ਚ ਆਪ ਨੂੰ ਹੋਇਆ ਨੁਕਸਾਨ : ਭੂੰਗਰਨੀ

ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)

ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਜਨਰਲ ਸਕੱਤਰ ਜਗਤਾਰ ਸਿੰਘ ਭੂੰਗਰਨੀ ਨੇ ਪੰਜਾਬ ਸਰਕਾਰ ਤੋਂ ਇਹ ਮੰਗ ਕਰਦਿਆਂ ਕਿਹਾ ਹੈ ਕਿ ਜਨਰਲ ਵਰਗ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਜਲਦੀ ਤੋਂ ਜਲਦੀ ਕੀਤੀ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੇ ਲੰਮੇ ਸਮੇਂ ਤੋਂ ਲਟਕਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ । ਪੰਜਾਬ 'ਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ 'ਚ ਉਸ ਤਰ੍ਹਾਂ ਦੀ ਸਫਲਤਾ ਨਹੀਂ ਮਿਲੀ, ਜਿਸ ਦੀ ਉਹ ਉਮੀਦ ਰੱਖਦੀ ਸੀ । ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਵਾਰ ਚੋਣਾਂ ਵਿੱਚ 13-0 ਦਾ ਨਾਅਰਾ ਦਿੱਤਾ ਪਰ ਜਦੋਂ ਚੋਣ ਨਤੀਜੇ ਆਏ ਤਾਂ ਪਾਰਟੀ ਸਿਰਫ਼ 3 ਸੀਟਾਂ 'ਤੇ ਹੀ ਸਿਮਟ ਗਈ। ਪਾਰਟੀ ਦੇ ਚਾਰ ਮੰਤਰੀ ਚੋਣਾਂ ਵਿੱਚ ਹਾਰ ਗਏ । ਸ਼ਾਇਦ ਪਾਰਟੀ ਨੇ ਇਸ ਬਾਰੇ ਸੋਚਿਆ ਵੀ ਨਹੀਂ ਸੀ। ਇਸ ਨਾਲ ਪੰਜਾਬ 'ਚ ਆਪ ਨੂੰ ਕਰਾਰਾ ਝਟਕਾ ਲੱਗਾ ਹੈ। ਚੋਣ ਹਾਰਨ ਦਾ ਜਿੰਨਾ ਮਰਜ਼ੀ ਵਿਸ਼ਲੇਸ਼ਣ ਕਰ ਲਿਆ ਜਾਵੇ ਪਰ ਇੱਕ ਗੱਲ ਤਾਂ ਸਾਫ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਨਰਲ ਵਰਗ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਨਾ ਕਰਨਾ ਅਤੇ ਪੈਨਸ਼ਨਰਜ਼ ਅਤੇ ਮੁਲਾਜ਼ਮ ਦੀ ਨਰਾਜ਼ਗੀ ਹੀ ਪਾਰਟੀ ਦੀ ਹਾਰ ਦਾ ਮੁੱਖ ਕਾਰਨ ਸੀ। ਜਨਰਲ ਵਰਗ ਅਤੇ ਮਲਾਜ਼ਮ ਪੈਨਸ਼ਨਰਜ ਜਥੇਬੰਦੀਆਂ ਨੂੰ ਮੀਟਿੰਗ ਲਈ ਸੱਦਾ ਦੇਣਾ ਪਰ ਮੀਟਿੰਗ ਨਾ ਕਰਨੀ ਅਤੇ ਮਾਨਤਾ ਪ੍ਰਾਪਤ ਜਥੇਬੰਦੀਆਂ ਨੂੰ ਮਾਯੂਸ ਹੋ ਕੇ ਪਰਤਣਾ ਇਹ ਵਰਤਾਰਾ ਕਈ ਵਾਰ ਹੋਇਆ ਜਿਸ ਕਾਰਨ ਉਪਰੋਕਤ ਜਥੇਬੰਦੀਆਂ ਵਿੱਚ ਸਰਕਾਰ ਵਿਰੋਧੀ ਭਾਰੀ ਰੋਸ ਸੀ । ਇਹੀ ਕਾਰਨ ਸੀ ਕਿ ਇਨ੍ਹਾਂ ਚੋਣਾਂ ਵਿੱਚ ਜਥੇਬੰਦੀਆਂ ਨੇ ਆਮ ਆਦਮੀ ਪਾਰਟੀ ਤੋਂ ਦੂਰੀ ਬਣਾ ਲਈ ।ਕਿਉਂਕਿ ਆਮ ਆਦਮੀ ਪਾਰਟੀ ਨੇ ਸਤਾ ਵਿੱਚ ਆਉਣ ਤੋਂ ਪਹਿਲਾਂ ਸਮੁੱਚੀਆਂ ਜਥੇਬੰਦੀਆਂ ਨਾਲ ਇਹ ਵਾਅਦਾ ਕੀਤਾ ਸੀ ਕਿ ਕਿਸੇ ਨੂੰ ਕੋਈ ਧਰਨਾ ਮੁਜ਼ਾਹਰਾ ਨਹੀਂ ਕਰਨਾ ਪਏਗਾ ਪਰ ਹੋਇਆ ਇਸ ਦੇ ਉਲਟ ।ਆਸ ਸੀ ਕਿ ਆਮ ਆਦਮੀ ਦੀ ਗੱਲ ਕਰਨ ਵਾਲੀ ਪਾਰਟੀ ਜਨਰਲ ਵਰਗ ਅਤੇ ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਦੀਆਂ ਇਹ ਜਾਇਜ਼ ਮੰਗ ਨੂੰ ਜ਼ਰੂਰ ਪੂਰਾ ਕਰੇਗੀ, ਇਸ ਲਈ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦਿੱਲ ਖੋਲ੍ਹ ਕੇ ਵੋਟਾਂ ਪਾਈਆਂ । ਪਰ ਜਿਉਂ ਹੀ ਪਾਰਟੀ 117 ਵਿਧਾਨ ਸਭਾ ਸੀਟਾਂ ਵਿੱਚੋਂ 92 ਸੀਟਾਂ ਜਿੱਤ ਕੇ ਸੱਤਾ ਵਿੱਚ ਆਈ ਤਾਂ ਇਸ ਨੇ ਸਾਰੇ ਕਮਿਸ਼ਨ ਭੰਗ ਕਰ ਦਿੱਤੇ ਬਾਅਦ ਵਿੱਚ ਸਾਰੇ ਕਮਿਸ਼ਨਾਂ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਪਰ ਜਨਰਲ ਵਰਗ ਦੇ ਬਣਾਏ ਕਮਿਸ਼ਨ ਦੀ ਨਿਯੁਕਤੀ ਨੂੰ ਪ੍ਰਵਾਨਗੀ ਨਹੀਂ ਦਿੱਤੀ ਅਤੇ ਪੈਨਸ਼ਨਰਜ਼ ਦੇ ਬਕਾਏ, ਡੀ ਏ ਆਦਿ ਜਾਰੀ ਨਹੀ ਕੀਤੇ ਅਤੇ ਨਾ ਹੀ ਦੇਣ ਵਾਰੇ ਕੋਈ ਬਿਆਨ ਜਾਰੀ ਕੀਤਾ ।ਜਿਸ ਕਾਰਨ ਇਨ੍ਹਾਂ ਵਿੱਚ ਨਿਰਾਸ਼ਾ ਫੈਲ ਗਈ ।ਅਜਿਹੀ ਸਥਿਤੀ ਵਿੱਚ ਉਸ ਸਮੇਂ ਇਹ ਫੈਸਲਾ ਲਿਆ ਗਿਆ ਕਿ ਇਸ ਵਾਰ ਜਨਰਲ ਵਰਗ ਅਤੇ ਮੁਲਾਜ਼ਮ ਤੇ ਪੈਨਸ਼ਨਰਜ਼ ਆਮ ਆਦਮੀ ਪਾਰਟੀ ਦਾ ਸਮਰਥਨ ਨਹੀਂ ਕਰਨਗੇ । ਜਿਸ ਨਾਲ ਆਮ ਆਦਮੀ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਹੀ ਮਿਲੀਆਂ। ਹੁਣ ਪੰਜਾਬ 'ਚ ਪੰਜ ਉਪ ਚੋਣਾਂ ਹੋਣੀਆਂ ਹਨ ਅਤੇ ਉਸ ਤੋਂ ਬਾਅਦ ਪੰਚਾਇਤੀ ਚੋਣਾਂ, ਸਥਾਨਕ ਨਗਰ ਨਿਗਮ ਦੀਆਂ ਚੋਣਾਂ ਹੋਣ ਵਾਲੀਆਂ ਹਨ, ਅਜਿਹੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਜਾਇਜ਼ ਮੰਗਾਂ ਵੱਲ ਧਿਆਨ ਦੇਣਾ ਹੋਵੇਗਾ, ਨਹੀਂ ਤਾਂ ਪਾਰਟੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨ ਲਈ ਤਿਆਰ ਰਹੇ । ਦੋਆਬਾ ਜਨਰਲ ਕੈਟਾਗਰੀ ਫਰੰਟ ਅਤੇ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਪੰਜਾਬ ਸਰਕਾਰ ਤੋਂ ਇਹ ਮੰਗ ਕਰਦੀਆਂ ਹਨ ਕਿ ਜਨਰਲ ਵਰਗ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਅਤੇ ਮਲਾਜ਼ਮਾਂ ਤੇ ਪੈਨਸ਼ਨਰਾਂ ਦੇ ਰਹਿੰਦੇ ਬਕਾਏ ਸਰਕਾਰ ਜਲਦੀ ਤੋਂ ਜਲਦੀ ਜਾਰੀ ਕੀਤੇ ਜਾਣ।



# ਪਟਕੇ ਦੀ ਕੁਸ਼ਤੀ 'ਚ ਗੱਗੂ ਨਵਾਂ ਪਿੰਡ ਅਕਾਲੀਆਂ ਨੇ ਦਲਜੀਤ ਪੱਖੋਕੇ ਨੂੰ ਚਿੱਤ ਕੀਤਾ

ਸ਼ਾਹਕੋਟ (ਗਿਆਨ ਸੈਦਪੁਰੀ)-ਪੀਰ ਬਾਬਾ ਤੜਾਗੀ ਸ਼ਾਹ ਦੇ ਦਰਬਾਰ 'ਤੇ ਸਾਈਂ ਚੇਤਨ ਸ਼ਾਹ ਦੀ ਅਗਵਾਈ ਵਿੱਚ ਲੱਗਾ ਦੋ ਦਿਨਾ ਸੱਭਿਆਚਾਰਕ ਅਤੇ ਛਿੰਝ ਮੇਲਾ ਵੱਖਰੇ ਰੰਗ ਬਿਖੇਰਦਾ ਸਮਾਪਤ ਹੋਇਆ। ਮੇਲੇ ਦੇ ਪਹਿਲੇ ਦਿਨ ਦੀ ਰਾਤ ਨੂੰ ਮਹਿਫਲੇ ਕਵਾਲੀ ਵਿੱਚ ਕਵਾਲਾਂ ਵੱਲੋਂ ਵੱਜਦ ਵਿੱਚ ਆ ਕੇ ਕੀਤੀਆਂ ਪੇਸ਼ਕਾਰੀਆਂ ਨੇ ਸਰੋਤੇ ਝੂਮਣ ਲਾ ਦਿੱਤੇ। ਦੂਸਰੇ ਦਿਨ ਪੰਜਾਬੀ ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਬੇਬੀ ਨਮਰਤਾ ਸਾਦਿਕ ਪੁਰੀ ਨੇ ਕੀਤੀ। ਉਪਰੰਤ ਸੀਮਾ ਅਣਜਾਣ, ਗੁਰਮੇਲ ਭੰਗਾਣੀਆ, ਕੁਲਵਿੰਦਰ ਰਿੰਪੀ ਤੇ ਗੋਪੀ ਆਦਿ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਵਾਈ। ਸ਼ਾਮ ਨੂੰ ਹੋਏ ਛਿੰਝ ਮੇਲੇ ਵਿੱਚ ਪਹਿਲਵਾਨਾਂ ਨੇ ਆਪੋ- ਆਪਣੀ ਤਾਕਤ ਦੇ ਜੌਹਰ ਵਿਖਾਏ। ਦਰਜਨਾਂ ਕੁਸ਼ਤੀਆਂ ਦੇ ਮੁਕਾਬਲੇ ਹੋਏ। ਅਲੀ ਅਤੇ ਸਤੀ ਦੇ ਦਿਲਚਸਪ ਕੁਸ਼ਤੀ ਵਿੱਚ ਅਲੀ ਨੇ ਸਤੀ ਦੇ ਮੋਢੇ ਲਵਾ ਦਿੱਤੇ। ਪਟਕੇ ਦੀ ਕੁਸ਼ਤੀ ਬਾਬਾ ਬੀਰ ਸਿੰਘ ਅਖਾੜਾ ਨਵਾਂ ਪਿੰਡ ਅਕਾਲੀਆਂ ਦੇ ਪਹਿਲਵਾਨ ਗੱਗੂ ਅਤੇ ਦਲਜੀਤ ਪੱਖੋਕੇ ਦਰਮਿਆਨ ਹੋਈ। ਇਸ ਕੁਸ਼ਤੀ ਵਿੱਚ ਗੱਗੂ ਬਾਜ਼ੀ ਮਾਰ ਗਿਆ। ਪਟਕੇ ਦੀ ਕੁਸ਼ਤੀ ਦੀ ਸ਼ੁਰੂਆਤ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਜਥੇਦਾਰ ਚਰਨ ਸਿੰਘ ਸਿੰਧੜ ਅਤੇ ਕਾਮਰੇਡ ਮਲਕੀਤ ਸਿੰਘ ਨੇ ਕਰਵਾਈ। ਕੁਸ਼ਤੀਆਂ ਦੇ ਰੈਫਰੀ ਵਜੋਂ ਪ੍ਰਸਿੱਧ ਪਹਿਲਵਾਨ ਲਹਿੰਬਰ ਸਿੰਘ ਨੇ ਫਰਜ਼ ਨਿਭਾਏ। ਦਵਿੰਦਰ ਕਿਲੀ ਨੇ ਕੁਮੈਂਟਰੀ ਕੀਤੀ। ਇਸ ਮੌਕੇ ਹੋਰਨਾਂ ਤੋ ਇਲਾਵਾ 'ਆਪ' ਆਗੂ ਪ੍ਰਵੀਨ ਗਰੋਵਰ, ਡਾ. ਰਮੇਸ਼ ਹੰਸ, ਡਾ. ਨਰੇਸ਼ ਸੱਗੂ, ਕਾਮਰੇਡ ਰੇਸ਼ਮ ਲਾਲ ਗਿੱਲ ਆਦਿ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਤੋਂ ਸੰਗਤ ਗੁਰਧਾਮਾਂ ਦੀ ਯਾਤਰਾ ਲਈ ਰਵਾਨਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਤੋਂ ਸੰਗਤਾਂ ਦਾ ਕਾਫਲਾ ਗੁਰਧਾਮਾਂ ਦੀ ਯਾਤਰਾ ਲਈ ਰਵਾਨਾ ਹੋਇਆ । ਕਮੇਟੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਦੇ ਪ੍ਰਧਾਨ ਦਰਸ਼ਨ ਸਿੰਘ ਪਲਾਹਾ ਅਤੇ ਪ੍ਰਬੰਧਕ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਕਰਵਾਏ ਗਏ ਵਾਹਿਗੁਰੂ ਨਾਮ ਸਿਮਰਨ ਅਭਿਆਸ ਦੀ ਲੜੀ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਨੂੰ ਗੁਰਧਾਮਾਂ ਦੀ ਯਾਤਰਾ ਕਰਵਾਈ ਗਈ ਹੈ ਜਿਸ ਤਹਿਤ ਗੁਰਦੁਆਰਾ ਸਾਹਿਬ ਪੁਲ ਪੁਖਤਾ, ਗੁਰਦੁਆਰਾ ਦਮਦਮਾ ਸਾਹਿਬ ਸ੍ਰੀ ਹਰਗੋਬਿੰਦਪੁਰ, ਗੁਰਦੁਆਰਾ ਕੰਧ ਸਾਹਿਬ, ਗੁਰਦੁਆਰਾ ਅਚਲ ਬਟਾਲਾ, ਬਾਬਾ ਬਕਾਲਾ, ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਆਦਿ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਵਾਏ ਗਏ ਹਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਪਰਮਾਰ ਦਰਸ਼ਨ ਸਿੰਘ ਪਲਾਹਾ, ਭਾਈ ਅਵਤਾਰ ਸਿੰਘ ਹੈਡ ਗ੍ਰੰਥੀ, ਹਰਬੰਸ ਸਿੰਘ ਸੈਬ, ਗੁਰਦੇਵ ਸਿੰਘ ਮੰਡੀ ਬੋਰਡ, ਸਤਪਾਲ ਸਿੰਘ ਭੋਗਲ, ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ, ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ, ਬੀਬੀ ਕੁਲਵਿੰਦਰ ਕੌਰ ਪਰਮਾਰ, ਬੀਬੀ ਹਰਦੀਪ ਕੌਰ, ਬੀਬੀ ਰਾਜਵਿੰਦਰ ਕੌਰ ਸੈਬ, ਬੀਬੀ ਦਰਸ਼ਨ ਕੌਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਦਾ ਸਨਮਾਨ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜਲੰਧਰ ਲੋਕ ਸਭਾ ਚੋਣਾਂ-2024 ਦੌਰਾਨ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ 150 ਤੋਂ ਵੱਧ ਅਧਿਕਾਰੀਆਂ/ ਕਰਮਚਾਰੀਆਂ ਦਾ ਸਨਮਾਨ ਕੀਤਾ ਗਿਆ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਕ ਸਾਦੇ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਸੌਂਪਦਿਆਂ ਉਨ੍ਹਾਂ ਵੱਲੋਂ ਸਮੁੱਚੇ ਚੋਣ ਅਮਲ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪੂਰੀ ਜ਼ਿੰਮੇਵਾਰੀ, ਲਗਨ ਅਤੇ ਸਮਰਪਣ ਭਾਵਨਾ ਨਾਲ ਨਿਭਾਈ ਗਈ ਡਿਊਟੀ ਸਦਕਾ ਜ਼ਿਲ੍ਹੇ ਵਿੱਚ ਚੋਣ ਪ੍ਰਕਿਰਿਆ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ।

ਡਾ. ਅਗਰਵਾਲ ਨੇ ਇਸ ਵਿਆਪਕ ਅਮਲ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਸਿਰੇ ਚਾੜ੍ਹਨ ਲਈ ਟੀਮਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਆਪਣੀ ਡਿਊਟੀ ਇਸੇ ਜੋਸ਼ ਅਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਅਧਿਕਾਰੀਆਂ/ ਕਰਮਚਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਡਿਪਟੀ ਕਮਿਸ਼ਨਰ ਨੇ ਆਸ ਪ੍ਰਗਟ ਕੀਤੀ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜਿਮਨੀ ਚੋਣ ਨੂੰ ਵੀ ਸੁਚੱਜੇ ਢੰਗ ਨਾਲ ਕਰਵਾਉਣ ਵਿੱਚ ਅਧਿਕਾਰੀ/ਕਰਮਚਾਰੀ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣਗੇ। ਪ੍ਰਸ਼ੰਸਾ ਪ੍ਰਾਪਤ ਕਰਨ ਵਾਲੇ ਅਧਿਕਾਰੀਆਂ ਵਿੱਚ ਡੀ ਸੀ (ਐਕਸਾਈਜ਼) ਸੁਰਿੰਦਰ ਕੁਮਾਰ ਗਰਗ, ਐਸ ਪੀ ਹੈਡਕੁਆਰਟਰ (ਦਿਹਾਤੀ) ਜਸਰੂਪ ਕੌਰ ਬਾਠ, ਏ ਡੀ, ਆਈ ਟੀ ਸਤਵਿੰਦਰ ਪਾਲ ਸਿੰਘ, ਆਈ ਓ, ਐਨ ਸੀ ਬੀ ਬਲਵੰਤ ਰਾਏ, ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਕਮਿਸ਼ਨਰ ਨਗਰ ਨਿਗਮ ਜਲੰਧਰ ਅਮਰਜੀਤ ਬੈਂਸ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਲਖਵਿੰਦਰ ਸਿੰਘ ਰੰਧਾਵਾ, ਐਸ ਡੀ ਐਮ ਫਿਲੌਰ ਅਮਨਪਾਲ ਸਿੰਘ, ਐਸ ਡੀ ਐਮ ਨਕੋਦਰ ਗੁਰਸਿਮਰਨ ਸਿੰਘ ਢਿੱਲੋਂ, ਐਸ ਡੀ ਐਮ ਸ਼ਾਹਕੋਟ ਰਿਸ਼ਭ ਬਾਂਸਲ, ਐਸ ਡੀ ਐਮ ਜਲੰਧਰ-2 ਬਲਬੀਰ ਰਾਜ ਸਿੰਘ, ਜਲੰਧਰ ਵਿਕਾਸ ਅਥਾਰਟੀ ਦੇ ਈ ਓ ਅਲਕਾ ਕਾਲੀਆ, ਐਸ ਡੀ ਐਮ ਜਲੰਧਰ-1 ਡਾ. ਜੈ ਇੰਦਰ ਸਿੰਘ, ਏ ਸੀ ਏ ਜੇ ਡੀ ਏ ਦਰਬਾਰਾ ਸਿੰਘ ਰੰਧਾਵਾ, ਆਰ ਟੀ ਓ ਅਮਨਪ੍ਰੀਤ ਸਿੰਘ, ਜੁਆਇੰਟ ਕਮਿਸ਼ਨਰ ਨਗਰ ਨਿਗਮ ਪੁਨੀਤ ਸ਼ਰਮਾ, ਏ ਡੀ ਸੀ ਪੀ (ਹੈਡ ਕੁਆਰਟਰ) ਸੁਖਵਿੰਦਰ ਸਿੰਘ ਸ਼ਾਮਲ ਹਨ। ਇਸੇ ਤਰ੍ਹਾਂ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜ਼ੀਨਤ ਖਹਿਰਾ, ਡੀ ਆਈ ਓ ਰਣਜੀਤ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸੁਬੇਗ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਮੁਕੇਸ਼ ਕੈਲੇ, ਐਚ ਡੀ ਓ ਦਮਨਦੀਪ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਨਰਿੰਦਰ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ, ਐਕਸੀਅਨ ਮੰਡੀ ਬੋਰਡ ਪਰਮਪਾਲ ਸਿੰਘ, ਐਸ ਡੀ ਓ ਭੂਮੀ ਸੰਭਾਲ ਲੁਪਿੰਦਰ ਕੁਮਾਰ, ਸਹਾਇਕ ਕਮਿਸ਼ਨਰ ਨਗਰ ਨਿਗਮ ਰਾਜੇਸ਼ ਖੋਖਰ, ਐਸ ਟੀ ਪੀ ਅਮਿਤ ਸਿੰਘ ਮਿਨਹਾਸ, ਸਹਾਇਕ ਸਿਵਲ ਸਰਜਨ ਜਯੋਤੀ ਫੁਕੇਲਾ, ਖੇਤੀਬਾੜੀ ਅਫ਼ਸਰ ਡਾ. ਦਿਨੇਸ਼ ਕੁਮਾਰ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਏ ਪੀ ਆਰ ਓ ਵਿਕਾਸ ਵੋਹਰਾ ਤੇ ਸੰਗੀਤਾ ਭਾਮਰਾ, ਜੀ ਐਮ, ਬੀ ਐਸ ਐਨ



ਐਲ ਪਵਨ ਕੁਮਾਰ ਨੇਗੀ, ਆਈ ਟੀ ਓ ਸੰਜੇ ਜਿੰਦਲ, ਏ.ਈ.ਈ. ਪੀ.ਪੀ.ਸੀ.ਬੀ. ਜੰਗੀਰ ਸਿੰਘ ਤੇ ਜਤਿੰਦਰ ਸੋਨੀ, ਓਡੀਟਰ ਖੁਰਾਕ ਤੇ ਸਿਵਲ ਸਪਲਾਈਜ਼ ਮਾਨਵ ਭਨੋਟ, ਇੰਸਪੈਕਟਰ ਖੁਰਾਕ ਸਪਲਾਈਜ਼ ਰੁਪਿੰਦਰ ਸਿੰਘ, ਐਸ.ਟੀ.ਓ. ਅਸ਼ੋਕ ਬਾਲੀ, ਪਵਨ ਕੁਮਾਰ ਤੇ ਪਵਨ, ਐਲ.ਡੀ.ਐਮ. ਐਮ.ਐਸ. ਮੋਤੀ ਨੂੰ ਦਾ ਵੀ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ ਕੀਤਾ ਗਿਆ।

ਕਮਿਸ਼ਨਰੇਟ ਪੁਲਿਸ ਤੋਂ ਇੰਸਪੈਕਟਰ ਸਾਹਿਲ ਚੌਧਰੀ, ਸਬ ਇੰਸਪੈਕਟਰ ਸੰਦੀਪ ਕੌਰ ਤੇ ਮਦਨ ਸਿੰਘ, ਸਹਾਇਕ ਸਬ ਇੰਸਪੈਕਟਰ ਯੁਵਰਾਜ ਸਿੰਘ, ਧਰਮਪਾਲ ਸਿੰਘ, ਲਖਵਿੰਦਰ ਸਿੰਘ, ਕਿਸ਼ੋਰ ਕੁਮਾਰ, ਬਲਜੀਤ ਸਿੰਘ, ਪਰਸ਼ੋਤਮ ਲਾਲ, ਮੋਹਿੰਦਰ ਸਿੰਘ, ਜਸਬੀਰ ਚੰਦ ਅਤੇ ਹਰਭਜਨ ਸਿੰਘ, ਹੈੱਡ ਕਾਂਸਟੇਬਲ ਨਵਜੋਤ ਸਿੰਘ ਤੇ ਅਤਿੰਦਰਪਾਲ ਸਿੰਘ, ਸੀਨੀਅਰ ਕਾਂਸਟੇਬਲ ਲਵਨੀਸ਼ ਖੇਪਰਾ ਤੇ ਰਾਜਵੰਤ ਕੌਰ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਜਦਕਿ ਜਲੰਧਰ ਦਿਹਾਤੀ ਪੁਲਿਸ ਤੋਂ ਇੰਸਪੈਕਟਰ ਅਮਨ ਸੈਣੀ, ਏ.ਐਸ.ਆਈ. ਸੰਜੀਵ ਕੁਮਾਰ, ਹੈਡ ਕਾਂਸਟੇਬਲ ਸਹਿਜਪਾਲ ਸਿੰਘ, ਗੁਰਜੰਟ ਸਿੰਘ, ਗੌਰਵ ਕੁਮਾਰ, ਸੀਨੀਅਰ ਕਾਂਸਟੇਬਲ ਮਨਮੋਹਨ ਸਿੰਘ, ਗੁਰਸ਼ਰਨ ਸਿੰਘ, ਕੁਲਦੀਪ ਸਿੰਘ, ਕਰਨਜੀਤ ਸਿੰਘ, ਕੁਲਵਿੰਦਰ ਕੌਰ ਅਤੇ ਅਮਨਪ੍ਰੀਤ ਸਿੰਘ ਦਾ ਸਨਮਾਨ ਕੀਤਾ ਗਿਆ।

ਇਸ ਤਰ੍ਹਾਂ ਚੋਣ ਕਾਨੂੰਨਗੋ ਰਾਕੇਸ਼ ਕੁਮਾਰ, ਵਿਜੇ ਕੁਮਾਰ, ਵਰਿੰਦਰ ਕੁਮਾਰ, ਰਮਨਦੀਪ ਕੌਰ, ਮਨਦੀਪ ਕੌਰ, ਪ੍ਰਿੰ. ਰਾਜੀਵ ਹਾਂਡਾ, ਲੈਕਚਰਾਰ ਸੁਰਜੀਤ ਲਾਲ ਤੇ ਅਸ਼ੋਕ ਸਹੋਤਾ, ਡੀ.ਟੀ.ਸੀ. ਹਤਿੰਦਰ ਮਲਹੋਤਰਾ, ਐਸਸੀਏਟ ਪ੍ਰੋਫੈਸਰ ਨਿਸ਼ਚੈ ਬਹਿਲ, ਜੂਨੀਅਰ ਸਹਾਇਕ ਸੁਦੇਸ਼ ਕੁਮਾਰ ਸੂਰੀ, ਕਲਰਕ ਵਿਕਰਮਜੀਤ, ਤੇਜ ਪ੍ਰਕਾਸ਼, ਵਿਸ਼ਾਲ, ਹਰਵਿੰਦਰ ਸਿੰਘ, ਲਖਵਿੰਦਰ ਸਿੰਘ, ਸੁਖਜਿੰਦਰ ਸਿੰਘ, ਮਨਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਅਵਤਾਰ ਚੰਦ, ਨਵਜੋਤ ਸਿੰਘ, ਊਸ਼ਾ ਰਾਣੀ, ਰਾਜੀ, ਰੇਨੂੰ ਬਾਲਾ, ਪ੍ਰੀਤੀ ਅਰੋੜਾ, ਪ੍ਰੋਗਰਾਮਰ ਪ੍ਰਿਯਾ ਨੂੰ ਵੀ ਡਿਪਟੀ ਕਮਿਸ਼ਨਰ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਗਏ। ਇਸੇ ਤਰ੍ਹਾਂ ਡੀ.ਈ.ਓ., ਏ.ਡੀ.ਈ.ਓ. ਅਤੇ ਜ਼ਿਲ੍ਹਾ ਆਈ.ਟੀ. ਟੀਮ ਤੋਂ ਅਮਿਤ ਸ਼ਰਮਾ, ਮਨਦੀਪ ਸਿੰਘ, ਸੰਤੋਸ਼ ਕੁਮਾਰ, ਹਰਮਿੰਦਰ ਸਿੰਘ, ਅਮਨਦੀਪ, ਅਮਰਪ੍ਰੀਤ ਸਿੰਘ, ਇੰਦਰਾਜੀਤ, ਅਨੁਸ਼ਾ ਪਿੰਟੋ, ਲਖਵੀਰ ਸਿੰਘ, ਸ਼ਿਸ਼ਬ ਅਰੋੜਾ, ਸੁਮਿਤ ਸ਼ਰਮਾ, ਸੰਤੋਸ਼ ਕੁਮਾਰ ਸ਼ਰਮਾ, ਰਬਿੰਦਰ ਕੁਮਾਰ, ਬੂਟਾ ਰਾਮ, ਪੰਕਜ ਸ਼ਰਮਾ, ਵਿਨੈ ਕੁਮਾਰ, ਸੁਨੀਤਾ, ਰਾਜੇਸ਼ ਕੁਮਾਰ, ਅਨੁਜ ਕੁਮਾਰ, ਸੁਖਵਿੰਦਰ ਸਿੰਘ, ਰੁਪਿੰਦਰਜੀਤ ਨਾਗਲਾ, ਅਰੁਣ ਕੌਸ਼ਲ, ਕੇਤਨ ਸ਼ੌਰੀ, ਸੁਰਿੰਦਰਪਾਲ, ਹਰਵੇਲ ਸਿੰਘ, ਉਮੇਸ਼ ਤਿਵਾੜੀ, ਵਿਕਰਮ ਕੁਮਾਰ, ਵਿਨੀਤ, ਸਚਿਨ ਭਨੋਟ, ਪਰਵਿੰਦ ਕੁਮਾਰ, ਸਾਹਿਲ ਮਹਿਤਾ, ਜਸਬੀਰ ਸਿੰਘ ਦਾ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾ ਵੋਟਰ ਜਾਗਰੂਕਤਾ ਵਿੱਚ ਅਹਿਮ ਯੋਗਦਾਨ ਦੇਣ ਲਈ ਸਿਵਲ ਸੁਸਾਇਟੀ ਤੋਂ ਓਂਕਾਰ ਸਿੰਘ, ਸਗਨਦੀਪ ਸਿੰਘ, ਦੋਹਿਤ, ਅਮਿਤ ਖੁਰਾਨਾ, ਸੁਨੀਲ, ਹਰਮਨ ਵਿਰਕ, ਕੰਵਲਦੀਪ ਸਿੰਘ ਲੂਥਰਾ, ਸੰਦੀਪ ਅੰਸਲ, ਸਵਾਗਤ ਸਵਰੂਪ, ਸਤਿਅਮ ਗੁਪਤਾ, ਰਜਨੀਸ਼ ਰਾਣੀ, ਜਗਦੀਪ ਕੌਰ, ਹੈਰੀਟੇਜ ਪ੍ਰਮੋਟਰ ਹਰਪ੍ਰੀਤ ਸੰਧੂ, ਗਗਨਦੀਪ ਸਿੰਘ, ਕੁਨਾਲ ਅਗਰਵਾਲ, ਜਸਪ੍ਰੀਤ ਸਿੰਘ, ਆਰ.ਜੇ ਗੀਤ ਤੇ ਟੀਮ, ਆਰ.ਜੇ ਸੈਂਡੀ, ਆਈ.ਸੀ.ਸੀ.ਸੀ., ਖਿਆਤੀ ਤੇ ਟੀਮ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ।ਇਸ ਤੋਂ ਇਲਾਵਾ ਚੋਣ ਦਫ਼ਤਰ ਅਤੇ ਡਿਪਟੀ ਕਮਿਸ਼ਨਰ ਸਟਾਫ਼ ਤੋਂ ਵਿਨੋਦ, ਰਵਿੰਦਰ ਸਿੰਘ, ਰੁਪਿੰਦਰ ਸਿੰਘ, ਕਮਲਦੀਪ, ਭੁਪਿੰਦਰ ਸਿੰਘ, ਕੁਲਵਿੰਦਰ ਕੌਰ, ਰਵਿਤਾ, ਰਜਿੰਦਰ ਸਿੰਘ, ਅਜੀਕ, ਤਰਸੇਮ ਸਿੰਘ, ਮਨੀਸ਼ ਕੁਮਾਰ, ਅਮਨਦੀਪ, ਰਾਕੇਸ਼ ਕੁਮਾਰ, ਮਿੰਟੂ, ਇੰਦਰਜੀਤ ਸਿੰਘ, ਹਰਜੋਤ ਸਿੰਘ, ਬਲਬੀਰ ਕੁਮਾਰ, ਦੀਪਕ ਕੁਮਾਰ, ਸਤਵੀਰ ਅਤੇ ਕੁਲਦੀਪ ਸਿੰਘ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਹਰਿਆਵਲ ਵਧਾਉਣ ਦਾ ਸੱਦਾ ਦਿੰਦਿਆਂ ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲਿਆਂ ਨੂੰ ਬੂਟੇ ਵੀ ਵੰਡੇ।

18-JUNE-PAGE-10.qxd 6/17/2024 8:32 PM Page 1



# ਕੁੱਟਮਾਰ ਦੇ ਦੋਸ਼ ਹੇਠ ਔਰਤ ਸਮੇਤ ਪੰਜ ਵਿਅਕਤੀਆਂ ਖਿਲਾਫ ਕੇਸ ਦਰਜ



ਸਿਵਲ ਹਸਪਤਾਲ ਵਿਖੇ ਇਲਾਜ ਅਧੀਨ ਅਮਨਦੀਪ ਸਿੰਘ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮਕਾਨ ਉਸਾਰੀ ਦਾ ਕੰਮ ਕਰਨ ਵਾਲੇ ਪਿੰਡ ਮਛਰਾਏ ਖੁਰਦ ਦੇ ਇੱਕ ਵਿਅਕਤੀ ਦੀ ਕਥਿਤ ਕੁੱਟਮਾਰ ਦੇ ਮਾਮਲੇ 'ਚ ਥਾਣਾ ਅਮਲੋਹ ਦੀ ਪੁਲਸ ਵੱਲੋਂ ਇੱਕ ਔਰਤ ਸਮੇਤ ਪੰਜ ਵਿਅਕਤੀਆਂ ਵਿਰੁੱਧ ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਜ਼ੇਰੇ ਇਲਾਜ ਅਮਨਦੀਪ ਸਿੰਘ ਵਾਸੀ ਪਿੰਡ ਮਛਰਾਏ ਖੁਰਦ ਨੇ ਦੱਸਿਆ ਕਿ ਉਹ ਪਿੰਡ ਦੇ ਹਰਦੀਪ ਸਿੰਘ ਨਾਮਕ ਵਿਅਕਤੀ ਦੇ ਘਰ ਮਕਾਨ ਬਣਾਉਣ ਦਾ ਕੰਮ ਕਰ ਰਿਹਾ ਹੈ ਤੇ ਬੀਤੀ 14 ਜੂਨ ਦੀ ਸ਼ਾਮ ਨੂੰ ਕਰੀਬ ਸਾਢੇ ਕੁ ਸੱਤ ਵਜੇ ਉਹ ਆਪਣਾ ਕੰਮ ਕਰ ਮੁਕਾ ਕੇ ਹਰਭਜਨ ਸਿੰਘ ਨਾਲ ਪਿੰਡ ਦੀ ਅੰਦਰਲੀ ਗਲੀ 'ਚੋਂ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਹਰਜੀਤ ਸਿੰਘ ਦੇ ਘਰ ਕੋਲੋਂ ਲੰਘਦੇ ਸਮੇਂ ਕਸ਼ਮੀਰ ਜੀਤ ਸਿੰਘ, ਕੋਮਲਦੀਪ ਸਿੰਘ, ਹਰਜੀਤ ਸਿੰਘ, ਗੁਰਵਿੰਦਰ ਸਿੰਘ ਤੇ ਬਲਜਿੰਦਰ ਕੌਰ ਨੇ ਘੇਰ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਹਰਜੀਤ ਸਿੰਘ ਵਗੈਰਾ ਦੀ ਹਰਦੀਪ ਸਿੰਘ ਵਗੈਰਾ ਨਾਲ ਨਹੀਂ ਬਣਦੀ ਤੇ ਉਹ ਹਰਦੀਪ ਸਿੰਘ ਦਾ ਮਕਾਨ ਬਣਾ ਰਿਹਾ ਸੀ, ਜਿਸ ਦੀ ਰੰਜਿਸ਼ ਨੂੰ ਲੈ ਕੇ ਉਕਤ ਵਿਅਕਤੀਆਂ ਵੱਲੋਂ ਉਸ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਜੇਕਰ ਹਰਭਜਨ ਸਿੰਘ ਤੇ ਹਰਦੀਪ ਸਿੰਘ ਉਸ ਨੂੰ ਉਨ੍ਹਾਂ ਕੋਲੋਂ ਨਾ ਛੁਡਵਾਉਂਦੇ ਤਾਂ ਉਸ ਦੀ ਜਾਨ ਵੀ ਜਾ ਸਕਦੀ ਸੀ।ਅਮਨਦੀਪ ਸਿੰਘ ਦੇ ਬਿਆਨਾਂ 'ਤੇ ਥਾਣਾ ਅਮਲੋਹ ਵਿਖੇ ਅ/ਧ 307, 323, 341, 148, 149 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਕਸ਼ਮੀਰਜੀਤ ਸਿੰਘ, ਕੋਮਲਦੀਪ ਸਿੰਘ, ਹਰਜੀਤ ਸਿੰਘ, ਗੁਰਵਿੰਦਰ ਸਿੰਘ ਤੇ ਬਲਜਿੰਦਰ ਕੌਰ ਨੂੰ ਨਾਮਜ਼ਦ ਕਰਕੇ ਸਹਾਇਕ ਥਾਣੇਦਾਰ ਅਵਤਾਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਪਟਿਆਲਾ-ਬਠਿੰਡਾ ਟੀ ਪੁਆਇੰਟ 'ਤੇ ਲਾਈਟਾਂ ਬੰਦ, ਲੋਕ ਪ੍ਰੇਸ਼ਾਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਾਮਪੁਰਾ ਫੂਲ ਵਿੱਚੋਂ ਲੰਘਦੀ ਜੀ. ਟੀ. ਰੋਡ ਦੇ ਦੋਵੇਂ ਪਾਸੇ ਰੋਡ ਲਾਈਟਾਂ ਲੱਗੀਆਂ ਹੋਈਆਂ ਹਨ, ਪਰ ਰਾਤ ਸਮੇਂ ਸਾਰੀਆਂ ਲਾਈਟਾਂ ਬੰਦ ਹੁੰਦੀਆਂ ਹਨ।ਪਟਿਆਲਾ-ਬਠਿੰਡਾ ਹਾਈਵੇ ਰੋਡ 'ਤੇ ਰਾਮਪੁਰਾ ਫੂਲ ਦੇ ਸ਼ਹਿਰ ਟੀ ਪੁਆਇੰਟ 'ਤੇ ਬੱਸਾਂ ਰੁਕ ਕੇ ਸਵਾਰੀ ਚੁਕਦੀਆਂ ਹਨ।ਬੱਸ ਸਵਾਰੀ ਵਿੱਚ ਯੂਨੀਵਰਸਿਟੀ ਪੜ੍ਹਦੀਆਂ ਲੜਕੀਆਂ ਤੇ ਕੰਮਾਂ ਕਾਰਾਂ ਵਾਲੀਆਂ ਲੇਡੀਜ਼ ਹੁੰਦੀਆਂ ਨੇ, ਟੀ ਪੁਆਇੰਟ 'ਤੇ ਸਵੇਰੇ 4 ਵਜੇ ਤੜਕੇ ਵਿੱਚ ਬੱਸ ਲੈਣੀ ਹੁੰਦੀ ਹੈ, ਇਸ ਘੁੱਪ ਹਨੇਰੇ ਵਿੱਚ ਕੋਈ ਵੀ ਹਾਦਸਾ ਜਾਂ ਅਣਕਿਆਸੀ ਘਟਨਾ ਵਾਪਰ ਸਕਦੀ ਹੈ।ਸਵੇਰ ਸਮੇਂ ਬਹੁਤੇ ਲੋਕ ਇਸ ਸਰਵਿਸ ਰੋਡ 'ਤੇ ਸੈਰ ਕਰਨ ਵੀ ਜਾਂਦੇ ਹਨ, ਕਈ ਵਾਰ ਵਾਹਨ ਇਨ੍ਹਾਂ ਨੂੰ ਸਾਈਡਾਂ ਮਾਰ ਜਾਂਦੇ ਹਨ।ਇਸ ਸਬੰਧੀ ਸੋਸ਼ਲ ਵਰਕਰ ਸੰਦੀਪ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਵਾਰ ਵਾਰ ਨੈਸ਼ਨਲ ਹਾਈਵੇ ਅਥਾਰਿਟੀ ਦੇ ਅਧਿਕਾਰੀਆਂ ਤੇ ਡਿਪਟੀ ਕਮਿਸ਼ਨਰ ਦਫਤਰ ਬਠਿੰਡਾ ਨੂੰ ਫੋਨ ਕੀਤਾ, ਪਰ ਕੋਈ ਹੱਲ ਨਹੀਂ ਨਿਕਲਿਆ।ਇਸ ਤੋਂ ਜਾਪਦਾ ਕਿ ਸਾਰੇ ਅਧਿਕਾਰੀ ਕਿਸੇ ਘਟਨਾ ਦੇ ਵਾਪਰਨ ਦਾ ਇੰਤਜ਼ਾਰ ਕਰ ਰਹੇ ਹਨ।ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ।

# ਵਿਧਾਇਕ ਤੇ ਸਰਕਾਰ ਵੀ ਆਪ ਦੀ, ਫਿਰ ਜੈਤੋ ਦੀ ਦੁਰਗਤੀ ਲਈ ਜ਼ੁੰਮੇਵਾਰ ਕੌਣ ?

**ਜੈਤੋ (ਸਤੀਸ਼ ਕੁਮਾਰ ਭੀਗੀ)**-ਪਿਛਲੇ ਅਨੇਕਾਂ ਸਾਲਾਂ ਤੋਂ ਇਤਿਹਾਸਕ ਨਗਰੀ ਜੈਤੋ ਨੂੰ ਰਾਜਨੀਤਕ ਪਾਰਟੀਆਂ ਵੱਲੋਂ ਵਿਕਾਸ ਕਾਰਜ ਕਰਵਾਉਣ ਤੋਂ ਮੂੰਹ ਮੋੜਦੇ ਹੋਏ ਵਿਸਾਰ ਦਿੱਤਾ ਗਿਆ ਸੀ। ਉਸ ਦਾ ਵੱਡਾ ਕਾਰਨ ਜੇਕਰ ਦੱਸਿਆ ਜਾਵੇ ਤਾਂ ਉਹ ਇਹ ਕਿ ਪੰਜਾਬ ਵਿੱਚ ਸਰਕਾਰ ਕਿਸੇ ਹੋਰ ਪਾਰਟੀ ਦੀ ਤੇ ਜੈਤੋ ਤੋਂ ਜਿੱਤਣ ਵਾਲਾ ਉਮੀਦਵਾਰ ਕਿਸੇ ਹੋਰ ਪਾਰਟੀ ਨਾਲ ਸਬੰਧਤ ਹੁੰਦਾ ਸੀ, ਜਿਸ ਕਰਕੇ ਜੈਤੋ ਤੋਂ ਆਮ ਆਦਮੀ ਪਾਰਟੀ ਦੇ ਇੱਕ ਆਗੂ ਵੱਲੋਂ ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਰੇ ਸ਼ਹਿਰ ਵਿੱਚ ਇਸ਼ਤਿਹਾਰ ਵੰਡੇ ਸੀ ਕਿ ਜੇਕਰ ਸਾਡਾ ਨਗਰ ਕੌਂਸਲ 'ਤੇ ਕਬਜ਼ਾ ਹੋ ਜਾਵੇ ਤੇ ਪੰਜਾਬ ਵਿੱਚ ਸਰਕਾਰ ਤੇ ਜੈਤੋ ਤੋਂ ਐੱਮ ਐੱਲ ਏ ਵੀ ਸਾਡਾ ਹੋ ਜਾਵੇ ਤਾਂ ਅਸੀਂ ਇੱਕ ਵੀ ਨਗਰ ਨਿਵਾਸੀ ਬੇਰੁਜ਼ਗਾਰ ਨਹੀਂ ਰਹਿਣ ਦੇਣਾ ਤੇ ਅਸੀਂ ਦੱਸਾਂਗੇ ਕਿ ਨਗਰ ਕੌਂਸਲ ਨੂੰ ਕਿਵੇਂ ਚਲਾਇਆ ਜਾਂਦਾ ਤੇ ਕਿਵੇਂ ਭ੍ਰਿਸ਼ਟਾਚਾਰੀਆਂ ਤੋਂ ਬਚਾਇਆ ਜਾ ਸਕਦਾ ਹੈ।ਉਸ ਅਖੌਤੀ ਸਮਾਜਸੇਵੀ ਨੇ ਵੰਡੇ ਗਏ ਇਸ਼ਤਿਹਾਰ ਦੇ ਅੰਤ ਵਿੱਚ ਲਿਖਿਆ ਕਿ ਚੰਗੇ ਬੰਦਿਆਂ ਦੀ ਥਾਂ 'ਤੇ ਦਲਾਲ ਕਿਸਮ ਦੇ ਲੋਕ ਅੱਗੇ ਆ ਜਾਂਦੇ ਹਨ ਤੇ ਸ਼ਹਿਰ ਤੇ ਲੋਕਾਂ ਦੀ ਥਾਂ 'ਤੇ ਇਨ੍ਹਾਂ ਦਲਾਲਾਂ ਦਾ ਵਿਕਾਸ ਹੋ ਜਾਂਦਾ ਹੈ, ਜਦਕਿ ਆਪ ਵੀ ਇਹ ਅਖੌਤੀ ਸਮਾਜਸੇਵੀ ਦੇ ਪਿਛਲੇ ਕੁਝ ਸਾਲਾਂ ਤੋਂ ਨਗਰ ਕੌਂਸਲ ਦਾ ਇੱਕ ਅਹਿਮ ਹਿੱਸਾ ਹੋਣ ਦੇ ਬਾਵਜੂਦ ਬੇਨਿਯਮੀਆਂ, ਭ੍ਰਿਸ਼ਟਾਚਾਰ ਤੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਨਗਰ ਕੌਂਸਲ ਜੈਤੋ ਲਗਾਤਾਰ ਪੰਜਾਬ ਵਿੱਚ ਆਪਣੀ ਕਿਰਕਿਰੀ ਕਰਵਾ ਰਹੀ ਹੈ, ਪ੍ਰੰਤੂ ਅਕਾਲੀ-ਭਾਜਪਾ ਸਰਕਾਰ ਦੌਰਾਨ ਵੱਡੀਆਂ ਵੱਡੀਆਂ ਡੀਂਗਾਂ ਮਾਰਨ ਵਾਲੇ ਇਸ ਅਖੌਤੀ ਸਮਾਜਸੇਵੀ ਵੱਲੋਂ ਧਾਰੀ ਚੁੱਪ ਨੂੰ ਦੇਖਦੇ ਹੋਏ ਸ਼ਹਿਰ ਦੇ ਲੋਕਾਂ ਦੀ ਸੋਚ ਅਨੁਸਾਰ ਇਹ ਅਖੌਤੀ ਸਮਾਜਸੇਵੀ ਵੀ ਲੱਗਦੈ ਆਪਣੇ ਨਾਮ ਨਾਲ ਦਲਾਲ ਦਾ ਟੈਗ ਲਗਵਾ ਚੁੱਕਾ ਹੈ।ਦੱਸਣਯੋਗ ਹੈ ਕਿ ਇਤਿਹਾਸਕਾਰ ਨਗਰ ਜੈਤੋ ਦੇ ਵਸ਼ਿੰਦੇ ਕਹਿੰਦੇ ਹੁੰਦੇ ਸਨ ਕਿ ਜੇਕਰ ਪੰਜਾਬ ਵਿੱਚ ਸਰਕਾਰ ਬਣਾਉਣ ਵਾਲੀ ਪਾਰਟੀ ਦਾ ਹੀ ਐੱਮ ਐੱਲ ਏ ਅਸੀਂ ਜੈਤੋ ਤੋਂ ਜਿਤਾ ਦੇਈਏ ਤਾਂ ਸਾਡੀ ਜੈਤੋ ਵਿਕਾਸ ਕਾਰਜਾਂ ਵਿੱਚ ਪੰਜਾਬ ਦੇ ਹਰ ਛੋਟੇ ਵੱਡੇ ਸ਼ਹਿਰ ਨੂੰ ਪਿੱਛੇ ਛੱਡ ਦੇਵੇਗੀ।ਜੇਕਰ ਗੱਲ ਕਰੀਏ ਲੋਕਾਂ ਦੇ ਵਿਸ਼ਵਾਸ ਦੀ ਤਾਂ ਉਹ ਇਹ ਹੈ ਕਿ ਅੱਜ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਜੈਤੋ ਤੋਂ ਆਮ ਆਦਮੀ ਪਾਰਟੀ ਦਾ ਐੱਮ ਐੱਲ ਏ ਬਣੇ ਨੂੰ 27 ਮਹੀਨੇ ਹੋ ਚੁੱਕੇ ਹਨ ਅਤੇ ਇਤਿਹਾਸਕ ਨਗਰੀ ਦੇ ਵਸ਼ਿੰਦੇ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰ ਰਹੇ ਹਨ, ਜਿਸ ਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਇਕੱਲੇ ਜੈਤੋ ਹਲਕੇ ਤੋਂ ਹੀ 40 ਹਜ਼ਾਰ ਵੋਟਰਾਂ ਵੱਲੋਂ ਨਕਾਰਣ ਕਰਕੇ ਭੁਗਤਣਾ ਪਿਆ।ਅੰਤ ਵਿੱਚ ਦੱਸਿਆ ਜਾਵੇ ਤਾਂ ਉਹ ਇਹ ਕਿ ਸ਼ਹਿਰ ਵਿੱਚ ਹੋ ਰਹੇ ਅਹਿਮ ਕੰਮ ਜੋ ਬਦਸਤੂਰ ਜਾਰੀ ਹਨ, ਜਿਵੇਂ ਕਿ ਦੜੇ ਤੇ ਸੱਟੇ ਦਾ ਕਾਰੋਬਾਰ, ਇਤਿਹਾਸਕ ਨਗਰੀ ਦੇ ਅਨੇਕਾਂ ਥਾਵਾਂ 'ਤੇ ਵਿਕਦੇ ਚਿੱਟੇ ਦਾ ਕਾਰੋਬਾਰ, ਟੁੱਟੀਆਂ ਹੋਈਆਂ ਗਲੀਆਂ ਬਦਬੂਦਾਰ ਜਨਤਕ ਪਖਾਨੇ, ਨਿੱਜੀ ਵਿਰੋਧ ਕਾਰਨ ਕੰਮਾਂ ਵਿੱਚ ਰੁਕਾਵਟਾਂ ਖੜੀਆਂ ਕਰਨਾ ਆਦਿ ਸਮੇਤ ਅਨੇਕਾਂ ਹੋਰ ਬੇਮਿਆਰੀ ਕੰਮ ਜੇਕਰ ਲਿਖ਼ਣ ਲੱਗੀਏ ਤਾਂ ਪੂਰਾ ਪੇਜ ਭਰ ਸਕਦਾ ਹੈ।

# ਭਗਤਾ ਭਾਈਕਾ 'ਚ ਟ੍ਰੈਫਿਕ ਸਮੱਸਿਆ ਹਾਲੋਂ-ਬੇਹਾਲ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੇ ਮੁੱਖ ਚੌਕ ਤੋਂ ਬਾਘਾਪੁਰਾਣਾ ਨਵੇਂ ਬਣੇ ਪੁਲ ਤੱਕ ਟ੍ਰੈਫਿਕ ਦੀ ਸਮੱਸਿਆ ਹਾਲੋ-ਬੇਹਾਲ ਹੋਈ ਪਈ ਹੈ। ਲੰਮੇ-ਲੰਮੇ ਜਾਮ ਕਾਰਨ ਜਿੱਥੇ ਆਮ ਲੋਕ ਪ੍ਰੇਸ਼ਾਨ ਹਨ, ਉੱਥੇ ਹੀ ਦੁਕਾਨਦਾਰ ਵੀ ਪ੍ਰੇਸ਼ਾਨ ਹਨ। ਇਸ ਟ੍ਰੈਫਿਕ ਦੇ ਮੁੱਖ ਕਾਰਨ ਇੱਕ ਤਾਂ ਸਬਜ਼ੀ ਰੇਹੜੀਆਂ ਵਾਲਿਆਂ ਵੱਲੋਂ ਸੜਕ ਕਿਨਾਰੇ ਤੱਕ ਰੇਹੜੀਆਂ ਲਗਾਈਆਂ ਹੋਈਆਂ ਹਨ, ਦੁਕਾਨਦਾਰਾਂ ਵੱਲੋਂ ਵੀ ਦੁਕਾਨ ਦੇ ਬਾਹਰ ਤੱਕ ਸਾਮਾਨ ਰੱਖ ਦਿੱਤਾ ਜਾਂਦਾ ਹੈ, ਭਾਰੇ ਵਾਹਨ ਤੇ ਬੱਸਾਂ ਕਾਰਨ ਵੀ ਜਾਮ ਲੱਗਦਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿੰਡਾਂ ਤੋਂ ਖਰੀਦੋ ਫਰੋਕਤ ਕਰਨ ਵਾਲੇ ਲੋਕ ਇੱਥੇ ਆਪਣੀਆਂ ਗੱਡੀਆਂ ਸੜਕ ਕਿਨਾਰੇ ਖੜੀਆਂ ਕਰਕੇ ਕਈ-ਕਈ ਘੰਟੇ ਤੱਕ ਵਾਪਸ ਨਹੀਂ ਪਰਤਦੇ, ਜਿਸ ਕਾਰਨ ਵੀ ਟ੍ਰੈਫਿਕ ਦਾ ਜਾਮ ਲੱਗਦਾ ਹੈ। ਆਮ ਲੋਕਾਂ ਵੱਲੋਂ ਪ੍ਰਸ਼ਾਸਨ ਪਾਸੋਂ ਇਸ ਰਸਤੇ ਰਾਹੀਂ ਭਾਰੀ ਵਹੀਕਲਾਂ ਦੀ ਐਂਟਰੀ ਬੰਦ ਕੀਤੇ ਜਾਣ ਦੀ ਮੰਗ ਦੇ ਨਾਲ-ਨਾਲ ਸੁਖਜਿੰਦਰ ਸਿੰਘ ਖੋਸਾ ਨੂੰ ਸਥਾਨਕ ਸ਼ਹਿਰ ਦੇ ਟ੍ਰੈਫਿਕ ਦੀ ਮੁੜ ਜ਼ੁੰਮੇਵਾਰੀ ਸੌਂਪੇ ਜਾਣ ਦੀ ਮੰਗ ਵੀ ਸੀਨੀਅਰ ਪੁਲਸ ਕਪਤਾਨ ਤੇ ਵਿਧਾਇਕ ਅੱਗੇ ਰੱਖੀ ਗਈ ਹੈ। ਉਧਰ ਦੂਜੇ ਪਾਸੇ ਥਾਣਾ ਮੁਖੀ ਵੱਲੋਂ ਵੀ ਜਲਦ ਸੁਧਾਰ ਕੀਤੇ ਜਾਣ ਦੀ ਗੱਲ ਆਖੀ ਗਈ ਹੈ।

## ਕਾਤਰਾਂ

### ਠੱਗੀ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਵਿਅਕਤੀ ਨਾਲ ਕਥਿਤ ਤੌਰ 'ਤੇ ਹੋਈ 75,000/- ਰੁਪਏ ਦੀ ਠੱਗੀ ਦੇ ਮਾਮਲੇ 'ਚ ਖਮਾਣੋਂ ਪੁਲਸ ਵੱਲੋਂ ਨਾਮਾਲੂਮ ਵਿਅਕਤੀ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਨਰੇਸ਼ ਕੁਮਾਰ ਵਾਸੀ ਪਿੰਡ ਘਟੌਰ (ਮੋਹਾਲੀ) ਨੇ ਦੱਸਿਆ ਕਿ 29/11/23 ਨੂੰ ਉਹ ਜਦੋਂ ਖਮਾਣੋਂ ਵਿਖੇ ਇੱਕ ਬੈਂਕ ਦੇ ਏ.ਟੀ.ਐੱਮ. 'ਚੋਂ ਪੈਸੇ ਕਢਵਾ ਰਿਹਾ ਸੀ ਤਾਂ ਕਿਸੇ ਨਾਮਾਲੂਮ ਵਿਅਕਤੀ ਨੇ ਚਲਾਕੀ ਨਾਲ ਉਸ ਦਾ ਏ.ਟੀ.ਐੱਮ. ਕਾਰਡ ਬਦਲ ਲਿਆ ਤੇ ਉਸ ਦੇ ਬੈਂਕ ਖਾਤੇ 'ਚੋਂ 25,000/- ਰੁਪਏ ਕਢਵਾ ਲਏ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਨੌਸਰਬਾਜ਼ ਵੱਲੋਂ 50,000/- ਰੁਪਏ ਦੀ ਸੋਨੇ ਦੀ ਚੇਨ ਖ਼ੀਦਣ ਲਈ ਵੀ ਉਸ ਦੇ ਕਾਰਡ ਦੀ ਵਰਤੋਂ ਕੀਤੀ ਤੇ ਅਜਿਹਾ ਕਰਕੇ ਉਕਤ ਨਾਮਾਲੂਮ ਵਿਅਕਤੀ ਵੱਲੋਂ ਉਸ ਨਾਲ ਕੁੱਲ 75,000/- ਰੁਪਏ ਦੀ ਠੱਗੀ ਮਾਰ ਲਈ ਗਈ।ਨਰੇਸ਼ ਕੁਮਾਰ ਦੀ ਸ਼ਿਕਾਇਤ 'ਤੇ ਥਾਣਾ ਖਮਾਣੋਂ ਦੀ ਪੁਲਸ ਵੱਲੋਂ ਨਾਮਾਲੂਮ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

### ਹਰਬੰਤ ਸਿੰਘ ਭੁੱਲਰ ਦੀ ਯਾਦ 'ਚ ਸਾਹਿਤਕ ਸਮਾਗਮ 22 ਨੂੰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਕਵੀਸ਼ਰੀ ਵਿਕਾਸ ਮੰਚ ਤਲਵੰਡੀ ਸਾਬੋ ਦੇ ਨਾਮਵਰ ਕਵੀਸ਼ਰ ਤੇ ਗੀਤਕਾਰ ਹਰਬੰਤ ਸਿੰਘ ਭੁੱਲਰ, ਜੋ ਅਚਨਚੇਤ ਹਾਰਟ ਅਟੈਕ ਹੋ ਜਾਣ ਦੇ ਚਲਦਿਆਂ ਪਿਛਲੇ ਦਿਨੀਂ ਪਰਿਵਾਰ ਅਤੇ ਆਪਣੇ ਚਾਹੁਣ ਵਾਲਿਆਂ ਨੂੰ ਵਿਛੋੜਾ ਦੇ ਗਏ ਸਨ, ਦੀ ਯਾਦ 'ਚ ਕਵੀਸ਼ਰੀ ਵਿਕਾਸ ਮੰਚ ਤਲਵੰਡੀ ਸਾਬੋ, ਗੁਰੂ ਕਾਸ਼ੀ ਸਾਹਿਤ ਸਭਾ ਤਲਵੰਡੀ ਸਾਬੋ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਮਿੰਨੀ ਚੱਠਾ ਪੈਲੇਸ ਸੰਗਤ ਰੋਡ ਤਲਵੰਡੀ ਸਾਬੋ ਵਿਖੇ 22 ਜੂਨ ਸ਼ਨਿੱਚਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕਵੀਸ਼ਰੀ ਦਰਬਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਸਾਹਿਤਕਾਰ, ਕਵੀ ਕਵੀਸ਼ਰ ਤੇ ਗੀਤਕਾਰ ਸਵਰਗੀ ਹਰਬੰਤ ਸਿੰਘ ਭੁੱਲਰ ਤਲਵੰਡੀ ਸਾਬੋ ਦੀਆਂ ਯਾਦਾਂ ਨੂੰ ਗੀਤਾਂ, ਗ਼ਜ਼ਲਾਂ ਤੇ ਆਪਣੀਆਂ ਹੋਰ ਰਚਨਾਵਾਂ ਰਾਹੀਂ ਸਾਂਝਾ ਕਰਨਗੇ।ਇਹ ਜਾਣਕਾਰੀ ਸ੍ਰੀ ਹਰਬੰਤ ਸਿੰਘ ਭੁੱਲਰ ਦੇ ਨੇੜਲੇ ਸਾਥੀ ਰਹੇ ਸਾਹਿਤਕਾਰ ਸ੍ਰੀ ਦਰਸ਼ਨ ਸਿੰਘ ਭੰਮੇ, ਮਹਿੰਦਰ ਰੂਪ ਭਾਗੀਵਾਂਦਰ ਤੇ ਸਮਾਜ ਸੇਵੀ ਗੁਰਦੀਪ ਸਿੰਘ ਗੋਂਦਾਰਾ (ਬੀਹਲਾ) ਤਲਵੰਡੀ ਸਾਬੋ ਵੱਲੋਂ ਪ੍ਰੈੱਸ ਦੇ ਨਾਂ ਜਾਰੀ ਕੀਤੀ ਗਈ।

### ਜਨਮ ਤੇ ਮੌਤ ਵਿੰਗ ਬਾਰੇ ਵਫ਼ਦ ਭਲਕੇ ਮੁੱਖ ਮੰਤਰੀ ਨਾਲ ਕਰੇਗਾ ਮੁਲਾਕਾਤ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਿਹਤ ਵਿਭਾਗ ਪੰਜਾਬ ਦੇ ਜਨਮ ਤੇ ਮੌਤ ਵਿੰਗ ਵਿੱਚ ਚੱਲ ਰਹੇ ਗੋਰਖ ਧੰਦੇ ਨੂੰ ਬੰਦ ਕਰਵਾਉਣ ਅਤੇ ਆਮ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣ ਲਈ ਇਲਾਕੇ ਦੇ ਇੰਨਕਲਾਬੀ ਤੇ ਬੁੱਧੀਜੀਵੀਆਂ ਦਾ ਇੱਕ ਵਫ਼ਦ 19 ਜੂਨ ਨੂੰ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰੇਗਾ।ਵਫ਼ਦ ਦੇ ਆਗੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੰਗ ਵਿੱਚ ਚੱਲ ਰਹੇ ਕਥਿਤ ਗੋਰਖ ਧੰਦੇ ਕਰਕੇ ਆਮ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ।ਪੰਜਾਬ ਦੇ ਮੁੱਖ ਮੰਤਰੀ ਵੱਲੋਂ ਜਿੱਥੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਥੇ ਇਸ ਵਿੰਗ ਵਿੱਚ ਧੜੱਲੇ ਨਾਲ ਹੋ ਰਹੇ ਕੰਮਕਾਰ ਨੂੰ ਬੇਪਰਦ ਕਰਨ ਦੀ ਇਹ ਵਫ਼ਦ ਮੰਗ ਕਰੇਗਾ।ਉਨ੍ਹਾ ਕਿਹਾ ਕਿ ਵਫ਼ਦ ਵੱਲੋਂ ਇਸ ਮਾਮਲੇ ਨੂੰ ਲੈ ਕੇ ਵਿਜੀਲੈਂਸ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਜਾਵੇਗੀ।

### ਗਹਿਣੇ ਤੇ ਨਗਦੀ ਚੋਰੀ ਕਰਨ ਦੇ ਦੋਸ਼ 'ਚ 3 ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਬੀਤੇ ਦਿਨੀਂ ਪਿੰਡ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਵਿਖੇ ਇੱਕ ਘਰ ਵਿੱਚੋਂ ਸੋਨਾ, ਚਾਂਦੀ ਤੇ ਨਗਦੀ ਚੋਰੀ ਕਰਨ ਵਾਲੇ 3 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਅਮਰਜੀਤ ਕੌਰ ਪਤਨੀ ਜਰਨੈਲ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਸ਼ਿੰਦਰ ਕੁਮਾਰ ਉਰਫ ਡਿੱਲ ਪੁੱਤਰ ਬਲਬੀਰ ਸਿੰਘ, ਕੁਲਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਤੇ ਗੁਰਜੰਟ ਸਿੰਘ ਪੁੱਤਰ ਭਗਵਾਨ ਸਿੰਘ ਵਾਸੀਆਨ ਚੱਕ ਅਰਾਈਆਂਵਾਲਾ (ਫਲੀਆਂਵਾਲਾ) ਨੇ 12 ਜੂਨ 2024 ਦੀ ਰਾਤ ਕਰੀਬ 2.30 ਵਜੇ ਉਸ ਦੇ ਘਰ ਵਿੱਚ ਆ ਕੇ ਸੋਨਾ ਤੇ ਚਾਂਦੀ ਦੇ ਗਹਿਣੇ ਅਤੇ ਨਗਦ ਰਾਸ਼ੀ ਚੋਰੀ ਕੀਤੀ ਗਈ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਮੁਦੱਈ ਅਮਰਜੀਤ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਸ਼ਿੰਦਰ ਕੁਮਾਰ, ਕੁਲਵਿੰਦਰ ਸਿੰਘ ਤੇ ਗੁਰਜੰਟ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਦਿਹਾਤੀ ਮਜ਼ਦੂਰ ਸਭਾ ਦਾ ਸ.ਫਲ ਅਜਲਾਸ ਸੰਪੰਨ




**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦਿਹਾਤੀ ਮਜ਼ਦੂਰ ਸਭਾ ਤਹਿਸੀਲ ਮੁਕਤਸਰ ਸਾਹਿਬ ਅਜਲਾਸ ਸਫਲਤਾ ਪੂਰਵਕ ਸੰਪੰਨ ਹੋਇਆ। ਸਭ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਬਣਾਇਆ ਗਿਆ, ਜਿਸਦੀ ਪ੍ਰਧਾਨਗੀ ਪਾਰਸ ਸਿੰਘ ਲੁਬਾਣਿਆਂ ਵਾਲੀ ਤੇ ਨੰਦ ਸਿੰਘ ਕੁੱਕਰੀਆਂ ਨੇ ਕੀਤੀ। ਅਜਲਾਸ ਇਨਕਲਾਬੀ ਨਾਹਰਿਆਂ ਨਾਲ ਸ਼ੁਰੂ ਹੋਇਆ ਅਜਲਾਸ ਦਾ ਉਦਘਾਟਨ ਸੂਬਾ ਮੀਤ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਨੇ ਕੀਤਾ। ਉਨ੍ਹਾਂ ਆਪਣੇ ਉਦਘਾਟਨੀ ਭਾਸ਼ਣ ਵਿੱਚ ਜਥੇਬੰਦੀ ਦੀ ਬਣਤਰ, ਉਦੇਸ਼, ਸੰਵਿਧਾਨ ਤੇ ਕਮੇਟੀ ਨੂੰ ਨੂੰ ਸਚਾਰੂ ਢੰਗ ਨਾਲ ਚਲਾਉਣ ਅਤੇ ਦਿਹਾਤੀ ਮਜ਼ਦੂਰਾਂ ਦੀ ਵੱਡੀ ਲਾਮਬੰਦੀ ਕਿਵੇਂ ਕਰਨੀ ਹੈ ਅਤੇ ਵੱਡੀ ਲਹਿਰ ਉਸਾਰਨ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਮੋਦੀ ਫਾਸਿਸਟ ਹਕੂਮਤ ਭਾਵੇਂ ਸੱਤਾ ਵਿੱਚ ਆ ਗਈ ਹੈ, ਪਰ ਉਸ ਨੂੰ ਇਕੱਲਿਆਂ ਬਹੁਮਤ ਨਹੀਂ ਅਤੇ ਉਸ ਨੇ ਦਸ ਪਾਰਟੀਆਂ ਨੂੰ ਨਾਲ ਲੈ ਕੇ ਸਰਕਾਰ ਬਣਾਉਣੀ ਪਾਈ ਹੈ। ਇਸ ਲੋਕਾਂ ਨੇ ਫਾਸਿਸਟ ਮੋਦੀ ਸਰਕਾਰ ਨੂੰ ਲੋਕਾਂ ਵੱਲੋਂ ਚਲਦਾ ਕਰਨ ਦਾ ਫਤਵਾ ਦਿੱਤਾ ਹੈ ਤੇ ਲੋਕਾਂ ਨੇ ਮੋਦੀ ਦੀਆਂ ਤਾਨਾਸ਼ਾਹੀ ਨੀਤੀਆਂ ਵਿਰੁੱਧ ਫਤਵਾ ਦਿੱਤਾ ਹੈ ਤੇ ਆਰ ਐਸ ਐਸ ਦੇ ਏਜੰਡੇ ਨੂੰ ਭਾਰੀ ਹਾਰ ਦਿੱਤੀ ਹੈ। ਉਨ੍ਹਾਂ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਹੁਣ ਮੋਦੀ ਸਰਕਾਰ ਘੱਟ ਵਿੱਚ ਹੋਣ ਕਾਰਨ ਆਪਣੇ ਫਿਰਕੂ ਏਜੰਡੇ ਨੂੰ ਲਾਗੂ ਨਹੀਂ ਕਰ ਸਕੇਗੀ ਤੇ ਭਾਰਤੀ ਸੰਵਿਧਾਨ ਨੂੰ ਬਦਲ ਨਹੀਂ ਸਕੇਗੀ। ਉਨ੍ਹਾਂ ਕਿਹਾ ਮੋਦੀ ਸਰਕਾਰ ਦੇ ਰਾਜ ਦੌਰਾਨ ਲੱਕਤੋੜ ਮਹਿੰਗਾਈ ਹੋਈ ਹੈ ਤੇ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਪੇਂਡੂ ਦਿਹਾਤੀ ਖੇਤਰ ਦੇ ਮਜ਼ਦੂਰਾਂ 'ਤੇ ਪਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਦਿਹਾਤੀ ਮਜ਼ਦੂਰਾਂ ਦੀ ਵੱਡੀ ਲਹਿਰ ਖੜੀ ਕਰਕੇ ਮਜ਼ਦੂਰ ਮੰਗਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ ਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੂੰ ਵੀ ਹੋਰ ਤਕੜਾ ਕੀਤਾ ਜਾਵੇਗਾ ਅਤੇ ਮੰਗਾਂ ਦੀ ਪ੍ਰਾਪਤੀ ਲਈ ਮੌਜੂਦਾ ਐਪੀਆਂ ਤੇ ਵਿਧਾਇਕਾਂ ਨੂੰ ਮੰਗ ਪਤੱਰ ਸੌਂਪੇ ਜਾਣਗੇ। ਇਸ ਸਮੇਂ ਦਿਹਾਤੀ ਸਭਾ ਦੇ ਜ਼ਿਲ੍ਹਾ ਆਗੂ ਲਖਵੀਰ ਸਿੰਘ ਤਖ਼ਤ ਮੁਲਾਣਾ ਤੇ ਪਾਰਸ ਸਿੰਘ ਲੁਬਾਣਿਆਂ ਵਾਲੀ ਨੇ ਸੰਬੋਧਨ ਕੀਤਾ। ਅੰਤ ਵਿੱਚ ਤਹਿਸੀਲ ਕਮੇਟੀ ਚੁਣੀ ਗਈ।

# ਝੋਨੇ ਦੀ ਲੁਆਈ ਲਈ ਪੂਰਾ ਨਹਿਰੀ ਪਾਣੀ ਨਾ ਮਿਲਿਆ ਤਾਂ ਲੱਗਣਗੇ ਧਰਨੇ : ਪਾਲਮਾਜਰਾ/ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)**-ਗਰਮੀਆਂ ਦੀ ਸ਼ੁਰੂਆਤ ਵਿੱਚ ਜਦੋਂ ਝੋਨੇ ਦੀ ਲੁਆਈ ਦਾ ਸੀਜ਼ਨ ਜ਼ੋਰਾਂ 'ਤੇ ਹੁੰਦਾ ਹੈ ਤਾਂ ਨਹਿਰੀ ਪਾਣੀ ਕਿਸਾਨ ਲਈ ਜੀਵਨ ਦੇਣ ਵਾਲਾ ਹੁੰਦਾ ਹੈ, ਪਰ ਜਦੋਂ ਪਾਣੀ ਹੀ ਨਾ ਮਿਲੇ ਤਾਂ ਝੋਨੇ ਦੇ ਨਾਲ ਨਾਲ ਕਿਸਾਨ ਦੇ ਸਾਹ ਵੀ ਸੁੱਕ ਜਾਂਦੇ ਹਨ।ਅਜਿਹਾ ਕੁੱਝ ਹੀ ਹੁਣ ਵਾਪਰ ਰਿਹਾ ਹੈ, ਜਦੋਂ ਨਹਿਰਾਂ, ਸੂਏ ਤੇ ਖਾਲ਼ੇ ਕਿਸਾਨਾਂ ਨੂੰ ਝੋਨੇ ਦੀ ਲੁਆਈ ਲਈ ਲੋੜੀਂਦਾ ਪਾਣੀ ਉਪਲਬਧ ਨਾ ਕਰਾ ਰਹੇ ਹੋਣ।ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਪਰਮਿੰਦਰ ਸਿੰਘ ਪਾਲ ਮਾਜਰਾ ਤੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਮਾਨ ਸਰਕਾਰ ਦੇ ਕਿਸਾਨਾਂ ਨੂੰ ਪੂਰਾ ਨਹਿਰੀ ਪਾਣੀ ਦੇਣ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ, ਜਦੋਂ ਨਹਿਰੀ ਪਾਣੀ ਨੂੰ ਉਡੀਕਦੇ ਖਾਲੇ ਜਾਂ ਤਾਂ ਸੁੱਕੇ ਹੀ ਪਏ ਹਨ ਜਾਂ ਫੇਰ ਉਨ੍ਹਾਂ ਦਾ ਪਾਣੀ ਖੇਤਾਂ ਤੱਕ ਪਹੁੰਚਦਾ ਹੀ ਨਹੀਂ।ਉਨ੍ਹਾਂ ਕਿਹਾ ਕਿ ਕੁੱਝ ਅਜਿਹੇ ਇਲਾਕੇ ਹਨ, ਜਿੱਥੇ ਪਿਛਲੇ ਦੋ ਸਾਲਾਂ ਤੋਂ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਿਆ ਹੀ ਨਹੀਂ।ਉਨ੍ਹਾਂ ਕਿਹਾ ਕਿ ਸਰਕਾਰ ਨੇ ਖਾਲਿਆਂ ਦੀ ਸਫਾਈ 'ਤੇ ਲੱਖਾਂ ਰੁਪਏ ਖਰਚ ਕਰ ਦਿੱਤੇ, ਪਰ ਨਾ ਤਾਂ ਸਰਕਾਰ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਈ ਅਤੇ ਨਾ ਹੀ ਕਿਸਾਨਾਂ ਦੀ ਤਸੱਲੀ ਹੀ ਹੋਈ।ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨਹਿਰੀ ਪਟਵਾਰੀਆਂ ਨੂੰ ਕਿਸਾਨਾਂ ਨੂੰ ਪੂਰਾ ਨਹਿਰੀ ਪਾਣੀ ਦੇਣ ਦੀਆਂ ਫਰਜ਼ੀ ਰਿਪੋਟਾਂ ਤਿਆਰ ਕਰਨ ਲਈ ਮਜਬੂਰ ਕਰ ਰਿਹਾ ਹੈ।ਜਿਹੜੇ ਪਟਵਾਰੀ ਗਲਤ ਕੰਮ ਨਹੀਂ ਕਰਦੇ, ਉਨ੍ਹਾਂ ਨੂੰ ਬਦਲੀਆਂ ਤੇ ਮੁਅੱਤਲੀਆਂ ਵਰਗੀਆਂ ਸਜ਼ਾਵਾਂ ਦੇ ਕੇ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਮਾਨ ਸਰਕਾਰ ਦੀ ਇਹ ਸਾਜ਼ਿਸ਼ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਦੇਣ ਦੀ ਹੈ, ਜਿਸ ਨੂੰ ਕਿ ਕਦਾਚਿਤ ਸਫਲ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਪੰਜਾਬ ਕੋਲ ਪਹਿਲਾਂ ਹੀ ਖੇਤੀ ਜੋਗਾ ਪਾਣੀ ਨਹੀਂ ਹੈ।ਉਨ੍ਹਾਂ ਕਿਹਾ ਕਿ ਇਹ ਕਿਸਾਨਾਂ ਨਾਲ ਸਰਾਸਰ ਧੱਕਾ ਹੈ ਤੇ ਸਰਕਾਰ ਦਾ ਪੰਜਾਬ ਦੀ ਕਿਸਾਨੀ ਲਈ ਧੋਖਾ ਹੈ।ਉਨ੍ਹਾਂ ਕਿਹਾ ਕਿ ਜਦੋਂ ਕਿਸਾਨਾਂ ਨੂੰ ਪੂਰਾ ਨਹਿਰੀ ਪਾਣੀ ਮਿਲਣਾ ਹੀ ਨਹੀਂ ਤਾਂ ਕਾਗਜ਼ਾਂ ਦੀ ਪ੍ਰਤੀਪੂਰਤੀ ਨਾਲ ਨਾ ਤਾਂ ਕਿਸਾਨ ਦੀ ਫਸਲ ਖੁਸ਼ਹਾਲ ਹੋਣੀ ਤੇ ਨਾ ਹੀ ਪੰਜਾਬ ਦੀ ਤਰੱਕੀ ਹੋਣੀ।ਉਨ੍ਹਾਂ ਮੰਗ ਕੀਤੀ ਕਿ ਖੇਤੀਬਾੜੀ ਦੀ ਸਿੰਚਾਈ ਲਈ ਸਰਕਾਰ ਸਾਲ ਵਿੱਚ ਘੱਟੋ-ਘੱਟ ਦਸ ਮਹੀਨੇ ਨਹਿਰੀ ਪਾਣੀ ਛੱਡੇ ਤਾਂ ਜੋ ਕਿਸਾਨਾਂ ਨੂੰ ਬਿਜਲੀ ਮੋਟਰਾਂ ਚਲਾਉਣੀਆਂ ਹੀ ਨਾ ਪੈਣ।ਉਨ੍ਹਾਂ ਕਿਹਾ ਕਿ ਬਿਜਲੀ ਪੂਰੀ ਨਾ ਆਉਣ ਕਾਰਨ ਸਬਜ਼ੀਆਂ, ਗੰਨਾ, ਮੱਕਾ ਤੇ ਹਰਾ ਚਾਰਾ ਸੜ- ਸੁੱਕ ਕੇ ਸੁਆਹ ਹੋ ਜਾਂਦਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਸੂਏ ਪੱਕੇ ਕਰਨ ਨਾਲ ਮੋਘੇ ਉੱਚੇ ਲਾ ਦਿੱਤੇ ਹਨ, ਜਿਸ ਨਾਲ ਖੇਤਾਂ ਵਿੱਚ ਪਾਣੀ ਪਹੁੰਚਦਾ ਹੀ ਨਹੀਂ।ਉਨ੍ਹਾਂ ਸਮਰਾਲਾ ਤਹਿਸੀਲ ਦੇ ਘੱਟ ਨਹਿਰੀ ਪਾਣੀ ਪਹੁੰਚਦੇ ਪਿੰਡਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਚਹਿਲਾਂ, ਸ਼ਾਮਗੜ੍ਹ, ਝਕੜੌਦੀ, ਭਗਵਾਨਪੁਰਾ, ਮੁੱਤੋਂ, ਘੱਟਰਾਂ, ਮਾਦਪੁਰ, ਬਲਾਲਾ, ਖਹਿਰੇ ਤੇ ਮਹਿਦੂਦਾਂ ਆਦਿ ਪਿੰਡਾਂ ਦੀ ਕਿਸਾਨੀ ਨੂੰ ਨਹਿਰੀ ਪਾਣੀ ਹੀ ਨਹੀਂ ਮਿਲ ਰਿਹਾ।ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਝੋਨੇ ਦੀ ਫਸਲ ਲਈ ਕਿਸਾਨਾਂ ਨੂੰ ਪੂਰਾ ਨਹਿਰੀ ਪਾਣੀ ਉਪਲਬਧ ਕਰਾਵੇ ਨਹੀਂ ਤਾਂ ਉਹ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਵਿਰੁੱਧ ਧਰਨੇ ਲਾਉਣ ਤੋਂ ਗੁਰੇਜ਼ ਨਗੀਂ ਕਰਨਗੇ।

# ਸੀ ਐੱਮ ਦੀ ਯੋਗਸ਼ਾਲਾ ਲੋਕਾਂ ਦੀ ਰੋਗ ਮੁਕਤੀ ਲਈ ਵਰਦਾਨ ਸਾਬਿਤ : ਡੀ ਸੀ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਸਰਕਾਰ ਤੇ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਡਰੀਮ ਪ੍ਰੋਜੈਕਟ ਸੀ.ਐੱਮ.ਦੀ ਯੋਗਸ਼ਾਲਾ ਨਾਲ ਮੋਗਾ ਦੇ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਹੁਤ ਆਰਾਮ ਮਿਲਿਆ ਹੈ। ਪੰਜਾਬ ਸਰਕਾਰ ਦੀ ਮਹੱਤਵਪੂਰਨ ਯੋਜਨਾ 'ਸੀ.ਐੱਮ. ਦੀ ਯੋਗਸ਼ਾਲਾ' ਮੋਗਾ ਜ਼ਿਲ੍ਹੇ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਜ਼ਿਲ੍ਹੇ ਭਰ ਵਿੱਚ ਸ਼ੁਰੂ ਹੋਈਆਂ ਯੋਗਾ ਕਲਾਸਾਂ ਵਿੱਚ ਸ਼ਾਮਲ ਹੋਣ ਤੋਂ ਬਾਅਦ ਵੱਖ-ਵੱਖ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਲੋਕਾਂ ਨੂੰ ਰਾਹਤ ਮਿਲੀ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਵਿੱਚ ਸੀ.ਐੱਮ. ਦੀ ਯੋਗਸ਼ਾਲਾ ਸਕੀਮ ਤਹਿਤ ਲਗਭਗ 50 ਸਥਾਨਾਂ ਉੱਪਰ 83 ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਲੋਕਾਂ ਨੂੰ ਮੁਫ਼ਤ ਵਿੱਚ ਲਾਹਾ ਦਿੱਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਯੋਗ ਅਭਿਆਸਾਂ ਦੁਆਰਾ ਮੁਫ਼ਤ ਯੋਗ ਅਭਿਆਸਾਂ ਨੂੰ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਕਸਰਤ, ਆਸਨ, ਪ੍ਰਾਣਾਯਾਮ ਆਦਿ ਸ਼ਾਮਲ ਹਨ। ਇਨ੍ਹਾਂ ਕਲਾਸਾਂ ਵਿੱਚ ਹਰ ਉਮਰ ਦੇ ਲੋਕ ਸ਼ਾਮਲ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਜੋੜਾਂ ਦੇ ਦਰਦ, ਸ਼ੂਗਰ, ਥਾਈਰਾਈਡ, ਪੰਜਾਬੀ ਆਦਿ ਵਿੱਚ ਲਾਭ ਪ੍ਰਾਪਤ ਹੁੰਦਾ ਹੈ। ਨਿਯਮਤ ਅਧਿਐਨ ਤੋਂ ਸਿਰਫ਼ ਸਰੀਰਕ ਸਵਸਥ ਲਾਭ ਪ੍ਰਾਪਤ ਨਹੀਂ ਹੁੰਦਾ, ਸਗੋਂ ਮਾਨਸਿਕ ਸਿਹਤ ਵਿੱਚ ਵੀ ਸੁਧਾਰ ਆਉਂਦਾ ਹੈ। ਸੀ. ਐੱਮ. ਯੋਗਸ਼ਾਲਾ ਸਕੀਮ ਦੇ ਜ਼ਿਲ੍ਹਾ ਕੋਆਰਡੀਨੇਟਰ ਆਜ਼ਾਦ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਭਵਿੱਖ ਵਿੱਚ ਇਸ ਨਾਲ ਹੋਰ ਲੋਕਾਂ ਨੂੰ ਵੀ ਜੋੜਿਆ ਜਾਵੇਗਾ। ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਸੀ. ਐੱਮ. ਦੀ ਯੋਗਸ਼ਾਲਾ ਯੋਜਨਾ ਪੰਜਾਬ ਸਰਕਾਰ ਦੀ ਇੱਕ ਸ਼ਲਾਘਾਯੋਗ ਕੋਸ਼ਿਸ਼ ਹੈ, ਜਿਸ ਤਹਿਤ ਲੋਕਾਂ ਨੂੰ ਸਿਹਤਮੰਦ ਰਹਿਣ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਲੋਕਾਂ ਨੂੰ ਰੋਗ ਮੁਕਤ ਕਰਨ ਦਾ ਸਾਧਨ ਬਣੇਗੀ। ਇਹ ਯੋਗਸ਼ਾਲਾ ਮੋਗਾ ਸ਼ਹਿਰ ਦੇ ਨਾਲ-ਨਾਲ ਕੋਟ ਈਸੇ ਖਾਂ, ਧਰਮਕੋਟ, ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ ਵਿਖੇ ਚੱਲ ਰਹੀ ਹੈ।

# ਡਾ. ਦੀਪ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ



**ਬੁਢਲਾਡਾ (ਅਸ਼ੋਕ ਲਾਕੜਾ)**

ਪੰਜਾਬ ਦੀ ਚੌਥੀ ਪੀੜ੍ਹੀ ਦੇ ਉੱਘੇ ਨਾਟਕਕਾਰ ਡਾ. ਕੁਲਦੀਪ ਸਿੰਘ ਦੀਪ ਨੂੰ ਉਨ੍ਹਾਂ ਦੇ ਬਾਲ ਨਾਟਕ 'ਮੈਂ ਜਲ੍ਹਿਆਂਵਾਲਾ ਬਾਗ ਬੋਲਦਾ ਹਾਂ' ਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਬਾਲ ਸਾਹਿਤ ਅਕਾਦਮੀ ਨਾਲ ਸਨਮਾਨਤ ਹੋਣ 'ਤੇ ਸਾਹਿਤਕ ਹਲਕਿਆਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ।ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਨਸਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਾ. ਕੁਲਦੀਪ ਸਿੰਘ ਦੀਪ ਨੂੰ ਉਨ੍ਹਾਂ ਦੇ ਸਮੁੱਚੇ ਲੇਖਣ ਕਾਰਜ ਲਈ ਵਧਾਈਆਂ ਦਿੱਤੀਆਂ।ਲੇਖਕ ਸੰਘ ਦੇ ਜਨਰਲ ਸਕੱਤਰ ਕੁਲਦੀਪ ਚੌਹਾਨ ਨੇ ਦੱਸਿਆ ਕਿ ਕੁਲਦੀਪ ਸਿੰਘ ਦੀਪ ਇੱਕ ਚਲਦੀ ਫਿਰਦੀ ਸੰਸਥਾ ਹੈ, ਜੋ ਬਹੁਤ ਸਾਰੀਆਂ ਸੰਸਥਾਵਾਂ ਵਿੱਚ ਬੜੀ ਸਰਗਰਮ ਭੂਮਿਕਾ ਨਿਭਾਅ ਰਹੇ ਹਨ।ਮੌਜੂਦਾ ਸਮੇਂ ਵਿੱਚ ਜਿੱਥੇ ਉਹ ਸ਼ਹੀਦ ਭਗਤ ਸਿੰਘ ਕਲਾ ਮੰਚ ਦੇ ਕਨਵੀਨਰ ਦੇ ਤੌਰ 'ਤੇ ਕਾਰਜ ਕਰ ਰਹੇ ਹਨ, ਉੱਥੇ ਹੀ ਉਹ ਪੰਜਾਬ ਦੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਦੇ ਤੌਰ 'ਤੇ ਵੀ ਅਹਿਮ ਭੂਮਿਕਾ ਨਿਭਾਲ ਰਹੇ ਹਨ।ਹੁਣ ਤੱਕ ਉਨ੍ਹਾਂ ਦੀਆਂ 35 ਦੇ ਕਰੀਬ ਨਾਟਕ, ਅਲੋਚਨਾ, ਵਾਰਤਕ ਆਦਿ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ।

ਹੋਰ ਮਾਨਾਂ ਸਨਮਾਨਾਂ ਦੇ ਨਾਲ-ਨਾਲ ਉਨ੍ਹਾਂ ਦੀ ਪਲੇਠੀ ਪੁਸਤਕ ਉਪੇਰਾ ਨਾਟਕ 'ਇਹ ਜੰਗ ਕੌਣ ਲੜੇ' ਨੂੰ ਹਰਿਆਣਾ ਸਾਹਿਤ ਅਕਾਦਮੀ ਦਾ ਐਵਾਰਡ ਵੀ ਮਿਲ ਚੁੱਕਾ ਹੈ।ਖੁਦਕੁਸ਼ੀ ਦੇ ਮੋੜ 'ਤੇ, ਸਿਲਸਿਲਾ, ਭੁੱਬਲ ਦੀ ਅੱਗ ਉਨ੍ਹਾਂ ਦੇ ਬਹੁਤ ਹੀ ਚਰਚਿਤ ਨਾਟਕ ਹਨ।ਬਾਲ ਸਾਹਿਤ ਤਹਿਤ ਉਨ੍ਹਾਂ ਦੇ ਨਾਟਕ 'ਮੈਂ ਜਲ੍ਹਿਆਂਵਾਲਾ ਬਾਗ਼ ਬੋਲਦਾ ਹਾਂ' ਨੂੰ ਸਹਿਤ ਅਕਾਦਮੀ ਐਵਾਰਡ ਮਿਲਣ ਉੱਪਰ ਉਨ੍ਹਾਂ ਦਾ ਸਾਹਿਤਕ ਕੱਦ ਹੋਰ ਵੀ ਉੱਚਾ ਹੋਇਆ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਨਸਾ ਦੇ ਪ੍ਰਧਾਨ ਗੁਰਨੈਬ ਸਿੰਘ ਮਘਾਣੀਆਂ , ਗੁਲਾਬ ਸਿੰਘ ਰਿਉਂਦ ਕਲਾਂ, ਸੰਤੋਖ ਸਾਗਰ, ਜਗਜੀਵਨ ਸਿੰਘ, ਜਗਦੀਸ਼ ਰਾਏ ਕੁਲਰੀਆਂ, ਦਰਸ਼ਨ ਸਿੰਘ ਬਰੇਟਾ, ਕਹਾਣੀਕਾਰ ਦਰਸ਼ਨ ਜੋਗਾ, ਸੁਭਾਸ਼ ਬਿੱਟੂ, ਸ਼ਾਇਰ ਗੁਰਪ੍ਰੀਤ, ਤੇਜਿੰਦਰ ਕੌਰ ਜ਼ਿਲ੍ਹਾ ਭਾਸ਼ਾ ਅਫਸਰ ਮਾਨਸਾ, ਮਹਿੰਦਰਪਾਲ ਸਿੰਘ, ਅਸ਼ੋਕ ਬਾਂਸਲ ਮਾਨਸਾ, ਗਗਨਦੀਪ ਸ਼ਰਮਾ ਆਦਿ ਨੇ ਵੀ ਵਧਾਈਆਂ ਦਿੱਤੀਆਂ।

# ਦੁਰਗਾ ਦਲ ਸੇਵਾ ਸੰਮਤੀ ਵੱਲੋਂ ਸੂਬਾ ਪੱਧਰੀ ਮੀਟਿੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਿਹਤ ਸੇਵਾਵਾਂ ਸਮੇਤ ਹੋਰ ਸਮਾਜ ਸੇਵਾ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਸੰਸਥਾ ਸ੍ਰੀ ਦੁਰਗਾ ਦਲ ਸੇਵਾ ਸੰਮਤੀ ਦੀ ਸੂਬਾ ਪੱਧਰੀ ਮੀਟਿੰਗ ਹੋਈ, ਜਿਸ ਵਿੱਚ ਰਾਜ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਨੁਮਾਇੰਦਿਆਂ ਨਵਰਾਤਿਆਂ ਦੌਰਾਨ ਮਾਤਾ ਸ੍ਰੀ ਨੈਣਾਂ ਦੇਵੀ ਦੇ ਲੱਗਣ ਵਾਲੇ ਮੇਲੇ ਉੱਤੇ ਜਾਣ ਵਾਲੇ ਸ਼ਰਧਾਲੂਆਂ ਲਈ ਲੰਗਰ ਤੇ ਹੋਰ ਸੇਵਾਵਾਂ ਚਲਾਉਣ ਦੇ ਮਕਸਦ ਨਾਲ ਇਕੱਠੇ ਕੀਤੇ ਜਾਣ ਵਾਲੇ ਫੰਡ ਅਤੇ ਹੋਰ ਸੇਵਾਵਾਂ ਦੀਆਂ ਜ਼ਿੰਮੇਵਾਰੀਆਂ ਲਾਈਆਂ ਗਈਆਂ।ਸ੍ਰੀ ਦੁਰਗਾ ਦਲ ਸੇਵਾ ਸੰਮਤੀ ਦੇ ਪੰਜਾਬ ਦੇ ਜਨਰਲ ਸਕੱਤਰ ਧਿਆਨ ਚੰਦ, ਰੂਪ ਸਿੰਗਲਾ ਸੀਨੀਅਰ ਮੀਤ ਪ੍ਰਧਾਨ, ਮਦਨ ਲਾਲ ਪ੍ਰਧਾਨ ਪਾਤੜਾਂ ਤੇ ਚੰਦਰ ਭਾਨ ਜਨਰਲ ਸਕੱਤਰ ਨੇ ਦੱਸਿਆ ਕਿ ਮੀਟਿੰਗ 'ਚ ਹਰ ਮਾਤਾ ਸ੍ਰੀ ਨੈਣਾ ਦੇਵੀ ਜੀ ਦੇ ਸਾਵਣ ਦੇ ਚਾਲ੍ਹੇ ਤੇ ਨੈਣਾਂ ਦੇਵੀ ਮੰਦਰ ਨੇੜੇ ਲੱਗਣ ਵਾਲੇ ਭੰਡਾਰੇ ਲਈ ਸਾਰੇ ਹੀ ਆਗੂਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ।ਹਰ ਸਾਲ ਲੱਗਣ ਵਾਲੇ ਇਸ 52ਵੇਂ ਭੰਡਾਰੇ ਤੇ ਇਸ ਵਾਰ ਵੀ ਨੈਣਾਂ ਦੇਵੀ ਦੇ ਦਰਸ਼ਨਾਂ ਵਾਸਤੇ ਜਾਣ ਵਾਲੇ ਸ਼ਧਾਲੂਆਂ ਲਈ ਬੱਚਿਆਂ ਵਾਸਤੇ ਦੁੱਧ, ਖੀਰ ਦਾਲ ਛੋਲੇ ਤੇ ਪੂਰੀਆਂ ਤੋਂ ਇਲਾਵਾ ਹਰ ਰੋਜ਼ ਬਦਲ ਕੇ ਲੰਗਰ ਤਿਆਰ ਕਰਕੇ ਸ਼ਰਧਾਲੂਆਂ ਨੂੰ 24 ਘੰਟੇ ਛਕਾ ਕੇ ਜਿੱਥੇ ਮਾਤਾ ਨੈਣਾ ਦੇਵੀ ਦਾ ਅਸ਼ੀਰਵਾਦ ਲਿਆ ਜਾਵੇਗਾ, ਉੱਥੇ ਹੀ ਮੈਡੀਕਲ ਕੈਂਪ ਲਾ ਕੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।ਇਸ ਤੋਂ ਇਲਾਵਾ ਪੁਲਿਸ ਵੱਲੋਂ ਕੀਤੇ ਜਾਣ ਵਾਲੇ ਕੰਟਰੋਲ ਵਿੱਚ ਸਾਡੇ ਵਲੰਟੀਅਰਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਜਾਵੇਗਾ।ਇਸ ਵਾਰ ਦਾ ਇਹ ਭੰਡਾਰਾ 4 ਅਗਸਤ ਤੋਂ ਲੈ ਕੇ 13 ਅਗਸਤ ਤੱਕ ਚੱਲੇਗਾ, ਜਿਸ ਦੀਆਂ ਤਿਆਰੀਆਂ ਹੁਣ ਤੂੰ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਮਦਨ ਲਾਲ ਪ੍ਰਧਾਨ ਪਾਤੜਾਂ ਤੇ ਚੰਦਰ ਭਾਨ ਜਨਰਲ ਸਕੱਤਰ ਪਾਤੜਾਂ ਨੇ ਆਏ ਅਹੁਦੇਦਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਭੰਡਾਰੇ ਵਿੱਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਵਧ-ਚੜ੍ਹ ਕੇ ਯੋਗਦਾਨ ਪਾਇਆ ਜਾਵੇਗਾ।

# ਮਿਸਤਰੀ ਭਾਈਚਾਰੇ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੇ ਮਿਸਤਰੀ ਭਾਈਚਾਰੇ ਵੱਲੋਂ ਭਰੀ ਵਰਕਸ਼ਾਪ 'ਤੇ ਸਮੂਹ ਜਥੇਬੰਦੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਲੈ ਕੇ ਸ਼ਹਿਰ ਦੀ ਤਿੰਨਕੋਣੀ ਨਜ਼ਦੀਕ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਜਾਣਕਾਰੀ ਦਿੰਦਿਆਂ ਹੀਰੋ ਇੰਡਸਟਰੀ ਦੇ ਮਾਲਕ ਮਿਸਤਰੀ ਨਿਰਮਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਸਮੂਹ ਰਾਮਗੜ੍ਹੀਏ ਭਾਈਚਾਰੇ ਵੱਲੋਂ ਇਸ ਠੰਢੇ ਮਿੱਠੇ ਜਲ ਦੀ ਛਬੀਲ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰਾਹਗੀਰਾਂ ਵੱਲੋਂ ਜਲ ਛਕਿਆ ਗਿਆ। ਇਸ ਮੌਕੇ ਸਮੂਹ ਭਾਈਚਾਰੇ ਤੋਂ ਇਲਾਵਾ ਹਨੀ ਗਰਗ ਵੀ ਸ਼ਾਮਲ ਸਨ। ਉਧਰ ਦੂਜੇ ਪਾਸੇ ਹੋਰ ਨੌਜਵਾਨਾਂ ਵੱਲੋਂ ਵੀ ਸ਼ਹਿਰ ਅੰਦਰ ਛਬੀਲ ਲਗਾਈ ਗਈ। ਜਾਣਕਾਰੀ ਦਿੰਦਿਆਂ ਗੋਪਾਲ ਭੰਬਰੀ ਨੇ ਦੱਸਿਆ ਕਿ ਗੁਰੂਆਂ ਦੀ ਸ਼ਹਾਦਤ ਨੂੰ ਲੈ ਕੇ ਉਨ੍ਹਾਂ ਵੱਲੋਂ ਵੀ ਸ਼ਹਿਰ ਦੇ ਬਰਨਾਲਾ ਰੋਡ 'ਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

# ਅੱਤ ਦੀ ਗਰਮੀ ਮਨੁੱਖੀ ਸਿਹਤ ਲਈ ਮਾਰੂ : ਪਾਸਟਰ ਰੇਤਗੜ੍ਹ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਵੇਅ ਆਫ ਫੇਥ ਚਰਚ ਰੇਤਗੜ੍ਹ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਰੇਤਗੜ੍ਹ ਚਰਚ ਮੁਖੀ ਪਾਸਟਰ ਗੁਰਚਰਨ ਸਿੰਘ ਰੇਤਗੜ੍ਹ ਨੇ ਦੱਸਿਆ ਕਿ ਜੂਨ ਦਾ ਮਹੀਨਾ ਅੱਤ ਦੀ ਗਰਮੀ ਦੀ ਮਾਰ ਹੇਠ ਚੱਲ ਰਿਹਾ ਹੈ।ਉਨ੍ਹਾ ਸੰਗਤਾਂ ਨੂੰ ਅਪੀਲ ਕੀਤੀ ਕਿ ਅੱਤ ਦੀ ਗਰਮੀ ਮਨੁੱਖੀ ਸਿਹਤ ਲਈ ਮਾਰੂ ਸਾਬਿਤ ਹੋ ਸਕਦੀ ਹੈ, ਇਸ ਲਈ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਨਵਜੰਮੇ ਬੱਚੇ, ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਲੋਕਾਂ, ਮਜ਼ਦੂਰਾਂ, ਮਾਨਸਿਕ ਤੌਰ 'ਤੇ ਬਿਮਾਰ ਲੋਕਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਆਦਿ ਨੂੰ ਏਸ ਵਧ ਰਹੇ ਤਾਪਮਾਨ ਤੋਂ ਬਚਾਅ ਰੱਖਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਬਾਹਰ ਕੰਮ ਕਰਨ ਵੇਲੇ ਹਲਕੇ ਰੰਗ ਦੇ ਪੂਰੇ ਸਰੀਰ ਨੂੰ ਢਕਣ ਵਾਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ, ਆਪਣੇ ਸਿਰ ਨੂੰ ਸਿੱਧੀ ਧੁੱਪ ਤੋਂ ਢਕਣ ਲਈ ਛਤਰੀ, ਟੋਪੀ, ਤੌਲੀਏ, ਪੱਗ ਜਾਂ ਦੁਪੱਟੇ ਦੀ ਵਰਤੋਂ ਕੀਤੀ ਜਾਵੇ ਅਤੇ ਨੰਗੇ ਪੈਰ ਧੁੱਪ ਵਿੱਚ ਨਾ ਜਾਇਆ ਜਾਵੇ।ਜੋ ਲੋਕ ਧੁੱਪ ਵਿੱਚ ਕੰਮ ਕਰਦੇ ਹਨ, ਉਹ ਸਰੀਰ ਦਾ ਤਾਪਮਾਨ 37 ਡਿਗਰੀ ਰੱਖਣ ਲਈ ਥੋੜ੍ਹੀ ਦੇਰ ਬਾਅਦ ਛਾਵੇਂ ਆਰਾਮ ਕਰਨ ਜਾਂ ਸਿਰ 'ਤੇ ਗਿੱਲਾ ਤੌਲੀਆ ਜਾਂ ਕੱਪੜਾ ਜ਼ਰੂਰ ਰੱਖਣ, ਧੁੱਪ ਵਿੱਚ ਜਾਣ ਵੇਲੇ ਹਮੇਸ਼ਾਂ ਪਾਣੀ ਨਾਲ ਲੈ ਕੇ ਜਾਓ। ਉਹਨਾਂ ਕਿਹਾ ਕਿ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਖਰਬੂਜਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ, ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ।ਉਨ੍ਹਾ ਕਿਹਾ ਕਿ ਅਜਿਹੇ ਮੌਸਮ ਦੌਰਾਨ ਓ.ਆਰ.ਐੱਸ., ਨਿੰਬੂ ਪਾਣੀ, ਲੱਸੀ, ਨਾਰੀਅਲ ਦਾ ਪਾਣੀ ਤੇ ਹੋਰ ਤਰਲ ਪਦਾਰਥਾਂ ਦਾ ਸੇਵਨ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ।

ਉਨ੍ਹਾ ਕਿਹਾ ਕਿ ਗਰਮੀ ਦੇ ਸਿਖਰ ਦੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਪ੍ਰਹੇਜ਼ ਕਰੋ, ਰਸੋਈ ਦੇ ਖੇਤਰ ਨੂੰ ਚੰਗੀ ਤਰ੍ਹਾਂ ਹਵਾਦਾਰ ਕਰਨ ਲਈ ਦਰਵਾਜ਼ੇ ਤੇ ਖਿੜਕੀਆਂ ਖੁੱਲ੍ਹੀਆਂ ਰੱਖੋ।ਸਿਗਰਟ, ਤੰਬਾਕੂ, ਬੀੜੀ ਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ।ਚਾਹ, ਕੌਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ, ਤਲੇ ਤੇ ਬਾਹਰਲੇ ਖਾਣੇ ਤੋਂ ਪ੍ਰਹੇਜ਼ ਕਰੋ। ਇਸ ਮੌਕੇ ਪਾਸਟਰ ਰਾਜਵਿੰਦਰ ਕੌਰ ਸਮੇਤ ਰੇਤਗੜ੍ਹ ਚਰਚ ਦੀ ਸਮੁੱਚੀ ਟੀਮ ਤੇ ਵੱਡੀ ਗਿਣਤੀ 'ਚ ਸੰਗਤ ਮੌਜੂਦ ਸੀ।

# ਸਿਵਲ ਸਰਜਨ ਨੇ ਮਮਤਾ ਦਿਵਸ ਦੀ ਕੀਤੀ ਸਪੋਰਟਿਵ ਸੁਪਰਵੀਜ਼ਨ



ਮਮਤਾ ਦਿਵਸ ਦੀ ਸੁਪਰਵੀਜ਼ਨ ਕਰਦੇ ਹੋਏ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ।

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਨਾਮੁਰਾਦ ਬਿਮਾਰੀਆਂ ਤੋਂ ਬਚਾਉਣ ਲਈ ਸਿਹਤ ਵਿਭਾਗ ਦੀ ਨਿਰਧਾਰਤ ਸੂਚੀ ਅਨੁਸਾਰ ਸੰਪੂਰਨ ਟੀਕਾਕਰਨ ਕਰਾਉਣਾ ਅਤੀ ਜ਼ਰੂਰੀ ਹੁੰਦਾ ਹੈ।ਇਸ ਲਈ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ ਸਾਰੀਆਂ ਸਿਹਤ ਸੰਸਥਾਵਾਂ ਅਧੀਨ ਹਰ ਬੁੱਧਵਾਰ 'ਤੇ ਲੋੜ ਪੈਣ ਤੇ ਸ਼ਨੀਵਾਰ ਅਤੇ ਸਪੈਸ਼ਲ ਆਊਟਰੀਚ ਕੈਂਪ ਲਾ ਕੇ ਮਮਤਾ ਦਿਵਸ ਮਨਾਇਆ ਜਾਂਦਾ ਹੈ ਤਾਂ ਜੁ ਕੋਈ ਵੀ ਲੋੜਵੰਦ ਟੀਕਾਕਰਨ ਤੋਂ ਵਾਂਝਾ ਨਾ ਰਹਿ ਸਕੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਹਸਪਤਾਲ ਵਿੱਚ ਮਨਾਏ ਜਾ ਰਹੇ ਮਮਤਾ ਦਿਵਸ ਦੀ ਸਪੋਰਟਿਵ ਸੁਪਰਵੀਜ਼ਨ ਦੌਰਾਨ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਕੀਤਾ। ਮਮਤਾ ਦਿਵਸ ਦੀ ਸੁਪਰਵੀਜ਼ਨ ਕਰਦਿਆਂ ਡਾ ਦਵਿੰਦਰਜੀਤ ਕੌਰ ਨੇ ਮਾਵਾਂ ਤੇ ਬੱਚਿਆਂ ਦੇ ਟੀਕਾਕਰਨ ਦਾ ਰਿਕਾਰਡ, ਵੈਕਸੀਨ ਦੀ ਸਟੋਰੇਜ ਤੇ ਕੋਲਡ ਚੇਨ, ਬਾਇਓ ਮੈਡੀਕਲ ਵੇਸਟ ਮੈਨੇਜਮੈਂਟ, ਡਿਸਪੋਜੇਬਲ ਸੁਈਆਂ ,ਸਰਿੰਜਾਂ ਅਤੇ ਵੈਕਸੀਨ ਦੇ ਰੱਖ-ਰਖਾਵ ਆਦਿ ਸਬੰਧੀ ਚੈਕਿੰਗ ਕਰਕੇ ਤਸੱਲੀ ਪ੍ਰਗਟ ਕੀਤੀ।ਇਸ ਮੌਕੇ ਆਪਣੇ ਬੱਚਿਆਂ ਨੂੰ ਟੀਕਾ ਲਵਾਉਣ ਆਏ ਮਾਪਿਆਂ ਨੂੰ ਜਾਗਰੂਕ ਕਰਦਿਆਂ ਉਨ੍ਹਾਂ ਕਿਹਾ ਕਿ ਨਾਮੁਰਾਦ ਬਿਮਾਰੀਆਂ ਤੋਂ ਬਚਾਉਣ ਲਈ ਗਰਭਵਤੀਆ ਤੇ ਬੱਚਿਆਂ ਦਾ ਟੀਕਾਕਰਨ ਕਰਾਉਣਾ ਬਹੁਤ ਜਰੂਰੀ ਹੁੰਦਾ ਹੈ, ਇਸ ਲਈ ਗਰਭਵਤੀਆਂ ਨੂੰ ਗਰਭ ਦੌਰਾਨ ਜਿੰਨੀ ਜਲਦੀ ਹੋ ਸਕੇ ਟੀ. ਡੀ. ਦੇ ਦੋ ਟੀਕੇ ਜ਼ਰੂਰ ਲਵਾਏ ਜਾਣੇ ਚਾਹੀਦੇ ਹਨ ਅਤੇ ਬੱਚੇ ਨੂੰ ਪੰਜ ਸਾਲ ਵਿੱਚ ਗਿਆਰਾਂ ਵਾਰ ਸਿਹਤ ਸੰਸਥਾ ਤੇ ਲਿਆ ਕੇ ਨਿਰਧਾਰਤ ਸੂਚੀ ਅਨੁਸਾਰ ਟੀਕਾਕਰਨ ਕਰਾਉਣਾ ਚਾਹੀਦਾ ਹੈ ਤਾਂ ਜੁ ਬੱਚਿਆ ਨੂੰ ਨਾਮੁਰਾਦ ਬਿਮਾਰੀਆਂ ਤੋਂ ਬਚਾਇਆ ਜਾ ਸਕੇ।ਇਸ ਮੌਕੇ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ ਗੁਰਪ੍ਰੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਡਾ. ਕਸ਼ੀਤਿਜ ਸੀਮਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਕੌਰ, ਮਲਟੀਪਰਪਜ ਹੈਲਥ ਸੁਪਰਵਾਈਜ਼ਰ ਮਲਕੀਤ ਕੌਰ, ਏ.ਐਨ.ਐਮ ਕਮਲਜੀਤ ਕੌਰ ਤੋਂ ਇਲਾਵਾ ਆਸ਼ਾ ਵਰਕਰਾਂ ਤੇ ਲਾਭਪਾਤਰੀ ਹਾਜ਼ਰ ਸਨ। ।

# ਆਈ ਐੱਚ ਐੱਮ ਵਿਖੇ ਲਗਾਇਆ ਅੱਖਾਂ ਦਾ ਚੈੱਕਅੱਪ ਕੈਂਪ




**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਸਥਾਨਕ ਸਟੇਟ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਵੱਲੋਂ ਆਸ-ਪਾਸ ਦੇ ਇਲਾਕੇ ਦੇ ਬੇਰੁਜ਼ਗਾਰ ਲੜਕੇ-ਲੜਕੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਉਦਮਿਤਾ ਤੇ ਸਕਿੱਲ ਵਿਕਸਤ ਕਰਨ ਦੇ ਟੀਚੇ ਨੂੰ ਲੈ ਕੇ 'ਹੁਨਰ ਸੇ ਰੁਜ਼ਗਾਰ ਤੱਕ' ਪ੍ਰੋਗਰਾਮ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਆਈ.ਐੱਚ.ਐੱਮ. ਦੇ ਪ੍ਰਿੰਸੀਪਲ ਮੈਡਮ ਰਾਜਨੀਤ ਕੋਹਲੀ ਨੇ ਸਾਂਝੀ ਕੀਤੀ।ਪ੍ਰੋਗਰਾਮ ਕੋਆਰਡੀਨੇਟਰ ਗੀਤੂ ਬਾਲਾ ਗਰਗ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਅਧੀਨ ਚੱਲਦੇ ਇਸ ਪ੍ਰੋਗਰਾਮ ਦੇ ਅੰਤਰਗਤ ਸਿੱਖਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਪਕਵਾਨ ਬਣਾਉਣੇ ਸਿਖਾਏ ਜਾਂਦੇ ਹਨ।ਇਥੇ ਟ੍ਰੇਨਿੰਗ ਪ੍ਰਾਪਤ ਕਰ ਰਹੇ ਸਿੱਖਿਆਰਥੀਆਂ ਲਈ ਅੱਖਾਂ ਦਾ ਚੈੱਕਅਪ ਕੈਂਪ ਲਗਵਾਇਆ ਗਿਆ।ਇਸ ਕੈਂਪ ਵਿੱਚ ਡਾ. ਗੌਰਵ ਗੁਪਤਾ, ਐੱਮ. ਡੀ. ਆਈ ਸਿਓਰ, ਹਸਪਤਾਲ ਤੇ ਉਨ੍ਹਾਂ ਦੀ ਟੀਮ ਵੱਲੋਂ ਸਿੱਖਿਆਰਥੀਆਂ ਦੀ ਜਾਂਚ ਕੀਤੀ ਗਈ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਆਈ.ਐੱਚ.ਐੱਮ. ਦੇ ਪ੍ਰਿੰਸੀਪਲ ਮੈਡਮ ਰਾਜਨੀਤ ਕੋਹਲੀ ਨੇ ਕਿਹਾ ਕਿ ਉਨ੍ਹਾਂ ਨੂੰ ਸਕਿੱਲ ਸਿੱਖਣ ਦੇ ਨਾਲ-ਨਾਲ ਆਪਣੀ ਸਿਹਤ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਕਾਲਜ ਵਿੱਚ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਸਿਹਤ ਅਵੇਅਰਨੈੱਸ ਸੰਬੰਧੀ ਕੈਂਪਾਂ ਦਾ ਆਯੋਜਨ ਸਮੇਂ-ਸਮੇਂ ਅਨੁਸਾਰ ਕੀਤਾ ਜਾਇਆ ਕਰਗਾ।ਇਸ ਕੈਂਪ ਦੌਰਾਨ ਪ੍ਰਸ਼ਾਸਕੀ ਅਫਸਰ ਸ਼੍ਰੀ ਰਾਜ ਕੁਮਾਰ ਸਿੰਗਲਾ ਤੇ ਲੈਕਚਰਾਰ ਸੁਰਿੰਦਰ ਸਿੰਘ ਚੌਹਾਨ ਆਦਿ ਸ਼ਾਮਲ ਸਨ।

# ਸਾਬਕਾ ਵਿਧਾਇਕ ਧਨਵੰਤ ਸਿੰਘ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਮਰਹੂਮ ਸਾਬਕਾ ਵਿਧਾਇਕ ਐਡਵੋਕੇਟ ਸ੍ਰ. ਧਨਵੰਤ ਸਿੰਘ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਿਆਸਤ ਦੇ ਖੇਤਰ ਵਿੱਚ ਧੜੱਲੇਦਾਰ ਤੇ ਬੇਦਾਗ਼ ਆਗੂ ਵਜੋਂ ਜਾਣੇ ਜਾਂਦੇ ਅਤੇ ਹਲਕਾ ਧੂਰੀ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਐਡਵੋਕੇਟ ਸ੍ਰ. ਧਨਵੰਤ ਸਿੰਘ ਮਾਨ ਦੇ ਅਕਾਲ ਚਲਾਣਾ ਕਰ ਜਾਣ 'ਤੇ ਵੱਖ-ਵੱਖ ਸਿਆਸੀ ਆਗੂਆਂ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

ਉਨ੍ਹਾਂ ਦੇ ਸਪੁੱਤਰ ਸਮਿਤ ਸਿੰਘ ਮਾਨ ਹਲਕਾ ਇੰਚਾਰਜ ਅਮਰਗੜ੍ਹ ਨੇ ਦੱਸਿਆ ਕਿ ਕਾਂਗਰਸੀ ਨੇਤਾ ਸ਼੍ਰੀ ਰਾਹੁਲ ਗਾਂਧੀ, ਸ਼੍ਰੀਮਤੀ ਪ੍ਰਿਯੰਕਾ ਗਾਂਧੀ, ਜੈਰਾਮ ਰਮੇਸ਼, ਮਲਿਕਾਰਜੁਨ ਖੜਗੇ, ਦੇਵਿੰਦਰ ਯਾਦਵ ਇੰਚਾਰਜ ਪੰਜਾਬ ਕਾਂਗਰਸ, ਰਾਜਾ ਵੜਿੰਗ ਪ੍ਰਧਾਨ ਪੰਜਾਬ ਕਾਂਗਰਸ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਮਾਨ ਸਿੰਘ ਗਰਚਾ, ਪ੍ਰਤਾਪ ਸਿੰਘ ਬਾਜਵਾ, ਜਗਮੋਹਨ ਸਿੰਘ ਕੰਗ, ਗੁਰਕੀਰਤ ਸਿੰਘ ਕੋਟਲੀ, ਪਰਗਟ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਭਾਰਤ ਭੂਸ਼ਨ ਆਸ਼ੂ, ਵਿਜੈਇੰਦਰ ਸਿੰਗਲਾ (ਸਾਰੇ ਸਾਬਕਾ ਮੰਤਰੀ), ਡਾ. ਸ਼ਸ਼ੀ ਥਰੂਰ ਐੱਮ.ਪੀ., ਵਿਕਰਮਮਾਰਕਾਮੱਲੂ ਉੱਪ ਮੁੱਖ ਮੰਤਰੀ ਤੇਲੰਗਾਨਾ, ਬੀ. ਕੇ. ਸ਼ਿਵਕੁਮਾਰ ਉੱਪ ਮੁੱਖ ਮੰਤਰੀ ਕਰਨਾਟਕਾ, ਸੁਸ਼ੀਲ ਕੁਮਾਰ ਰਿੰਕੂ, ਗੁਰਜੀਤ ਸਿੰਘ ਔਜਲਾ, ਅਮਨ ਅਰੋੜਾ ਕੈਬਨਿਟ ਮੰਤਰੀ, ਰਾਣਾ ਇੰਦਰਪ੍ਰਤਾਪ ਸਿੰਘ, ਸੁਖਪਾਲ ਸਿੰਘ ਖਹਿਰਾ, ਰਾਣਾ ਗੁਰਜੀਤ ਸਿੰਘ, ਵਰਿੰਦਰ ਸਿੰਘ ਪਾਹੜਾ, ਹਰਦੇਵ ਸਿੰਘ ਲਾਡੀ, ਸੁਖਵਿੰਦਰ ਸਿੰਘ ਕੋਟਲੀ (ਸਾਰੇ ਵਿਧਾਇਕ), ਕੁਲਜੀਤ ਨਾਗਰਾ, ਕੁਸ਼ਲਦੀਪ ਕਿੱਕੀ ਢਿੱਲੋਂ, ਲਖਵੀਰ ਸਿੰਘ ਲੱਖਾ ਪਾਇਲ, ਅੰਗਦਸੈਣੀ (ਸਾਰੇ ਸਾਬਕਾ ਵਿਧਾਇਕ), ਮੁੱਖ ਮੰਤਰੀ ਦੇ ਓ.ਐੱਸ.ਡੀ. ਪ੍ਰੋ. ਓਂਕਾਰ ਸਿੰਘ, ਭਾਜਪਾ ਆਗੂ ਅਰਵਿੰਦ ਖੰਨਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਹਰਦੀਪ ਸਿੰਘ ਦੌਲਤਪੁਰ, ਰਾਈਸੀਲਾ ਗਰੁੱਪ ਦੇ ਸੀ.ਐੱਮ.ਡੀ. ਡਾ. ਏ. ਆਰ. ਸ਼ਰਮਾ, ਡਾਇਰੈਕਟਰ ਵਿਜੈ ਗੋਇਲ, ਡਾਇਰੈਕਟਰ ਪੁਰਸ਼ੋਤਮ ਗਰਗ ਕਾਲਾ, ਵਰਿੰਦਰ ਢਿੱਲੋਂ ਸਾਬਕਾ ਪ੍ਰਧਾਨ ਯੂਥ ਕਾਂਗਰਸ, ਸ਼ੁਭਮ ਸ਼ਰਮਾ ਜਨਰਲ ਸਕੱਤਰ ਯੂਥ ਕਾਂਗਰਸ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਸਪੁੱਤਰ ਕਰਨ ਸਿੱਧੂ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਰਾਜੇਸ਼ਵਰ ਚੌਧਰੀ, ਪ੍ਰੈੱਸ ਟਰੱਸਟ ਪੰਜਾਬ ਦੇ ਪ੍ਰਧਾਨ ਮਨੋਹਰ ਸਿੰਘ ਸੱਗੂ ਆਦਿ ਤੋਂ ਇਲਾਵਾ ਪੰਚਾਂ-ਸਰਪੰਚਾਂ ਤੇ ਇਲਾਕੇ ਦੇ ਮੋਹਤਬਰਾਂ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇਸ ਆਗੂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ 20 ਜੂਨ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਨਵੀਂ ਅਨਾਜ ਮੰਡੀ ਧੂਰੀ ਵਿਖੇ ਪਵੇਗਾ।

18-JUNE-PAGE-11.qxd 6/17/2024 9:04 PM Page 1



# ਮਾਂ-ਪੁੱਤ 'ਤੇ ਚਾੜ੍ਹਿਆ ਟਰੈਕਟਰ; ਮਾਂ ਦੀ ਮੌਤ ਪੁੱਤ ਗੰਭੀਰ ਜ਼ਖ਼ਮੀ




**ਕਲਾਨੌਰ (ਮਨਦੀਪ ਕੋਹਲੀ)**-ਬੀਤੀ ਦੇਰ ਰਾਤ ਕਲਾਨੌਰ ਨਜ਼ਦੀਕ ਪੈਂਦੇ ਪਿੰਡ ਰਹੀਮਾਬਾਦ ਵਿੱਚ ਰਾਤ ਵੇਲੇ ਮਿੱਟੀ ਪਾ ਰਹੇ ਟਰੈਕਟਰ ਦੀ ਆਵਾਜ਼ ਘੱਟ ਕਰਵਾਉਣ ਗਏ ਮਾਂ-ਪੁੱਤ ਦੀ ਟਰੈਕਟਰ ਵਾਲੇ ਨਾਲ ਹੋਈ ਤਕਰਾਰ ਦੌਰਾਨ ਵਾਪਰਿਆ ਇਹ ਹਾਦਸਾ ਹਾਦਸੇ ਦੌਰਾਨ ਮਾਂ ਦੀ ਮੌਤ ਅਤੇ ਪੁੱਤ ਦੇ ਗੰਭੀਰ ਜ਼ਖਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗੰਭੀਰ ਰੂਪ ਵਿੱਚ ਫੱਟੜ ਨਿਸ਼ਾਨ ਸਿੰਘ ਨੇ ਦੱਸਿਆ ਕਿ ਰਾਤ ਵੇਲੇ ਉੱਚੀ ਉੱਚੀ ਆਵਾਜ਼ ਵਿੱਚ ਚੱਲ ਰਹੇ ਟਰੈਕਟਰਾਂ ਉਪਰ ਸਪੀਕਰਾਂ ਦੀ ਆਵਾਜ਼ ਨੂੰ ਬੰਦ ਕਰਵਾਉਣ ਨੂੰ ਲੈ ਕੇ ਮਾਮੂਲੀ ਤਕਰਾਰ ਦੌਰਾਨ ਟਰੈਕਟਰ ਚਾਲਕ ਤੋਂ ਇਲਾਵਾ ਉਸ ਦੇ ਹੋਰ ਸਾਥੀਆਂ ਵੱਲੋਂ ਮੇਰੀ ਮਾਂ, ਅਤੇ ਚਾਚੇ ਦੇ ਪੁੱਤ ਭਰਾ ਸਮੇਤ ਤਿੰਨਾਂ 'ਤੇ ਟਰੈਕਟਰ ਚਾੜ੍ਹ ਦਿੱਤਾ। ਇਸ ਦੌਰਾਨ ਮੇਰੇ ਚਾਚੇ ਦਾ ਮੁੰਡਾ ਪ੍ਰਿੰਸ ਛਾਲ ਮਾਰ ਕੇ ਹੇਠਾਂ ਨੀਵੀਂ ਸਾਈਡ ਡਿੱਗ ਪਿਆ, ਜਦਕਿ ਉਸ ਦੀ ਮਾਂ ਅਤੇ ਉਹ ਟਰੈਕਟਰ ਦੀ ਲਪੇਟ ਵਿੱਚ ਆ ਗਏ।ਨਿਸ਼ਾਨ ਸਿੰਘ ਨੇ ਦੱਸਿਆ ਕਿ ਟਰੈਕਟਰ ਹੇਠਾਂ ਆਉਣ ਕਾਰਨ ਉਸ ਦੀ ਮਾਂ ਹਰਜੀਤ ਕੌਰ ਬੇਹੋਸ਼ ਹੋ ਗਈ ਜਦਕਿ ਉਸ ਦੀ ਲੱਤ ਟੁੱਟਣ ਤੋਂ ਇਲਾਵਾ ਹੋਰ ਵੀ ਗੰਭੀਰ ਸੱਟਾਂ ਲੱਗੀਆਂ ਅਤੇ ਜਦੋਂ ਉਨ੍ਹਾਂ ਨੂੰ ਇਲਾਜ ਲਈ ਗੁਰਦਾਸਪੁਰ ਹਸਪਤਾਲ ਵਿੱਚ ਦਾਖਿਲ ਕਰਵਾਉਣ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸਦੀ ਮਾਂ ਹਰਜੀਤ ਕੌਰ ਦੀ ਮੌਤ ਹੋ ਗਈ।ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਦੀ ਲੱਤ ਟੁੱਟਣ ਤੋਂ ਇਲਾਵਾ ਗੰਭੀਰ ਜ਼ਖਮੀ ਹੋ ਗਿਆ ਹੈ। ਇਸ ਮੌਕੇ ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਹ ਦੋਸ਼ੀਆਂ ਖਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।ਇਸ ਸਬੰਧੀ ਪੁਲਸ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਐੱਸਐੱਚਓ ਕੁਲਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਆਰੋਪੀ ਦੇ ਖਿਲਾਫ 302 ਦਾ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪ੍ਰੈੱਸ ਐਸੋਸੀਏਸ਼ਨ ਫ਼ਤਿਹਗੜ੍ਹ ਚੂੜੀਆਂ ਦੀ ਕਾਰਜਕਾਰਨੀ ਦਾ ਮੁੜ ਗਠਨ

## ਹਰਪਾਲ ਨਾਗਰਾ ਸਰਪ੍ਰਸਤ, ਡਾ. ਬਿਕਰਮਜੀਤ ਸਿੰਘ ਸਰਬਸੰਮਤੀ ਨਾਲ ਦੂਜੀ ਵਾਰ ਪ੍ਰਧਾਨ ਬਣੇ



**ਫ਼ਤਿਹਗੜ੍ਹ ਚੂੜੀਆਂ (ਪ੍ਰੀਤਮ ਸਿੰਘ)**-ਐਤਵਾਰ ਨੂੰ ਪ੍ਰੈੱਸ ਐਸੋਸੀਏਸ਼ਨ ਫ਼ਤਿਹਗੜ੍ਹ ਚੂੜੀਆਂ ਦੀ ਇਕ ਅਹਿਮ ਮੀਟਿੰਗ ਡਾ. ਬਿਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਸੋ-ਫਾਈਨ ਕੰਪਿਊਟਰ ਦੇ ਦਫ਼ਤਰ ਵਿਖੇ ਹੋਈ, ਜਿਸ ਵਿੱਚ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਐਸੋਸੀਏਸ਼ਨ ਦੀ ਮੌਜੂਦਾ ਕਾਰਜਕਾਰਨੀ ਨੂੰ ਭੰਗ ਕਰਕੇ ਦੁਬਾਰਾ ਚੋਣ ਕਰਵਾਈ ਗਈ, ਜਿਸ ਵਿੱਚ ਹਰਪਾਲ ਸਿੰਘ ਨਾਗਰਾ ਨੂੰ ਸਰਪ੍ਰਸਤ, ਡਾ. ਬਿਕਰਮਜੀਤ ਸਿੰਘ ਨੂੰ ਦੂਜੀ ਵਾਰ ਸਰਬਸੰਮਤੀ ਨਾਲ ਪ੍ਰਧਾਨ, ਡਾ. ਧਰਮਿੰਦਰ ਸਿੰਘ ਬਾਠ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਰੋਜ਼ੀ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਦੋ ਮੀਤ ਪ੍ਰਧਾਨਾਂ ਵਿੱਚ ਪ੍ਰੀਤਮ ਸਰਪੰਚ, ਮਨਜਿੰਦਰਪ੍ਰੀਤ ਸਿੰਘ ਗੋਲਡੀ ਫੁੱਲ ਨੂੰ ਚੁਣਿਆ ਗਿਆ। ਖ਼ਜ਼ਾਨਚੀ ਰਾਜਨ ਸ਼ਰਮਾ, ਸਕੱਤਰ ਰਾਜਿੰਦਰ ਸਿੰਘ ਬੰਟੂ, ਪੰਕਜ ਪਾਂਧੀ ਅਤੇ ਜਸਦੇਵ ਮਾਨ ਬਣਾਏ ਗਏ। ਪ੍ਰੈੱਸ ਸਕੱਤਰ ਦੀ ਜ਼ਿੰਮੇਵਾਰੀ ਰਮੇਸ਼ ਸੋਨੀ ਅਤੇ ਜਸ਼ਨਪ੍ਰੀਤ ਸਿੰਘ ਪੁਰੇਵਾਲ ਦੇ ਹਿੱਸੇ ਆਈ। ਪ੍ਰਾਪੇਗੰਡਾ ਸਕੱਤਰ ਚਰਨਜੀਤ ਸਿੰਘ ਚੰਨਾ ਅਤੇ ਬਲਜੀਤ ਸਿੰਘ ਪੁਰੇਵਾਲ ਦੀ ਸਲਾਹਕਾਰ ਵਜੋਂ ਚੋਣ ਹੋਈ। ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਦਿਆਂ ਵੱਖ-ਵੱਖ ਪੱਤਰਕਾਰ ਸਾਥੀਆਂ ਨੇ ਕਿਹਾ ਕਿ ਪੰਜਾਬ ਵਿੱਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਓਦੋਂ ਤੋਂ ਪੱਤਰਕਾਰਾਂ ਨੂੰ ਪੀਲੇ ਕਾਰਡਾਂ ਨਾਲ ਸਬੰਧਿਤ ਕਈ ਮੁਸ਼ਕਲਾਂ ਵਿੱਚੋਂ ਲੰਘਣਾ ਪੈ ਰਿਹਾ ਹੈ, ਜਿਸ ਸਬੰਧੀ ਐਸੋਸੀਏਸ਼ਨ ਵੱਲੋਂ ਸਖ਼ਤ ਐਕਸ਼ਨ ਲੈਣ ਸਬੰਧੀ ਮਤਾ ਪਾਸ ਕੀਤਾ ਗਿਆ ਅਤੇ ਇਸ ਸਬੰਧੀ ਡੀ.ਪੀ.ਆਰ.ਓ. ਬਟਾਲਾ ਤੋਂ ਫੋਨ 'ਤੇ ਸਪੱਸ਼ਟੀਕਰਨ ਲਿਆ ਗਿਆ ਅਤੇ ਨਵੇਂ ਪੀਲੇ ਕਾਰਡਾਂ ਦੇ ਸਟੇਟਸ ਲਈ 25 ਜੂਨ ਨੂੰ ਦੁਬਾਰਾ ਫੋਨ 'ਤੇ ਜਾਣਕਾਰੀ ਲੈ ਕੇ ਅਗਲੀ ਕਾਰਵਾਈ ਕਰਨ ਤੱਕ ਇਹ ਮਸਲਾ ਰਾਖਵਾਂ ਰੱਖਿਆ ਗਿਆ। ਪੱਤਰਕਾਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਦੋਂ ਦੀ 'ਆਪ' ਸਰਕਾਰ ਆਈ ਹੈ, ਉਸ ਤੋਂ ਬਾਅਦ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ, ਜੋ ਕਿ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵੇਲੇ ਸਾਰੇ ਪੱਤਰਕਾਰਾਂ ਦੇ ਪੀਲੇ ਕਾਰਡ ਬਣਕੇ ਉਨ੍ਹਾਂ ਦੇ ਕੋਲ ਪਹੁੰਚਦੇ ਰਹੇ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪੱਤਰਕਾਰਾਂ ਵਾਸਤੇ ਡਾਇਰੀਆਂ ਅਤੇ ਦੀਵਾਲੀ ਗਿਫ਼ਟ ਵੀ ਮਿਲਦੇ ਰਹੇ ਹਨ ਪਰ 'ਆਪ' ਸਰਕਾਰ ਦੇ ਆਉਣ ਨਾਲ ਹੀ ਇਹ ਸਭ ਕੁੱਝ ਬੰਦ ਹੋ ਗਿਆ ਅਤੇ ਮਹਿਕਮੇ ਵੱਲੋਂ ਆਪਣੇ ਕੁੱਝ ਚਹੇਤੇ ਪੱਤਰਕਾਰਾਂ ਨੂੰ ਹੀ ਇਹ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ 30 ਜੂਨ ਤੱਕ ਪ੍ਰੋਫਾਰਮੇ ਅਨੁਸਾਰ ਸ਼ਰਤਾਂ ਪੂਰੀਆਂ ਕਰਨ ਵਾਲੇ ਸਾਰੇ ਪੱਤਰਕਾਰਾਂ ਦੇ ਪੀਲੇ ਕਾਰਡ ਬਣਨ ਜਾਂ ਨਾ ਬਣਨ ਬਾਰੇ ਡੀ.ਪੀ.ਆਰ.ਓ. ਦਫ਼ਤਰ ਵੱਲੋਂ ਕੋਈ ਸਪੱਸ਼ਟੀਕਰਨ ਨਹੀਂ ਆਉਂਦਾ ਤਾਂ ਜੁਲਾਈ ਦੇ ਦੂਜੇ ਹਫ਼ਤੇ ਐਸੋਸੀਏਸ਼ਨ ਦਾ ਇਕ ਵਫ਼ਦ ਲੋਕ ਸੰਪਰਕ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨੂੰ ਮਿਲੇਗਾ ਅਤੇ ਉਨ੍ਹਾਂ ਦੇ ਧਿਆਨ ਵਿੱਚ ਉਕਤ ਮਾਮਲਾ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਪੱਤਰਕਾਰ ਸਰਕਾਰ ਅਤੇ ਸਮਾਜ ਦੇ ਦਰਮਿਆਨ ਇਕ ਕੜੀ ਵਜੋਂ ਬਿਨਾਂ ਕਿਸੇ ਉਜਰਤ ਦੇ ਕੰਮ ਕਰਦੇ ਹਨ, ਜਿਸਦੇ ਇਵਜ ਵਿੱਚ ਸਰਕਾਰ ਉਨ੍ਹਾਂ ਨੂੰ ਪਹਿਚਾਣ ਵਜੋਂ ਪੀਲਾ ਕਾਰਡ ਜਾਰੀ ਕਰਦੀ ਹੈ ਅਤੇ ਜੇਕਰ ਹੇਠਲੇ ਪੱਧਰ ਦੇ ਅਧਿਕਾਰੀ ਉਨ੍ਹਾਂ ਕੋਲੋਂ ਇਹ ਹੱਕ ਵੀ ਖੋਹਣ ਦੀ ਕੋਸ਼ਿਸ਼ ਕਰਨਗੇ ਤਾਂ ਇਹ ਬਿਲਕੁਲ ਸਹਿਣਯੋਗ ਨਹੀਂ ਹੋਵੇਗਾ। ਉਕਤ ਮਤਿਆਂ 'ਤੇ ਸਮੂਹ ਮੈਂਬਰਾਂ ਨੇ ਦਸਤਖ਼ਤ ਕਰਕੇ ਆਪਣੇ ਸਹਿਮਤੀ ਪ੍ਰਗਟਾਈ। ਇਸ ਤੋਂ ਇਲਾਵਾ ਸਮੂਹ ਪੱਤਰਕਾਰਾਂ ਨੇ ਫ਼ਤਿਹਗੜ੍ਹ ਚੂੜੀਆਂ ਵਿੱਚ ਪ੍ਰੈੱਸ ਦਫ਼ਤਰ ਬਣਾਉਣ ਲਈ ਵੀ ਪੰਜਾਬ ਸਰਕਾਰ ਅੱਗੇ ਮੰਗ ਰੱਖੀ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਵੱਖ-ਵੱਖ ਪੱਤਰਕਾਰਾਂ ਦੀ ਡਿਊਟੀ ਲਗਾਈ ਗਈ। ਪੱਤਰਕਾਰਾਂ ਨੇ ਕਿਹਾ ਕਿ ਫ਼ਤਿਹਗੜ੍ਹ ਚੂੜੀਆਂ ਵਿਧਾਨ ਸਭਾ ਹਲਕਾ ਹੋਣ ਦੇ ਨਾਲ-ਨਾਲ ਸਬ ਡਵੀਜ਼ਨ ਹੈ ਅਤੇ ਸਬ ਡਵੀਜ਼ਨ ਪੱਧਰ 'ਤੇ ਪ੍ਰੈੱਸ ਦਫ਼ਤਰ, ਫਾਇਰ ਬ੍ਰਿਗੇਡ, ਡਰਾਈਵਿੰਗ ਟੈਸਟਿੰਗ ਸੈਂਟਰ, ਖ਼ਜ਼ਾਨਾ ਦਫ਼ਤਰ, ਏ.ਪੀ.ਆਰ.ਓ. ਦਫ਼ਤਰ ਆਦਿ ਸਹੂਲਤਾਂ ਸਰਕਾਰ ਨੂੰ ਲਾਜ਼ਮੀ ਤੌਰ 'ਤੇ ਦਫ਼ਤਰ ਖੋਲ੍ਹ ਕੇ ਲਾਗੂ ਕਰਨੀਆਂ ਚਾਹੀਦੀਆਂ ਹਨ।

# 415 ਗ੍ਰਾਮ ਹੈਰੋਇਨ ਸਮੇਤ ਚਾਰ ਸਮੱਗਲਰ ਗ੍ਰਿਫਤਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕਵਲਜੀਤ ਸਿੰਘ)**: ਥਾਣਾ ਗੇਟ ਹਕੀਮਾਂ ਦੀ ਪੁਲਸ ਨੂੰ ਉਸ ਵੇਲੇ ਸਫਲਤਾ ਹਾਸਲ ਕੀਤੀ ਜਦੋਂ ਅੰਨਗੜ ਦੇ ਖੇਤਰ 'ਚ ਦੌਰਾਨੇ ਚੈਕਿੰਗ ਇਕ ਨੌਜਵਾਨ ਜਸ਼ਨਦੀਪ



ਸਿੰਘ ਉਰਫ ਜਸ਼ਨ ਪੁੱਤਰ ਸਤਨਾਮ ਸਿੰਘ ਵਾਸੀ ਗਲੀ ਨੰਬਰ 1, ਨੀਵਾਂ ਪਾਸਾ ਅੰਨਗੜ੍ਹ ਨੂੰ ਸ਼ੱਕ ਦੀ ਬਿਨਾ ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਕਰਨ ਤੇ ਉਸ ਪਾਸੋ 50 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ।ਗ੍ਰਿਫਤਾਰ ਦੋਸ਼ੀ ਜਸ਼ਨਦੀਪ ਸਿੰਘ ਉਰਫ ਜਸ਼ਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ ਜਿਸ ਨੂੰ ਬਰੀਕੀ ਨਾਲ ਪੁਛ-ਗਿੱਛ ਕਰਕੇ ਬੈਕਵਰਡ ਤੇ ਫਾਰਵਰਡ ਲਿੰਕ ਬਾਰੇ ਪਤਾ ਕੀਤਾ ਜਾਵੇਗਾ।ਇਹ ਜਾਣਕਾਰੀ ਬਲਵਿੰਦਰ ਸਿੰਘ ਏਐੱਸਆਈ ਨੇ ਦਿੱਤੀ। ਇਸੇ ਤਰ੍ਹਾਂ ਜ਼ੋਨ-2 ਦੇ ਥਾਣਾ ਛੇਹਰਟਾ ਵੱਲੋਂ 03 ਵੱਖ-ਵੱਖ ਮੁਕੱਦਮਿਆਂ ਵਿੱਚ 365 ਗ੍ਰਾਮ ਹੈਰੋਇੰਨ, 2000 ਰੁਪਏ, ਡਰੱਗ ਮਨੀ, 01 ਕਾਰ ਸਵੀਫਟ ਬ੍ਰਾਮਦ ਕਰਕੇ 03 ਨਸ਼ਾ ਤਸਕਰਾਂ ਨੂੰ ਕਾਬੂ ਕੀਤਾ। ਥਾਣਾ ਛੇਹਰਟਾ ਅੰਮ੍ਰਿਤਸਰ ਦੇ ਏ. ਐੱਸ. ਆਈ. ਹਰਜਿੰਦਰ ਸਿੰਘ ਇੰਚਾਂਰਜ ਪੁਲਸ ਚੌਕੀ ਘਣੂੰਪੁਰ ਕਾਲੇ ਸਮੇਤ ਸਾਥੀ ਕਰਚਾਰੀਆਂ ਵੱਲੋਂ ਘਣੂੰਪੁਰ ਕਾਲੇ ਦੇ ਖੇਤਰ ਤੋਂ ਗੁਰਸੇਵਕ ਸਿੰਘ ਉਰਫ਼ ਸੇਵਕ ਪੁੱਤਰ ਦਵਿੰਦਰ ਸਿੰਘ ਵਾਸੀ ਘਣੂੰਪੁਰ ਕਾਲੇ, ਛੇਹਰਟਾ ਨੂੰ ਕਾਬੂ ਕਰਕੇ ਇਸ ਪਾਸੋਂ 100 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ।ਥਾਣਾ ਛੇਹਰਟਾ ਦੀ ਪੁਲਸ ਪਾਰਟੀ ਸਬ-ਇੰਸਪੈਕਟਰ ਜੱਗਾ ਸਿੰਘ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਚੈਕਿੰਗ ਦੌਰਾਨ ਘਣੂਪੁਰ ਕਾਲੇ ਦੇ ਖੇਤਰ ਤੋਂ ਰਣਜੀਤ ਸਿੰਘ ਉਰਫ਼ ਰੰਗਾਂ ਪੁੱਤਰ ਜਸਵੰਤ ਸਿੰਘ ਵਾਸੀ ਗਲੀ ਨੰਬਰ 03, ਬਾਬਾ ਜੀਵਨ ਸਿੰਘ ਕਲੋਨੀ, ਗੁਰੂ ਦੀ ਵਡਾਲੀ, ਛੇਹਰਟਾ ਨੂੰ ਕਾਬੂ ਕਰਕੇ ਇਸ ਪਾਸੋਂ 255 ਗ੍ਰਾਮ ਹੈਰੋਇੰਨ, 2000 ਰੁਪਏ ਡਰੱਗ ਮਨੀ ਅਤੇ ਇੱਕ ਕਾਰ ਸਵੀਫਟ ਨੰਬਰ ਪੀਬੀ 02-ਸੀ.ਡੀ-9775 ਬ੍ਰਾਮਦ ਕੀਤੀ ਗਈ।ਥਾਣਾ ਛੇਹਰਟਾ ਦੀ ਪੁਲਸ ਪਾਰਟੀ ਸਬ-ਇੰਸਪੈਕਟਰ ਸ਼ਸ਼ਪਾਲ ਸਮੇਤ ਸਾਥੀ ਕਰਮਚਾਰੀਆਂ ਰਾਮ ਸਿੰਘ ਉਰਫ਼ ਲੱਡੂ ਪੁੱਤਰ ਜੋਗਿੰਦਰ ਸਿੰਘ ਵਾਸੀ ਅਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ ਨੂੰ ਕਾਬੂ ਕਰਕੇ ਇਸ ਪਾਸੋਂ 10 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ।ਗ੍ਰਿਫ਼ਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਇਨ੍ਹਾਂ ਪਾਸੋਂ ਬਾਰੀਕੀ ਨਾਲ ਪੁੱਛਗਿੱਛ ਕਰਕੇ ਬੈਕਵਰਡ ਤੇ ਫਾਰਵਰਡ ਲਿੰਕ ਬਾਰੇ ਪਤਾ ਕੀਤਾ ਜਾਵੇਗਾ।

# ਗੁਰਦਾਸਪੁਰ ਪੁਲਸ ਨੇ ਬਾਰਡਰ ਏਰੀਏ 'ਚ ਚਲਾਇਆ ਸਪੈਸ਼ਲ ਸਰਚ ਉਪਰੇਸ਼ਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**=ਸ਼੍ਰੀ ਦਾਯਮਾ ਹਰੀਸ਼ ਕੁਮਾਰ, ਆਈਪੀਐਸ ਸੀਨੀਅਰ ਕਪਤਾਨ ਪੁਲਿਸ ਗੁਰਦਾਸਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਤਹਿਤ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਖਰਲ, ਕੰਗ, ਕਸਬਾ ਧਾਰੀਵਾਲ, ਸੋਹਲ, ਫੁਲੜਾ, ਬੁੱਢਾਵਾਲਾ, ਆਈਟੀਆਈ ਕਲੋਨੀ ਕਲਾਨੌਰ, ਸ਼ਹਿਜ਼ਾਦਾ ਨੰਗਲ ਗੁਰਦਾਸਪੁਰ, ਨਾਰਵਾ, ਗੋਹਤ ਪੋਖਰ ਅਤੇ ਪਿੰਡ ਅਲੀ ਨੰਗਲ ਵਿੱਚ ਸਪੈਸ਼ਲ ਸਰਚ ਉਪਰੇਸ਼ਨ ਚਲਾਇਆ ਗਿਆ। ਇਸ ਸਪੈਸ਼ਲ ਸਰਚ ਉਪਰੇਸ਼ਨ ਵਿੱਚ 01 ਐੱਸਪੀ ਇਨਵੈਸਟੀਗੇਸ਼ਨ ਦੀ ਦੇਖ-ਰੇਖ ਹੇਠ ਵੱਖ-ਵੱਖ ਟੀਮਾਂ ਬਣਾਈਆਂ ਗਈਆਂ, ਜਿਸ ਵਿੱਚ 04 ਜੀਓਜ਼ 12 ਮੁੱਖ ਅਫਸਰ ਥਾਣਾ ਅਤੇ 120 ਪੁਲਸ ਕਰਮਚਾਰੀ ਸ਼ਾਮਿਲ ਹੋਏ। ਸਪੈਸ਼ਲ ਸਰਚ ਉਪਰੇਸ਼ਨ ਦੋਰਾਨ ਵਿੱਚ ਨਸ਼ੇ ਦਾ ਧੰਦਾ ਕਰਨ ਵਾਲੇ, ਮਾੜੇ ਅਨਸਰਾਂ ਅਤੇ ਸ਼ੱਕੀ ਵਿਅਕਤੀਆ ਦੇ ਘਰਾਂ ਵਿੱਚ ਰੇਡ ਕਰਕੇ ਅਚਨਚੇਤ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ ਉਕਤ ਪਿੰਡਾਂ ਵਿੱਚ ਪੈਂਦੇ ਡੇਰਿਆਂ ਦੀ ਵੀ ਚੈਕਿੰਗ ਕੀਤੀ ਗਈ ਅਤੇ ਵਸਨੀਕਾਂ ਨੂੰ ਅਪੀਲ ਕੀਤੀ ਗਈ ਕਿ ਨਸ਼ਿਆਂ/ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਅਜਿਹੇ ਵਿਅਕਤੀਆ ਖਿਲਾਫ ਠੋਸ ਕਾਰਵਾਈ ਕੀਤੀ ਜਾਵੇਗੀ।

# ਸਰਹਾਲੀ ਤੋਂ ਚੋਹਲਾ ਸਾਹਿਬ ਲਈ ਮਹਾਨ ਨਗਰ ਕੀਰਤਨ ਰਵਾਨਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੰਚਮ ਪਾਤਸ਼ਾਹ ਧੰਨ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ 4 ਹਾੜ ਨੂੰ ਭੈਣੀ ਨਗਰ ਆ ਕੇ ਚੋਹਲਾ ਸਾਹਿਬ ਦਾ ਨਾਮ ਦੇਣ ਦੇ ਸਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਤਿਹਾਸਿਕ ਸਥਾਨ ਗੁਰਦੁਆਰਾ ਬਾਬਾ ਰਾਮ ਸਿੰਘ ਜੀ ਪਵਿੱਤਰ ਸਥਾਨ ਤੋਂ ਮਹਾਨ ਨਗਰ ਕੀਰਤਨ ਚੋਹਲਾ ਸਾਹਿਬ ਲਈ ਰਵਾਨਾ ਹੋਇਆ। ਸ਼ਬਦ ਗੁਰੂ ਧੰਨ ਸ਼੍ਰੀ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਇਸ ਨਗਰ ਕੀਰਤਨ ਦੌਰਾਨ ਪੈਦਲ ਯਾਤਰਾ ਕਰਦਿਆਂ ਸੰਪਰਦਾਇ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ, ਸੰਤ ਬਾਬਾ ਹਾਕਮ ਸਿੰਘ ਅਤੇ ਗਿਆਨੀ ਇਕਬਾਲ ਸਿੰਘ ਪਟਨਾ ਸਾਹਿਬ ਵਾਲਿਆਂ ਨੇ ਸੰਗਤਾਂ ਦੇ ਦਰਸ਼ਨ ਕੀਤੇ।ਨਗਰ ਕੀਰਤਨ ਦੇ ਸੁਆਗਤ ਲਈ ਸਰਹਾਲੀ ਦੇ ਇਤਿਹਾਸਕ ਸਥਾਨਾ ਗੁਰਦੁਆਰਾ ਛੇਵੀਂ ਪਾਤਸ਼ਾਹੀ, ਗੁਰਦੁਆਰਾ ਚੁਬੱਚਾ ਸਾਹਿਬ ਦੇ ਨਾਲ ਨਾਲ ਵੱਖ-ਵੱਖ ਪੜਾਅ ਬਣਾ ਕੇ ਨਗਰ ਨਿਵਾਸੀਆਂ ਨੇ ਭਰਵਾਂ ਸੁਆਗਤ ਕੀਤਾ ਅਤੇ ਸੰਗਤਾਂ ਦੇ ਸਤਿਕਾਰ ਲਈ ਜਗ੍ਹਾਂ ਜਗ੍ਹਾਂ ਵੰਨ ਸੁਵੰਨੇ ਪਕਵਾਨਾਂ ਦੇ ਅਤੁੱਟ ਲੰਗਰ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਪੱਤੀ ਵੱਡਾ ਪਾਸਾ ਵਿਖੇ ਸ਼ਸ਼ੋਭਿਤ ਬਾਬਾ ਰਾਮ ਸਿੰਘ ਦੇ ਜਨਮ ਅਸਥਾਨ ਤੇ ਪੰਜ ਪਿਆਰਿਆਂ ਨੂੰ ਜਥੇਦਾਰ ਅਰਜੁਨ ਸਿੰਘ, ਹਰਮੀਤ ਸਿੰਘ ਸੰਧੂ, ਤਰਸੇਮ ਸਿੰਘ ਡੇਅਰੀ ਵਾਲੇ, ਦਿਲਬਾਗ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।ਸੰਗਤਾਂ ਨੂੰ ਅਪੀਲ ਕਰਦਿਆਂ ਸੰਤ ਬਾਬਾ ਹਾਕਮ ਸਿੰਘ ਨੇ ਕਿਹਾ ਕਿ ਹਰ ਪ੍ਰਾਣੀ ਨੂੰ ਗੁਰੂ ਘਰ ਨਾਲ ਜੁੜਨਾ, ਬਾਣੀ ਤੇ ਬਾਣੇ ਦੇ ਧਾਰਨੀ ਹੋ ਕੇ ਜੀਵਨ ਆਚਾਰ ਉੱਚਾ ਕਰਨਾ ਬਣਦਾ ਹੈ। ਇਸ ਮੌਕੇ ਚੇਅਰਮੈਨ ਗੁਰਮਹਾਂਵੀਰ ਸਿੰਘ, ਸਾਬਕਾ ਸਰਪੰਚ ਸਾਹਿਬ ਸਿੰਘ ਮਾਮੂੰਕੇ, ਜਥੇਦਾਰ ਸਿੰਘ ਬੀਰਾ ਸਿੰਘ, ਜਥੇਦਾਰ ਹਿੰਮਤ ਸਿੰਘ, ਜਥੇਦਾਰ ਤਰਸੇਮ ਸਿੰਘ, ਜਥੇਦਾਰ ਸ਼ਬਦਲ ਸਿੰਘ, ਬਲਕਾਰ ਸਿੰਘ, ਗੁਰਪਾਲ ਸਿੰਘ ਸੰਧੂ, ਦਵਿੰਦਰ ਸਿੰਘ, ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਜਗਤਾਰ ਸਿੰਘ, ਹਰਪ੍ਰੀਤ ਸਿੰਘ, ਸਰਬਜੀਤ ਸਿੰਘ, ਨਰਿੰਦਰ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।

# ਵਿਧਾਇਕ ਡਾ: ਗੁਪਤਾ ਨੇ ਬਕਰੀਦ ਮੌਕੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਵਧਾਈ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਮੁਸਲਿਮ ਭਾਈਚਾਰੇ ਦਾ ਮੁੱਖ ਤਿਉਹਾਰ ਈਦ-ਉਲ-ਅਜ਼ਹਾ ਯਾਨੀ ਬਕਰੀਦ ਸੋਮਵਾਰ ਨੂੰ ਮਨਾਈ ਗਈ।ਅੰਮ੍ਰਿਤਸਰ ਦੀਆਂ ਵੱਖ-ਵੱਖ ਮਸਜਿਦਾਂ ਅਤੇ ਈਦਗਾਹਾਂ ਵਿਚ ਵੀ ਨਮਾਜ਼ ਅਦਾ ਕੀਤੀ ਗਈ, ਜਿਸ ਵਿਚ ਆਪਸੀ ਸਦਭਾਵਨਾ, ਤਰੱਕੀ ਆਦਿ ਦੀ ਕਾਮਨਾ ਕੀਤੀ ਗਈ।ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ: ਅਜੇ ਗੁਪਤਾ ਨੇ ਹਾਲ ਬਾਜ਼ਾਰ ਸਥਿਤ ਜਾਮਾ ਮਸਜਿਦ, ਹੋਟਲ ਰਮਾਦਾ ਦੇ ਸਾਹਮਣੇ ਸਥਿਤ ਮਸਜਿਦ ਅਤੇ ਬਾਜ਼ਾਰ ਸਿਰਕੀਬੰਦਾਂ ਸਥਿਤ ਮਸਜਿਦ ਦਾ ਦੌਰਾ ਕਰਕੇ ਮੁਸਲਿਮ ਭਾਈਚਾਰੇ ਨੂੰ ਬਕਰੀਦ ਦੀ ਵਧਾਈ ਦਿੱਤੀ।ਇਸ ਮੌਕੇ ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਬਕਰੀਦ ਮੁਸਲਮਾਨਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ।ਉਨ੍ਹਾਂ ਕਿਹਾ ਕਿ ਇਸਲਾਮ ਧਰਮ ਵਿੱਚ ਬਕਰੀਦ ਦਾ ਦਿਨ ਕੁਰਬਾਨੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪੈਗੰਬਰ ਹਜ਼ਰਤ ਇਬਰਾਹੀਮ ਨੇ ਆਪਣੇ ਆਪ ਨੂੰ ਅੱਲ੍ਹਾ ਦੀ ਇਬਾਦਤ ਲਈ ਸਮਰਪਿਤ ਕਰ ਦਿੱਤਾ ਸੀ। ਹਾਲ ਬਜ਼ਾਰ ਜਾਮਾ ਮਸਜਿਦ ਵਿਖੇ ਯੂਸਫ ਖਾਨ ਨੇ ਵਿਧਾਇਕ ਡਾ: ਗੁਪਤਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਧੰਨਵਾਦ ਕੀਤਾ।ਹੋਟਲ ਰਮਦਾ ਸਾਹਮਣੇ ਮਸਜਿਦ ਵਿਖੇ ਆਉਣ 'ਤੇ ਖੁਰਸ਼ੀਦ ਅਹਿਮਦ ਨੇ ਵਿਧਾਇਕ ਡਾ: ਗੁਪਤਾ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।

# ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਗੁੰਬਦ ਦੇ ਕਲਸ਼ ਦੀ ਸੇਵਾ 22 ਨੂੰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ**-ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਦੇ ਮੁੱਖੀ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਵਤਾਰ ਗੁਰਪੁਰਬ ਦੀਆਂ ਖੁਸ਼ੀਆਂ ਵਿੱਚ 22 ਜੂਨ 2024 (9 ਹਾੜ) ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਾਹਿਬ ਦੇ ਗੁੰਬਦ ਉਪਰ ਸੋਨੇ ਦੇ ਕਲਸ਼ ਦੀ ਸੇਵਾ ਕੀਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁਖੀ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ 22 ਜੂਨ ਨੂੰ ਸਵੇਰੇ 10 ਵਜੇ ਤੋਂ 12 ਤੱਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਗੁੰਬਿਦ ਉਤੇ ਸੋਨੇ ਦੇ ਕਲਸ਼ ਦੀ ਸੇਵਾ ਸਮੂਹ ਇਲਾਕਾ ਨਿਵਾਸੀ ਸੰਗਤਾ ਸਹਿਯੋਗ ਨਾਲ ਕੀਤੀ ਜਾਵੇਗੀ।ਸੰਤ ਬਾਬਾ ਸੱਜਣ ਸਿੰਘ ਨੇ ਇਲਾਕੇ ਦੀ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਕਿਰਪਾਲਤਾ ਕਰਨੀ। ਇਸ ਦੌਰਾਨ ਗੁਰੂ ਜੀ ਕਾ ਲੰਗਰ ਅਟੁੱਟ ਵਰਤੇਗਾ।

# ਜੀਪੀਓ ਕੰਪਲੈਕਸ ਅੰਮ੍ਰਿਤਸਰ 'ਚ ਨਵੇਂ ਕਮਰੇ ਦਾ ਮਹੂਰਤ



**ਪੱਟੀ (ਬਲਦੇਵ ਸਿੰਘ)**— ਭਾਰਤੀ ਪੋਸਟਲ ਇੰਪਲਾਈਜ਼ ਐਸੋਸੀਏਸ਼ਨ ਗਰੁੱਪ-ਸੀ ਦੀ 15 ਜੂਨ ਸਰਕਲ ਵਰਕਿੰਗ ਕਮੇਟੀ ਦੀ ਮੀਟਿੰਗ ਜਨਰਲ ਪੋਸਟ ਆਫਿਸ ਵਿੱਖੇ ਹੋਈ। ਇਸ ਮੀਟਿੰਗ ਵਿੱਚ ਪੰਜਾਬ ਸਰਕਲ ਦੇ ਸਮੂਹ ਅਹੁਦੇਦਾਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਮੀਟਿੰਗ ਤੋਂ ਅਗਲੇ ਦਿਨ 16 ਜੂਨ ਨੂੰ ਭਾਰਤੀ ਪੋਸਟਲ ਇੰਪਲਾਈਜ਼ ਐਸੋਸੀਏਸ਼ਨ ਗਰੁੱਪ-ਸੀ ਨੂੰ ਜਨਰਲ ਪੋਸਟ ਆਫਿਸ ਕੰਪਲੈਕਸ ਵਿੱਚ ਮਿਲੇ ਨਵੇਂ ਯੂਨੀਅਨ ਆਫਿਸ ਦਾ ਮਹੂਰਤ ਪਰਵੀਨ ਪ੍ਰਸੂਨ ਸੀਨੀਅਰ ਸੁਪਰਡੈਂਟ ਪੋਸਟ ਆਫਿਸ ਅੰਮ੍ਰਿਤਸਰ, ਹਰਵੰਤ ਸਿੰਘ ਆਫਿਸ ਸੁਪਰਵਾਇਜ਼ਰ, ਅਨੰਤ ਪਾਲ ਸੈਕਟਰੀ ਜਰਨਲ ਭਾਰਤੀਯ ਪੋਸਟਲ ਇੰਪਲਾਈਜ਼ ਫੈਡਰੇਸ਼ਨ, ਸੰਤੋਸ਼ ਕੁਮਾਰ ਸਿੰਘ ਸੈਕਟਰੀ ਨੇ ਅਪਣੇ ਕਰ ਕਮਲਾਂ ਨਾਲ ਕੀਤਾ। ਅਪਣੇ ਸੰਬੋਧਨ ਵਿੱਚ ਭਾਰਤੀ ਪੋਸਟਲ ਫੈਡਰੇਸ਼ਨ ਦੇ ਸੈਕਟਰੀ ਜਰਨਲ ਅਨੰਤ ਪਾਲ, ਸੰਤੋਸ਼ ਕੁਮਾਰ ਸਿੰਘ ਨੇ ਦੱਸਿਆ ਕਿ ਭਾਰਤੀ ਮਜ਼ਦੂਰ ਸੰਘ ਨਾਲ ਸੰਬਧਤ ਭਾਰਤੀ ਪੋਸਟਲ ਇੰਪਲਾਈਜ਼ ਫੈਡਰੇਸ਼ਨ ਇਸ ਸਮੇਂ ਦੇਸ਼ ਦੀ ਨੰਬਰ ਇਕ ਪੋਸਟਲ ਯੂਨੀਅਨ ਬਣ ਕੇ ਉਭਰ ਰਹੀ ਹੈ। ਇਸ ਮੌਕੇ ਪੰਜਾਬ ਦੇ ਸਰਕਲ ਸੈਕਟਰੀ ਵਿਜੇ ਕੁਮਾਰ ਨੇ ਅਪਣੇ ਸੰਬੋਧਨ ਵਿੱਚ ਭਾਰਤੀ ਯੂਨੀਅਨ ਦੀ ਕੇਂਦਰ ਦੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਰਤੀ ਯੂਨੀਅਨ ਗਰੁੱਪ-ਸੀ ਪੰਜਾਬ ਸਰਕਲ ਨੂੰ ਹੈੱਡ ਕੁਆਟਰ ਅੰਮ੍ਰਿਤਸਰ ਵਿੱਚ ਯੂਨੀਅਨ ਨੂੰ ਕਮਰਾ ਅਲਾਟ ਕਰਵਾਉਣ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਵਿਸ਼ਾਲ ਮੀਟਿੰਗ ਵਿੱਚ ਪ੍ਰਮੁੱਖ ਤੌਰ ਤੇ ਸੀਨੀਅਰ ਪੋਸਟ ਮਾਸਟਰ ਅਮਰਜੀਤ ਸਿੰਘ ਵੈਦ, ਮਨਿੰਦਰ ਸਿੰਘ, ਗੁਰਮੀਤ ਸਿੰਘ, ਬਲਦੇਵ ਸਿੰਘ, ਸਰਬਜੀਤ ਸਿੰਘ, ਰਾਕੇਸ਼ ਕੁਮਾਰ, ਨਰੇਸ਼ ਕੁਮਾਰ ਸਿੰਘ, ਗੁਲਬਾਘ ਸਿੰਘ, ਰਾਮ ਸਿੰਘ, ਸੁਨੀਲ ਕੁਮਾਰ, ਕਮਲਜੀਤ ਸਿੰਘ ਗੁਰਦਾਸਪੁਰ, ਮਨਪ੍ਰੀਤ ਸਿੰਘ ਸੰਗਰੂਰ, ਜਗਪ੍ਰੀਤ ਸਿੰਘ, ਕੁਲਦੀਪ ਸਿੰਘ ਉੱਪਲ ਲੁਧਿਆਣਾ, ਜੀ.ਡੀ. ਵਰਮਾ ਚੰਡੀਗੜ੍ਹ, ਜਸਵਿੰਦਰ ਫ਼ਰੀਦਕੋਟ, ਵਿਪਨ ਕੁਮਾਰ, ਮੋਹਿੰਦਰ ਸਿੰਘ ਸੰਗਰੂਰ, ਰਜਨੀ ਗੁਪਤਾ, ਕੋਮਲਦੀਪ ਕੌਰ, ਮੈਡਮ ਨਿਧੀ, ਮਨੂ ਸ਼ਰਮਾ, ਡਿੰਪਲ ਖਾਲਸਾ, ਮੰਗਤ ਰਾਏ ਫਿਰੋਜ਼ਪੁਰ, ਬਲਵਿੰਦਰ ਸਿੰਘ, ਜਰਨੈਲ ਸਿੰਘ ਭੁੱਲਰ,ਪਵਨ ਕੁਮਾਰ, ਨਿਤੀਸ਼ ਕੁਮਾਰ , ਪਰਮਜੀਤ ਰਾਏ ਤੋਂ ਇਲਾਵਾ ਹੋਰ ਵੀ ਸੈਂਕੜੇ ਵਰਕਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ.

# ਵਿਚਾਰ-ਚਰਚਾ ਲੜੀ ਬਿਬੇਕ ਗੋਸ਼ਟਿ ਦੇ 33ਵੇਂ ਭਾਗ ਦਾ ਸ.ਫਲ ਆਯੋਜਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨਸਲੀ ਭੇਦ ਵਿਅਕਤੀ ਦੀ ਹੋਂਦ ਨੂੰ ਅਜਿਹੀ ਸੰਕੁਚਿਤ ਦ੍ਰਿਸ਼ਟੀ ਰਾਹੀਂ ਦੇਖਣ ਦਾ ਢੰਗ ਹੈ, ਜਿਸ ਰਾਹੀਂ ਵਿਅਕਤੀ ਦੁਆਰਾ ਅਤੇ ਉਸ ਵਿਚਲੀ ਹਰ ਸੰਭਾਵਿਤ ਸਮਰਥਾ ਨੂੰ ਪਹਿਲਾਂ ਹੀ ਸਮਾਜ-ਸੱਭਿਆਚਾਰਕ ਧਾਰਨਾਵਾਂ ਰਾਹੀਂ ਨਿਰਧਾਰਿਤ ਕਰ ਦਿੱਤਾ ਜਾਂਦਾ ਹੈ। ਇਹ ਇੱਕ ਸਮਾਜਿਕ ਸੱਮਸਿਆ ਹੈ, ਜੋ ਮਨੁੱਖਤਾਵਾਦ ਜਿਹੇ ਮਹਾਂਪ੍ਰਵਚਨ ਕਾਰਨ ਵਿਭਿੰਨ ਸ਼ਕਤੀਹੀਣ ਸਮਾਜਾਂ ਦੇ ਯਥਾਰਥ ਨੂੰ ਪੇਸ਼ ਕਰਨ ਵਿੱਚ ਰੋਕ ਪੈਦਾ ਕਰਦੀ ਹੈ। ਨਸਲ ਭੇਦ ਉਤਪੰਨ ਕਰਨ ਵਾਲੀ ਸੱਤਾ ਧਿਰ ਨੂੰ ਹਿੰਸਕ ਧਿਰ ਵਜੋਂ ਪਰਿਭਾਸ਼ਿਤ ਕਰਨਾ ਚਾਹੀਦਾ ਹੈ, ਅਤੇ ਅਜਿਹੇ ਹੋਰ ਸੰਭਾਵਿਤ ਭੇਦਾਂ ਨੂੰ ਲੱਭਦਿਆਂ ਇਸ ਨੂੰ ਲਿੰਗ, ਜਾਤ ਅਤੇ ਆਰਥਿਕ ਪੱਖੋਂ ਵੀ ਦੇਖਣਾ ਚਾਹੀਦਾ ਹੈ। ਹਿੰਸਕ ਧਿਰ ਵਿਹਾਰਿਕ ਸੱਤਾ, ਆਤਮ ਸੱਤਾ ਅਤੇ ਭਾਸ਼ਾ ਦੀ ਅਜਿਹੀ ਵਿਆਖਿਆ ਪ੍ਰਸਤੁਤ ਕਰਦੀ ਹੈ ਕਿ ਇਸ ਤੋਂ ਪੀੜਤ ਧਿਰ ਇਸ ਵਿਆਖਿਆ ਅਧੀਨ ਆਪਣੇ ਜੀਵਨ ਨੂੰ ਢਾਲ ਆਪਣੀ ਹੋਂਦ ਨੂੰ ਪ੍ਰਮਾਣਿਕ ਹੋਂਦ ਵਜੋਂ ਪ੍ਰਵਾਨ ਕਰਾਉਣ ਲਈ ਜਦੋ-ਜਹਿਦ ਕਰਦਾ ਹੈ। ਇਸ ਦੀ ਉਦਾਹਰਨ ਪੱਛਮੀ ਸਮਾਜਾਂ ਰਾਹੀਂ ਵਿਸ਼ੇਸ਼ ਕਰ ਵੀਹਵੀਂ ਸਦੀ ਵਿੱਚ ਪੂਰਬੀ ਸਮਾਜਾਂ 'ਤੇ ਕੀਤਾ ਗਿਆ ਬਸਤੀਵਾਦੀ ਚਿੰਤਨ ਹੈ। ਪਰ ਅਜਿਹੇ ਅਭਿਆਸ ਵਿੱਚ ਪੂਰੇ ਸਫ਼ਲ ਹੋਣ ਤੋਂ ਬਾਅਦ ਵੀ ਸੱਤਾ ਧਿਰ ਲਈ ਪੀੜਿਤ ਵਿਸ਼ੇਸ਼ ਨਸਲ ਦੇ ਵਰਗ ਅਧੀਨ ਹੀ ਵਿਆਖਿਤ ਹੁੰਦਾ ਰਹਿੰਦਾ ਹੈ। ਇਸ ਵਰਗੀਕਰਨ ਨੂੰ ਤੋੜਨ ਲਈ ਪਹਿਚਾਨ ਦੇ ਵਿਭਿੰਨ ਪਹਿਲੂਆਂ ਨੂੰ ਧਿਆਨ




ਵਿੱਚ ਲਿਆਉਣਾ ਚਾਹੀਦਾ ਹੈ, ਜਿਸ ਵਿੱਚ ਭਾਸ਼ਾ, ਮਨੋਵਿਸ਼ਲੇਸ਼ਣ ਅਤੇ ਵਿਚਾਰਧਾਰਾਈ ਗਿਆਨ ਦਾ ਅਹਿਮ ਯੋਗਦਾਨ ਹੋਵੇਗਾ। ਫੈਨੋ ਦੀ ਲ਼ਿਖ਼ਤਾਂ ਦਾ ਵੱਡਾ ਭਾਗ ਇਸੇ ਵਿਚਾਰ 'ਤੇ ਕੇਂਦ੍ਰਿਤ ਹੈ। ਇਨ੍ਹਾਂ ਸ਼ਬਦਾਂ ਨਾਲ ਅੱਜ ਦੀ ਬਿਬੇਕ ਗੋਸ਼ਟਿ ਦੇ ਮੁੱਖ ਪ੍ਰਵਕਤਾ ਇਤਿਹਾਸ ਵਿਭਾਗ, ਯੂਨੀਵਰਸਿਟੀ ਆਫ਼ ਟੋਰਾਂਟੋ, ਕੈਨੇਡਾ ਤੋਂ ਖੋਜਾਰਥੀ ਦਿਵਯਾਨੀ ਮੋਤਲਾ ਨੇ ਆਪਣੇ ਭਾਸ਼ਣ ਦਾ ਆਗਾਜ਼ ਕੀਤਾ। ਉਨ੍ਹਾਂ ਕਿਹਾ ਕਿ ਫੈਨੋ ਦੀਆਂ ਲ਼ਿਖ਼ਤਾਂ ਵਿਚਲੇ ਤਿੰਨ ਵਰਗਾਂ ਸਥਾਨਕ ਕਾਮਾ, ਬਸਤੀਵਾਦੀ ਚਿੰਤਨ ਅਤੇ ਲੰਪਿਨ ਪ੍ਰੋਲੇਤੇਰੀਅਤ ਨੂੰ ਭਾਰਤੀ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਭਾਰਤੀ ਸੰਦਰਭ ਵਿੱਚ ਮਹਾਤਮਾ ਗਾਂਧੀ ਅਤੇ ਸੁਧਾਰਕ ਲਹਿਰਾਂ ਦੇ ਕਾਰਜਾਂ ਦਾ ਵੀ ਮੁੜ-ਅਧਿਐਨ ਕਰਨਾ ਚਾਹੀਦਾ ਹੈ। ਬਿਬੇਕ ਗੋਸ਼ਟਿ ਖੋਜ ਸੰਸਥਾ ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ ਮਹੀਨਾਵਾਰ ਕੀਤੀ ਜਾਂਦੀ ਵਿਚਾਰ-ਚਰਚਾ ਲੜੀ ਹੈ ਜਿਸ ਦੇ 33ਵੇਂ ਭਾਗ ਦਾ ਆਯੋਜਨ ਸੰਸਥਾ ਦੇ ਮੁੱਖ ਦਫ਼ਤਰ ਵਿਖੇ ਆਨਲਾਈਨ ਮਾਧਿਅਮ ਰਾਹੀਂ ਕੀਤਾ ਗਿਆ। ਅੱਜ ਦੇ ਇਸ ਆਯੋਜਨ ਵਿੱਚ ਉਨ੍ਹਾਂ ਪ੍ਰਸਿੱਧ ਚਿੰਤਕ ਅਤੇ ਦਾਰਸ਼ਨਿਕ ਫਾਂਜ਼ ਫੈਨੋ ਦੁਆਰਾ ਰਚਿਤ ਬਹੁ-ਚਰਚਿਤ ਪੁਸਤਕ 'ਦ ਰੈਚਿਡ ਆਫ਼ ਦੀ ਅਰਥ' 'ਤੇ ਆਪਣਾ ਖੋਜ-ਪਰਚਾ ਪ੍ਰਸਤੁਤ ਕੀਤਾ। ਉਨ੍ਹਾਂ ਦੇ ਖੋਜ-ਪੱਤਰ ਦੀ ਸਮਾਪਤੀ ਤੋਂ ਬਾਅਦ ਸੰਵਾਦ ਰਚਾਇਆ ਗਿਆ ਜਿਸ ਵਿੱਚ ਦਿਵਯਾਨੀ ਨੂੰ ਫੈਨੋ ਦੀਆਂ ਪਹਿਲੀਆਂ ਲਿਖਤਾਂ, ਮਾਰਕਸਵਾਦ ਨਾਲ ਉਸਦੇ ਸੰਬੰਧ, ਹਿਗੇਲੀਅਨ ਦਵੰਧਤਾ ਦਾ ਵਿਰੋਧ ਅਤੇ ਭਾਰਤੀ ਸੰਦਰਭ ਵਿੱਚ ਉਸਦੀ ਪ੍ਰਸੰਗਿਕਤਾ ਸੰਬੰਧੀ ਪ੍ਰਸ਼ਨ ਪੁੱਛੇ ਗਏ ਜਿਸ ਦਾ ਉਨ੍ਹਾਂ ਸੰਤੋਖਜਨਕ ਉੱਤਰ ਦਿਤਾ। ਇਸ ਆਯੋਜਨ ਵਿੱਚ ਡਾ. ਬਿਕਰਮਜੀਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਜੈਪ੍ਰੀਤ ਕੌਰ, ਹੀਰਾ ਸਿੰਘ, ਜਗਸੀਰ ਸਿੰਘ, ਦਿੱਲੀ ਯੂਨੀਵਰਸਿਟੀ ਨਵੀਂ ਦਿੱਲੀ ਤੋਂ ਹਰਕਮਲਪ੍ਰੀਤ ਸਿੰਘ, ਇਮਰਤਪਾਲ ਸਿੰਘ, ਸੰਦੀਪ ਸ਼ਰਮਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅਕਵਿੰਦਰ ਕੌਰ, ਕੋਮਲਪ੍ਰੀਤ ਸਿੰਘ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਲਖਵੀਰ ਸਿੰਘ, ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਡਾ. ਹਲਵਿੰਦਰ ਸਿੰਘ, ਆਸਟਰੇਲੀਆ ਤੋਂ ਅਰੁਣਜੀਤ ਸਿੰਘ, ਮਨਿੰਦਰਜੀਤ ਕੌਰ ਅਤੇ ਅਮਰੀਕਾ ਤੋਂ ਅਮਨਦੀਪ ਸਿੰਘ, ਕੈਨੇਡਾ ਤੋਂ ਡੈਨਿਸ ਥੋਮਸ ਅਤੇ ਸੰਸਥਾ ਦੇ ਖੋਜਾਰਥੀ ਗੁਰਚੇਤਨ ਸਿੰਘ, ਰਾਜਵੀਰ ਨੇ ਵੀ ਸ਼ਿਰਕਤ ਕੀਤੀ। ਮੰਚ ਦਾ ਸੰਚਾਲਨ ਜਾਮੀਆ ਮਿਲੀਆ ਇਸਲਾਮੀਆ ਤੋਂ ਖੋਜਾਰਥੀ ਜਸਵਿੰਦਰ ਸਿੰਘ ਨੇ ਕੀਤਾ। ਅੰਤ ਵਿੱਚ ਇਸ ਆਯੋਜਨ ਦੇ ਸੰਚਾਲਕ ਗੁਰਦਿਆਲ ਸਿੰਘ ਨੇ ਦੱਸਿਆ ਅਗਲੀ ਬਿਬੇਕ ਗੋਸਟਿ ਦਾ ਆਯੋਜਨ 15 ਜੁਲਾਈ, 2024 ਨੂੰ ਕੀਤਾ ਜਾਵੇਗਾ।

# 1928 'ਚ ਮਨਜ਼ੂਰ ਹੋਇਆ ਕਾਦੀਆਂ-ਬਿਆਸ ਰੇਲਵੇ ਲਾਈਨ ਪ੍ਰੋਜੈਕਟ ਅੱਜ ਵੀ ਅਧੂਰਾ

## ਇਲਾਕਾ ਨਿਵਾਸੀਆਂ ਦੀ ਇਸ ਪ੍ਰਾਜੈਕਟ ਨੂੰ ਤੁਰੰਤ ਨੇਪਰੇ ਚਾੜ੍ਹਨ ਦੀ ਸਰਕਾਰ ਨੂੰ ਅਪੀਲ

**ਗੁਰਦਾਸਪੁਰ (ਜਨਕ ਮਹਾਜਨ)**-ਕਾਦੀਆਂ-ਬਿਆਸ ਰੇਲਵੇ ਲਾਈਨ ਪ੍ਰੋਜੈਕਟ ਜੋ ਪਹਿਲੀ ਵਾਰ 1928 ਵਿੱਚ ਮਨਜ਼ੂਰ ਹੋਇਆ ਸੀ, ਅੱਜ ਤੱਕ ਅਧੂਰਾ ਪਿਆ ਹੈ।ਪਿਛਲੇ 96 ਸਾਲਾਂ ਵਿੱਚ ਪ੍ਰੋਜੈਕਟ ਨੂੰ ਕਈ ਦੇਰੀ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ।ਇਲਾਕਾ ਨਿਵਾਸੀਆਂ ਨੇ ਇੱਕ ਵਾਰ ਫਿਰ ਇਹ ਮੁੱਦਾ ਉਠਾਉਂਦਿਆਂ ਸਮੂਹ ਸਿਆਸੀ ਆਗੂਆਂ ਨੂੰ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ।

ਨਵਜੋਤ ਸਿੰਘ ਸਿੱਧੂ ਨੇ ਪਹਿਲੀ ਵਾਰ 2004 ਵਿੱਚ ਇਸ ਮੁੱਦੇ ਨੂੰ ਸੰਸਦ ਵਿੱਚ ਉਠਾਇਆ ਸੀ।2011-12 ਦੌਰਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ 842 ਕਰੋੜ ਰੁਪਏ ਦੀ ਲਾਗਤ ਨਾਲ ਇਹ ਪ੍ਰਾਜੈਕਟ ਮਨਜ਼ੂਰ ਹੋਇਆ ਸੀ।ਇਸ ਦੇ ਬਾਵਜੂਦ ਸਥਾਨਕ ਵਿਰੋਧ ਅਤੇ ਕਾਨੂੰਨ ਵਿਵਸਥਾ ਦੇ ਮੁੱਦੇ ਇਸ ਪ੍ਰਾਜੈਕਟ ਦੀ ਪ੍ਰਗਤੀ ਵਿੱਚ ਰੁਕਾਵਟ ਬਣਦੇ ਰਹੇ।

2015 ਵਿੱਚ ਵਿਨੋਦ ਖੰਨਾ ਨੇ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ 30 ਅਪ੍ਰੈਲ 2015 ਨੂੰ ਇੱਕ ਅਹਿਮਦੀਆ ਵਫ਼ਦ ਨੇ ਪ੍ਰੋਜੈਕਟ ਨੂੰ ਮੁੜ ਚਾਲੂ ਕਰਨ ਦੀ ਮੰਗ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।ਹਾਲਾਂਕਿ ਸਮਾਂ ਬੀਤ ਗਿਆ ਅਤੇ ਸਥਿਤੀ ਜਿਉਂ ਦੀ ਤਿਉਂ ਬਣੀ ਰਹੀ।

ਰਾਜ ਸਭਾ ਮੈਂਬਰ ਰਾਘਵ ਚੱਢਾ ਨੇ 3 ਫਰਵਰੀ 2023 ਨੂੰ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਕੋਲ ਇਹ ਮੁੱਦਾ ਉਠਾਇਆ।ਫਿਰ ਵੀ ਇਹ ਪ੍ਰੋਜੈਕਟ ਅਧੂਰਾ ਪਿਆ ਹੈ।ਇਸ ਪ੍ਰੋਜੈਕਟ ਨੂੰ ਲੈ ਕੇ ਹਜ਼ਾਰਾਂ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਹਨ।ਨਵੀਂ ਸਰਕਾਰ ਦੇ ਪਹਿਲੇ ਸੈਸ਼ਨ ਦੌਰਾਨ ਗੁਰਦਾਸਪੁਰ ਤੋਂ ਕਾਂਗਰਸ ਦੇ ਨੁਮਾਇੰਦੇ ਸੁਖਜਿੰਦਰ ਰੰਧਾਵਾ ਨੇ ਜ਼ੋਰਦਾਰ ਢੰਗ ਨਾਲ ਇਹ ਮੰਗ ਲੋਕ ਸਭਾ ਵਿਚ ਉਠਾਉਣੀ ਹੈ। ਇਸੇ ਤਰ੍ਹਾਂ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਅਤੇ ਸਮੂਹ ਭਾਜਪਾ ਵਰਕਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਪ੍ਰਾਜੈਕਟ ਨੂੰ ਮੁੜ ਸੁਰਜੀਤ ਕਰਨ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਣ।ਫਤਿਹ ਸਿੰਘ ਬਾਜਵਾ, ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਅਸ਼ਵਨੀ ਸੇਖੜੀ ਅਤੇ ਰਵਨੀਤ ਬਿੱਟੂ ਅੱਜ ਭਾਜਪਾ ਦੇ ਪ੍ਰਮੁੱਖ ਆਗੂ ਹਨ। ਰਵਨੀਤ ਬਿੱਟੂ ਰੇਲ ਰਾਜ ਮੰਤਰੀ ਵੀ ਹੈ।

# ਕਿਸਾਨ ਆਗੂ ਹਰਜਿੰਦਰ ਸਿੰਘ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ



**ਗੁਰਦਾਸਪੁਰ (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਬਾਬਾ ਮਸਤੂ ਜੀ ਦੇ ਆਗੂ ਹਰਜਿੰਦਰ ਸਿੰਘ ਭਲਵਾਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਸ਼ੰਭੂ ਬਾਰਡਰ ਦੇ ਸ਼ਹੀਦ ਦੇ ਜੱਦੀ ਪਿੰਡ ਵਰਸੋਲਾ ਵਿੱਚ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਿਸ ਵਿਚ ਵੱਖ-ਵੱਖ ਆਗੂਆ ਵੱਲੋਂ ਸ਼ਹੀਦ ਹਰਜਿੰਦਰ ਸਿੰਘ ਵਰਸੋਲਾ ਜੋ ਸ਼ੰਭੂ ਬਾਰਡਰ ਤੇ ਜਾਂਦਿਆਂ ਰਸਤੇ ਵਿੱਚ ਐਕਸੀਡੈਂਟ ਹੋਣ ਕਾਰਨ ਸਾਨੂੰ ਅਲਵਿਦਾ ਕਹਿ ਗਏ ਸਨ ਅਤੇ ਉਹ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ 23ਵੇਂ ਸ਼ਹੀਦ ਹਰਜਿੰਦਰ ਸਿੰਘ ਨੂੰ ਯਾਦ ਕਰਦਿਆ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜਪਿੰਡੀ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਕਿਸਾਨਾਂ/ਮਜ਼ਦੂਰਾਂ ਤੇ ਹਰ ਵਰਗ ਨੂੰ ਸੂਲੀ ਤੇ ਟੰਗ ਕੇ ਕਾਰਪੋਰੇਟ ਘਰਾਣਿਆਂ ਦੀ ਗੁਲਾਮ ਬਣੀ ਹੋਈ, ਜਿਸ ਨੂੰ ਪਿਛਲੇ ਦਿਨਾਂ ਤੋਂ ਪੰਜਾਬ ਤੇ ਹਰਿਆਣੇ ਦੇ ਬਾਰਡਰ 'ਤੇ ਲੱਗਾ ਧਰਨਾ ਇੰਜ ਲੱਗ ਰਿਹਾ ਹੈ ਜਿਵੇਂ ਭਾਰਤ-ਪਾਕਿਸਤਾਨ ਦਾ ਬਾਰਡਰ ਹੋਵੇ।ਕਿਸਾਨ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਦਿੱਲੀ ਜਾ ਰਹੇ ਸਨ ਪਰ ਹਰਿਆਣਾ ਬਾਰਡਰ 'ਤੇ ਅੱਥਰੂ ਗੈਸ, ਡ੍ਰੋਨ ਰਾਹੀਂ ਅੱਥਰੂ ਗੈਸ ਦੇ ਗੋਲੇ, ਬੰਬ, ਪਲਾਸਟਿਕ ਦੀਆਂ ਗੋਲੀਆਂ ਤੇ ਪੱਕੀਆਂ ਗੋਲੀਆਂ ਨਾਲ 400 ਤੋਂ ਵੱਧ ਕਿਸਾਨਾਂ/ਮਜ਼ਦੂਰਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਸ਼ੁੱਭਕਰਨ ਸਿੰਘ ਨੂੰ ਗੋਲੀ ਨਾਲ ਸ਼ਹੀਦ ਕਰ 'ਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ੋਨ ਪ੍ਰਧਾਨ ਅਨੂਪ ਸਿੰਘ ਸੁਲਤਾਨੀ, ਸਕੱਤਰ ਕੁਲਜੀਤ ਸਿੰਘ ਹਯਾਤ ਨਗਰ, ਗੋਲਡੀ ਸਰਪੰਚ, ਜਤਿੰਦਰ ਸਿੰਘ ਵਰਿਆ, ਵੱਸਣ ਸਿੰਘ ਪੀਰਾਂ ਬਾਗ, ਗੁਰਪ੍ਰੀਤ ਸਿੰਘ ਕਾਲਾ ਨੰਗਲ, ਸੋਹਣ ਸਿੰਘ ਗਿੱਲ, ਅਮਰੀਕ ਸਿੰਘ ਹਯਾਤ ਨਗਰ, ਬੀਬੀ ਸੁਖਦੇਵ ਕੌਰ, ਬੀਬੀ ਮਨਜਿੰਦਰ ਕੌਰ, ਬੀਬੀ ਅਮਰਜੀਤ ਕੌਰ ਆਦਿ ਹਾਜ਼ਰ ਸਨ।

# ਤਿੰਨ ਅਣਪਛਾਤੇ ਨੌਜਵਾਨਾਂ ਦੀਆਂ ਲਾਸ਼ਾਂ ਦੀ ਪਛਾਣ ਹੋਈ



**ਗੁਰਦਾਸਪੁਰ (ਜਨਕ ਮਹਾਜਨ)**- ਦੀਨਾਨਗਰ ਦੇ ਪਿੰਡ ਡੀਡਾ ਸਾਂਸੀਆਂ ਵਿੱਚ ਬੀਤੇ ਦਿਨ ਤਿੰਨ ਅਣਪਛਾਤੇ ਨੌਜਵਾਨਾਂ ਦੀਆਂ ਲਾਸ਼ਾਂ ਮਿਲਣ ਨਾਲ ਪਿੰਡ ਵਿੱਚ ਸਨਸਨੀ ਫੈਲ ਗਈ ਸੀ।ਹੁਣ ਦੋ ਦਿਨ ਬਾਅਦ ਤਿੰਨਾਂ ਨੌਜਵਾਨਾਂ ਦੀ ਪਹਿਚਾਣ ਹੋ ਗਈ ਹੈ ਜਿਨ੍ਹਾਂ ਵਿੱਚੋਂ ਇੱਕ ਲੜਕਾ ਪ੍ਰਿੰਸ ਜ਼ਿਲਾ ਪਠਾਨਕੋਟ ਦੇ ਕਸਬੇ ਤਾਰਾਗੜ੍ਹ ਦਾ ਰਹਿਣ ਵਾਲਾ ਸੀ ਅਤੇ ਦੋ ਲੜਕੇ ਸਚਿਨ ਅਤੇ ਰਾਕੇਸ਼ ਜੰਮੂ ਲਖਨਪੁਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦੇ ਪਰਿਵਾਰਾਂ ਤੋਂ ਇਹ ਵੀ ਖੁਲਾਸਾ ਹੋਇਆ ਹੈ ਕਿ ਤਿੰਨੋਂ ਨੌਜਵਾਨ ਨਸ਼ੇ ਦੇ ਆਦੀ ਸੀ, ਜ਼ਾਹਰ ਤੌਰ 'ਤੇ ਉਹ ਨਸ਼ਾ ਲੈਣ ਲਈ ਹੀ ਨਸ਼ੇ ਲਈ ਬਦਨਾਮ ਇਲਾਕੇ ਡੀਡਾ ਸਾਂਸੀਆਂ ਵਿਖੇ ਆਏ ਸਨ।ਜੰਮੂ ਦੇ ਰਹਿਣ ਵਾਲੇ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਹ ਖੁਲਾਸਾ ਕੀਤਾ ਹੈ ਕਿ ਜੰਮੂ 'ਚ ਨਸ਼ਾ ਨਾ ਮਿਲਣ 'ਤੇ ਉਹ ਪੰਜਾਬ 'ਚ ਨਸ਼ਾ ਲੈਣ ਲਈ ਆਉਂਦੇ ਸਨ।ਉਨ੍ਹਾਂ ਇਹ ਵੀ ਮੰਗ ਕੀਤੀ ਹੈ ਕਿ ਨਸ਼ੇ ਦੇ ਸੌਦਾਗਰਾਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਤੇ ਨਸ਼ੇ ਦੀ ਵਿਕਰੀ ਬੰਦ ਹੋਣੀ ਚਾਹੀਦੀ ਹੈ ਤਾਂ ਜੋ ਹੋਰ ਪਰਿਵਾਰਾਂ ਨੂੰ ਉਜੜਨ ਤੋਂ ਬਚਾਇਆ ਜਾ ਸਕੇ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਸੁਖਮਨਪਾਲ ਸਿੰਘ ਦੀ ਮੌਤ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਗਏ ਪੱਟੀ ਨਿਵਾਸੀ ਸੁਖਮਨਪਾਲ ਸਿੰਘ ਦੀ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਆਕਸੀਜਨ ਘੱਟ ਮਿਲਣ ਕਾਰਨ ਬੀਤੇ ਦਿਨ ਮੌਤ ਹੋ ਗਈ ਸੀ, ਦੀ ਲਾਸ਼ ਅੱਜ ਤੜਕਸਾਰ ਹੀ ਪਰਿਵਾਰ ਵੱਲੋਂ ਪੱਟੀ ਲਿਆਉਣ ਤੋਂ ਬਾਅਦ ਸਥਾਨਕ ਸ਼ਹਿਰ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਸੁਖਮਨਪਾਲ ਸਿੰਘ (25)ਜੋ ਇਸ ਤੋਂ ਪਹਿਲਾਂ ਵੀ 8 ਵਾਰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰ ਚੁੱਕਾ ਸੀ, ਦੇ ਸਿਰ ਤੇ ਪਿਤਾ ਦਾ ਸਾਇਆ ਨਹੀਂ ਸੀ ਤੇ ਉਹ ਸੰਪ੍ਰਦਾਇ ਬਾਬਾ ਬਿਧੀ ਚੰਦ ਜੀ ਦੇ ਜਾਨਸ਼ੀਨ ਸੰਤ ਬਾਬਾ ਗੁਰਬਚਨ ਸਿੰਘ ਦੀ ਰਹਿਨੁਮਾਈ ਹੇਠ ਗੁਰਦੁਆਰਾ ਛਾਉਣੀ ਸਾਹਿਬ ਪੱਟੀ ਵਿਖੇ ਗਿਆਨੀ ਮਾਸਟਰ ਲਖਬੀਰ ਸਿੰਘ ਨਾਲ ਸੇਵਾ ਕਰਵਾ ਰਿਹਾ ਸੀ। ਉਹ ਆਪਣੇ ਤਿੰਨ ਹੋਰ ਦੋਸਤਾਂ ਨਾਲ 12 ਜੂਨ ਨੂੰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰਵਾਨਾ ਹੋਇਆ।ਜਦ ਉਹ ਸ੍ਰੀ ਹੇਮਕੁੰਟ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਤਕਰੀਬਨ 300 ਕੁ ਮੀਟਰ ਦੀ ਦੂਰੀ ਤੇ ਸੀ ਤਾਂ ਉਸ ਦੀ ਸਿਹਤ ਵਿਗੜ ਗਈ ਤੇ ਕੁਝ ਹੀ ਮਿੰਟਾਂ ਵਿੱਚ ਉਸ ਦੀ ਮੌਤ ਹੋ ਗਈ ਇਸ ਮੌਕੇ ਸ਼ਮਸ਼ਾਨ ਘਾਟ ਵਿਖੇ ਉਸ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਸੰਤ ਬਾਬਾ ਗੁਰਬਚਨ ਸਿੰਘ ਜੀ ਸੁਰਸਿੰਘ ਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਖੁਸ਼ਵਿੰਦਰ ਸਿੰਘ ਭਾਟੀਆ, ਚੈਅਰਮੈਨ ਜਗਤਾਰ ਸਿੰਘ ਬੁੱਟਰ, ਗੁਰਚਰਨ ਸਿੰਘ ਚੰਨ, ਅੰਗਰੇਜ਼ ਸਿੰਘ ਦਾਸੂਵਾਲ, ਕਮਲ ਕੁਮਾਰ, ਐੱਸਡੀਓ ਰਾਜਬੀਰ ਸਿੰਘ ਢਿੱਲੋਂ, ਸਾਬਕਾ ਕੌਂਸਲਰ ਕੰਵਲਪ੍ਰੀਤ ਸਿੰਘ, ਹਰਬੰਸ ਸਿੰਘ ਕਾਲੇਕੇ, ਪ੍ਰਿੰਸ ਭਾਟੀਆ, ਬਲਵਿੰਦਰ ਸਿੰਘ ਚੱਕਵਾਲੀਆ, ਬਾਬਾ ਕੁਲਵਿੰਦਰ ਸਿੰਘ ਬੱਬੂ, ਗੁਰਮੀਤ ਸਿੰਘ, ਗੁਰਦੇਵ ਸਿੰਘ ਚੀਮਾ, ਜੰਗ ਸਿੰਘ, ਦਰਸ਼ਨ ਸਿੰਘ, ਨਿਹਾਲ ਸਿੰਘ, ਜੋਗਾ ਸਿੰਘ, ਬਲਵਿੰਦਰ ਸਿੰਘ ਭੁੱਲਰ, ਅਮਰੀਕ ਸਿੰਘ ਭੁੱਲਰ, ਅਵਤਾਰ ਸਿੰਘ ਢਿੱਲੋਂ, ਦਵਿੰਦਰ ਕੋਛੜ, ਸੁੱਖ ਬੱਠੇਭੈਣੀ, ਐਡਵੋਕੇਟ ਜਗਦੀਪ ਮਹਿਤਾ, ਹਰਜੀਤ ਸਿੰਘ, ਕਸ਼ਮੀਰ ਸਿੰਘ ਗਿੱਲ, ਬਾਬਾ ਪੱਟੀ, ਨੀਟਾ ਮਕੈਨਿਕ, ਜਰਨੈਲ ਸਿੰਘ, ਗੁਰਪ੍ਰੀਤ ਸਿੰਘ, ਨਰਬੀਰ ਸਿੰਘ, ਨਿਰਵੈਰ ਸਿੰਘ, ਸੋਢਾ ਸਿੰਘ, ਯੋਧਾ ਸਿੰਘ, ਗੁਰਜੰਟ ਸਿੰਘ, ਰਸਾਲ ਸਿੰਘ ਆਦਿ ਮੌਜੂਦ ਸਨ।

# 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਸਮਾਗਮ ਕਰਵਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਖ਼ੋਜ ਵਿਚਾਰ ਟੀਮ ਵੱਲੋਂ ਚੱਲ ਰਹੀ ਗੁਰਮਤਿ ਪਰਚਾਰ ਲਹਿਰ ਤਹਿਤ 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਸਮਾਗਮ ਜੱਸ ਗੁਰਮਤਿ ਸੰਗੀਤ ਸਕੂਲ, ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਗੁਰੂ ਸਾਹਿਬ ਦੀ ਅਪਾਰ ਕ੍ਰਿਪਾ ਸਦਕਾ ਇਹ ਸਮਾਗਮ ਸਫਲਤਾਪੂਵਕ ਸੰਪੂਰਨ ਹੋਇਆ।ਜੱਸ ਗੁਰਮਤਿ ਸੰਗੀਤ ਸਕੂਲ ਦੀ ਪ੍ਰਿੰਸੀਪਲ ਜਸਲੀਨ ਕੌਰ ਨੇ ਦੱਸਿਆ ਕਿ ਇਸ ਸਮਾਗਮ ਵਿਚ ਵੱਖ ਵੱਖ ਪਿੰਡਾਂ ਸ਼ਹਿਰਾਂ ਤੋਂ ਆਏ 100 ਤੋਂ ਵਧ ਬੱਚਿਆਂ ਨੇ ਭਾਗ ਲਿਆ 'ਤੇ ਇਨਾਮ ਹਾਸਲ ਕੀਤੇ।ਇਸੇ ਸਮਾਗਮ ਦੌਰਾਨ 50 ਤੋਂ ਵੱਧ ਬੱਚਿਆਂ ਨੇ ਅੰਮ੍ਰਿਤਧਾਰੀ ਹੋ ਕੇ ਗੁਰੂ ਦੇ ਲੜ ਲੱਗਣ ਦਾ ਪ੍ਰਣ ਕੀਤਾ ਅਤੇ ਬਹੁਤ ਸਾਰੇ ਬੱਚਿਆਂ ਨੇ ਕਦੇ ਕੇਸ ਨਾ ਕਤਲ ਕਰਵਾਉਣ ਦਾ ਪ੍ਰਣ ਕੀਤਾ ਗਿਆ। ਇਸ ਸਮਾਗਮ ਵਿੱਚ ਕੀਰਤਨੀਏ ਭਾਈ ਅੰਸ਼ਦੀਪ ਸਿੰਘ ਵੱਲੋਂ ਸੰਗਤਾਂ ਨੂੰ ਗੁਰਮਤਿ ਸੰਗੀਤ ਕੀਰਤਨ ਨਾਲ ਜੋੜਿਆ ਉਪਰੰਤ 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਟੀਮ ਭਾਈ ਗੁਰਦਿਆਲ ਸਿੰਘ ਅਤੇ ਭਾਈ ਵਿਸ਼ਾਲ ਸਿੰਘ ਵੱਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਸਵਾਲ ਜਵਾਬ ਕੀਤੇ ਗਏ।ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਅੰਮ੍ਰਿਤ ਵੀਰ ਕੌਰ, ਦੂਸਰਾ ਸਥਾਨ ਗੁਰਮੁਖ ਸਿੰਘ ਅਤੇ ਤੀਸਰਾ ਸਥਾਨ ਅਮਰਜੋਤ ਸਿੰਘ ਨੇ ਹਾਸਲ ਕੀਤਾ ਜੋ ਫਾਈਨਲ ਮੁਕਾਬਲੇ ਲਈ ਵੀ ਕੁਆਲੀਫਾਈ ਹੋਏ। ਇਸ ਮੌਕੇ ਭਾਈ ਮਨਦੀਪ ਸਿੰਘ, ਭਾਈ ਹਰਸਿਮਰਨਜੀਤ ਸਿੰਘ, ਭਾਈ ਅੰਸ਼ਦੀਪ ਸਿੰਘ, ਭਾਈ ਰਣਧੀਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਵੱਲੋਂ ਜੱਜਮੈਂਟ ਦੀ ਸੇਵਾ ਨਿਭਾਈ ਗਈ।ਇਸ ਪ੍ਰੋਗਰਾਮ ਦੇ ਸਫਲ ਆਯੋਜਨ ਵਿੱਚ ਭਾਈ ਸਿਮਰਜੀਤ ਸਿੰਘ ਰੋਇਲ ਸਰਦਾਰ ਪੱਗਾਂ ਵਾਲੇ (ਯੂ ਐੱਸ ਏ), ਭਾਈ ਗਗਨਦੀਪ ਸਿੰਘ (ਯੂ ਕੇ) ਅਤੇ ਭਾਈ ਜੁਝਾਰ ਸਿੰਘ, ਸ਼ੁਭ ਕਰਮਨ ਸੁਸਾਇਟੀ ਅਤੇ ਮਾਨਵ ਸੇਵਾ ਟਰੱਸਟ ਹੁਸ਼ਿਆਰਪੁਰ ਵੱਲੋਂ ਵੀ ਭਰਵਾਂ ਯੋਗਦਾਨ ਪਾਇਆ ਗਿਆ।ਇਸ ਮੌਕੇ ਭਾਈ ਰਸ਼ਪਾਲ ਸਿੰਘ ਬੂਰੇ ਜੱਟਾਂ ,ਬੀਬੀ ਅਵਨਿੰਦਰ ਕੌਰ, ਭਾਈ ਤਜਿੰਦਰ ਸਿੰਘ, ਬੀਬੀ ਰਾਜਵਿੰਦਰ ਕੌਰ, ਭਾਈ ਨਰਿੰਦਰ ਸਿੰਘ, ਭਾਈ ਪਰਮਜੀਤ ਸਿੰਘ ਸੇਠੀ, ਭਾਈ ਗੁਰਮੀਤ ਸਿੰਘ ਮਾਨਵ ਸੇਵਾ ਟਰੱਸਟ, ਭਾਈ ਭੁਪਿੰਦਰ ਸਿੰਘ ਸੱਜਣ, ਗੁਰਬਿੰਦਰ ਸਿੰਘ ਪਲਾਹਾ, ਭਾਈ ਨੋਬਲਜੀਤ ਸਿੰਘ ਵੱਲੋਂ ਪਹੁੰਚ ਕੇ ਬਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਗਈ।

# ਜੂਨ ਮਹੀਨੇ ਦੇ ਦੇਸ਼ ਭਗਤਾਂ ਦੀ ਯਾਦ 'ਚ ਵਿਚਾਰ-ਚਰਚਾ 29 ਨੂੰ : ਮਾੜੀਮੇਘਾ

ਜਲੰਧਰ (ਨ ਜ਼ ਸ)-ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ਼ ਜੁੜੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਮਰਪਿਤ ਗੰਭੀਰ ਵਿਚਾਰ ਚਰਚਾ 29 ਜੂਨ ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਦੂਜਾ ਲਾਹੌਰ ਸਾਜ਼ਿਸ਼ ਕੇਸ 18 ਜੂਨ 1916 ਜਿਸ ਵਿਚ ਰੂੜ ਸਿੰਘ ਤਲਵੰਡੀ ਦੁਸਾਂਝ (ਉਸ ਮੌਕੇ ਫਿਰੋਜ਼ਪੁਰ), ਈਸ਼ਰ ਸਿੰਘ ਢੁੱਡੀਕੇ (ਉਸ ਮੌਕੇ ਫਿਰੋਜ਼ਪੁਰ), ਬੀਰ ਸਿੰਘ ਬਾਹੋਵਾਲ (ਹੁਸ਼ਿਆਰਪੁਰ), ਰੰਗਾ ਸਿੰਘ ਖੁਰਦਪੁਰ (ਜਲੰਧਰ), ਉੱਤਮ ਸਿੰਘ ਹਾਂਸ ਕਲਾਂ (ਲੁਧਿਆਣਾ) ਮੁਲਕ ਦੀ ਆਜ਼ਾਦੀ ਲਈ ਜੱਦੋ ਜਹਿਦ ਕਰਨ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਵਿਸ਼ੇਸ਼ ਤੌਰ ਤੇ ਉਹਨਾਂ ਦੀ ਘਾਲਣਾ ਨੂੰ ਯਾਦ ਕਰਨ, ਉਹਨਾਂ ਦੇ ਸੰਗਰਾਮੀ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਉਹਨਾਂ ਦੇ ਸੁਪਨਿਆਂ ਦੀ ਪੂਰਤੀ ਲਈ ਵਿਚਾਰਾਂ ਕਰਨ ਲਈ 29 ਜੂਨ ਦਿਨ ਸ਼ਨਿਚਰਵਾਰ ਠੀਕ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਿਚਾਰ-ਚਰਚਾ ਸਮਾਗਮ ਕੀਤਾ ਜਾਏਗਾ।ਇਸ ਮੌਕੇ ਸ਼ਹੀਦ ਆਤਮਾ ਰਾਮ (ਸ਼ੰਘਾਈ), ਬੱਬਰ ਅਕਾਲੀ ਚਿੰਤਾ ਸਿੰਘ ਢੰਡੋਲੀ (ਜਲੰਧਰ ਜੇਲ੍ਹ 'ਚ 8 ਜੂਨ 1941 ਫਾਂਸੀ), ਜਨਮ ਦਿਨ ਕਿਸ਼ੋਰੀ ਲਾਲ (9 ਜੂਨ 1909), ਸ਼ਹੀਦ ਹਰੀ ਕਿਸ਼ਨ ਸਰਹੱਦੀ ਨੂੰ ਮੀਆਂਵਾਲੀ ਜੇਲ੍ਹ ਵਿੱਚ ਫਾਂਸੀ, ਜਨਮ ਦਿਨ ਕ੍ਰਾਂਤੀਕਾਰੀ ਰਾਮ ਪ੍ਰਸਾਦ ਬਿਸਮਿਲ (12 ਜੂਨ 1897), ਸਾਕਾ ਵੱਲਾ ਪੁਲ (ਅੰਮ੍ਰਿਤਸਰ) (12 ਜੂਨ 1915), ਕ੍ਰਾਂਤੀਕਾਰੀ ਸਚਿੰਦਰ ਨਾਥ ਪਾਂਡੇ ਦਾ ਸਦੀਵੀ ਵਿਛੋੜਾ (13 ਜੂਨ 1992), ਸ਼ਹੀਦੀ ਬਾਬੂ ਨਲਨੀ ਬਾਗ਼ਚੀ (16 ਜੂਨ 1918), ਸ਼ਹੀਦੀ ਮਨਿੰਦਰ ਬੈਨਰਜੀ (ਭੁੱਖ ਹੜਤਾਲ ਦੌਰਾਨ ਫਤਿਹਗੜ੍ਹ ਜੇਲ੍ਹ 'ਚ ਸ਼ਹੀਦ) (20 ਜੂਨ 1935), ਕ੍ਰਾਂਤੀਕਾਰੀ ਡਾ. ਗਯਾ ਪ੍ਰਸਾਦ ਦਾ ਜਨਮ ਦਿਨ (20 ਜੂਨ 1900), ਜਨਮ ਦਿਨ ਕ੍ਰਾਂਤੀਕਾਰੀ ਰਜਿੰਦਰਨਾਥ ਲਹਿਰੀ (ਕਾਕੋਰੀ ਕੇਸ) (23 ਜੂਨ 1901) ਆਦਿ ਦੀਆਂ ਕੁਰਬਾਨੀਆਂ ਭਰੇ ਇਤਿਹਾਸਕ ਸਫ਼ਿਆਂ ਉਪਰ ਗੰਭੀਰ ਵਿਚਾਰਾਂ ਵੀ ਕੀਤੀਆਂ ਜਾਣਗੀਆਂ।

# ਰਿਆਤ ਬਾਹਰਾ 'ਵਰਸਿਟੀ ਵੱਲੋਂ ਮਨਾਇਆ ਵਿਸ਼ਵ ਖ਼ੂਨਦਾਨ ਦਿਵਸ




ਮੋਹਾਲੀ (ਗੁਰਜੀਤ ਬਿੱਲਾ) ਵਿਸ਼ਵ ਖ਼ੂਨਦਾਨੀ ਦਿਵਸ 'ਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ (ਯੂ ਐਸ ਏ ਐਚ ਐਸ) ਵੱਲੋਂ ਸੈਕਟਰ 17 ਚੰਡੀਗੜ੍ਹ ਵਿਖੇ ਏ ਬੀ ਓ ਬਲੱਡ ਗਰੁਪਿੰਗ ਪ੍ਰਣਾਲੀ ਦੀ ਖੋਜ ਕਰਨ ਅਤੇ ਮਨੁੱਖੀ ਜਾਨਾਂ ਬਚਾਉਣ ਵਾਲੇ ਕਾਰਲ ਲੈਂਡ ਸਟੀਨਰ ਦੀ ਜਨਮ ਵਰ੍ਹੇਗੰਢ ਮਨਾਉਣ ਲਈ ਖ਼ੂਨਦਾਨ ਕੈਂਪ ਵਿੱਚ ਹਿੱਸਾ ਲਿਆ ਗਿਆ।ਇਸ ਪਹਿਲਕਦਮੀ ਦਾ ਉਦੇਸ਼ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਸਮਾਜ ਦੀਆਂ ਸਿਹਤ ਜ਼ਰੂਰਤਾਂ ਵਿੱਚ ਯੋਗਦਾਨ ਪਾਉਣਾ ਸੀ ਅਤੇ ਨਾਲ ਹੀ ਇਸ ਨੇਕ ਕਾਰਜ ਲਈ ਖ਼ੂਨਦਾਨੀਆਂ ਦਾ ਧੰਨਵਾਦ ਕਰਨਾ ਸੀ। ਅਕਾਦਮਿਕ ਮਾਮਲਿਆਂ ਦੇ ਡੀਨ ਡਾ. ਸਤੀਸ਼ ਕੁਮਾਰ ਬਾਂਸਲ ਨੇ ਯੂ ਐਸ ਏ ਐਚ ਐਸ ਦੇ ਵਿਦਿਆਰਥੀਆਂ ਅਤੇ ਸਟਾਫ ਦੀ ਟੀਮ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਸਮਾਗਮ ਦਾ ਆਯੋਜਨ ਸ਼ਿਵ ਕੰਵਰ ਮਹਾਸੰਘ ਚੈਰੀਟੇਬਲ ਟਰੱਸਟ, ਪੰਚਕੂਲਾ ਦੁਆਰਾ ਕੀਤਾ ਗਿਆ ਸੀ ਅਤੇ ਇਹ ਹਸਪਤਾਲਾਂ ਵਿੱਚ ਖ਼ੂਨ ਦੀ ਕਮੀ ਨੂੰ ਦੂਰ ਕਰਨ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਇੱਕ ਮਹੱਤਵਪੂਰਨ ਕਦਮ ਸੀ।ਖ਼ੂਨਦਾਨ ਮੁਹਿੰਮ ਦੇ ਨਾਲ-ਨਾਲ, ਭਾਗੀਦਾਰਾਂ ਨੂੰ ਖ਼ੂਨਦਾਨ ਦੇ ਲਾਭਾਂ ਅਤੇ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਵਿੱਦਿਅਕ ਸੈਸ਼ਨ ਵੀ ਆਯੋਜਿਤ ਕੀਤੇ ਗਏ।ਇਸ ਦੌਰਾਨ ਚਾਂਸਲਰ, ਰਿਆਤ ਬਾਹਰਾ ਯੂਨੀਵਰਸਿਟੀ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਖ਼ੂਨਦਾਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਜਾਨਾਂ ਬਚਾਉਂਦਾ ਹੈ, ਡਾਕਟਰੀ ਇਲਾਜਾਂ ਵਿੱਚ ਸਹਾਇਤਾ ਕਰਦਾ ਹੈ ਅਤੇ ਐਮਰਜੈਂਸੀ ਅਤੇ ਸਰਜਰੀਆਂ ਲਈ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਂਦਾ ਹੈ।ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਸਿਰਫ਼ ਸਿਹਤ ਸੰਭਾਲ ਸਹੂਲਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਦੀਆਂ ਹਨ, ਸਗੋਂ ਨਿਯਮਿਤ ਖ਼ੂਨਦਾਨ ਦੇ ਸੱਭਿਆਚਾਰ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ।ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਦੇ ਯਤਨਾਂ ਅਤੇ ਇਸ ਨੇਕ ਕਾਰਜ ਲਈ ਫੈਕਲਟੀ ਅਤੇ ਵਿਦਿਆਰਥੀਆਂ ਦੀ ਉਤਸ਼ਾਹੀ ਸ਼ਮੂਲੀਅਤ ਦੀ ਸ਼ਲਾਘਾ ਕੀਤੀ।

# ਗਰਮੀ 'ਚ ਚਮੜੀ ਦਾ ਖਾਸ ਧਿਆਨ ਰੱਖਣ ਦੀ ਲੋੜ : ਡਾ. ਸੰਧੂ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਪੁਰੀਆ) ਚੰਡੀਗੜ੍ਹ ਰੋਡ ਸੰਧੂ ਹਸਪਤਾਲ ਨਵਾਂਸ਼ਹਿਰ ਡਾਕਟਰ ਗੁਰਜੀਤ ਕੌਰ ਸੰਧੂ ਨੇ ਕਿਹਾ ਕਿ ਗਰਮੀਆਂ ਦੇ ਮੌਸਮ 'ਚ ਚਮੜੀ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਬਦਲਦੇ ਮੌਸਮ ਦੇ ਇਸ ਸਮੇਂ ਦੌਰਾਨ ਕੁਝ ਲੋਕਾਂ ਨੂੰ ਧੁੱਪ ਵਿਚ ਚਮੜੀ ਦੇ ਰੋਗ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਲਈ ਅਜਿਹੇ ਲੋਕਾਂ ਨੂੰ ਜ਼ਿਆਦਾ ਦੇਰ ਧੁੱਪ 'ਚ ਨਹੀਂ ਰਹਿਣਾ ਚਾਹੀਦਾ। ਅਜਿਹਾ ਕਰਨ ਨਾਲ ਉਨ੍ਹਾਂ ਦੀ ਬੀਮਾਰੀ ਵਧ ਸਕਦੀ ਹੈ। ਬੱਚਿਆਂ ਦੀ ਚਮੜੀ ਨਰਮ ਹੁੰਦੀ ਹੈ। ਇਸ ਲਈ ਇਸ ਮੌਸਮ 'ਚ ਚਮੜੀ ਦੀ ਜ਼ਿਆਦਾ ਦੇਖਭਾਲ ਕਰਨ ਦੀ ਜ਼ਰੂਰਤ ਹੁੰਦੀ ਹੈ।ਜਿਨ੍ਹਾਂ ਲੋਕਾਂ ਨੂੰ ਸੂਰਜ ਦੀ ਐਲਰਜੀ ਦੀ ਸਮੱਸਿਆ ਹੈ। ਉਨ੍ਹਾਂ ਨੂੰ ਧੁੱਪ ਵਿਚ ਨਹੀਂ ਜਾਣਾ ਚਾਹੀਦਾ। ਵੱਧ ਤੋਂ ਵੱਧ ਪਾਣੀ ਪੀਓ ਅਤੇ ਹਰੀਆਂ ਸਬਜ਼ੀਆਂ ਖਾਓ। ਸਾਨੂੰ ਵਿਟਾਮਿਨ ਸੀ ਦਾ ਸੇਵਨ ਕਰਨਾ ਚਾਹੀਦਾ ਹੈ। ਡਾਕਟਰ ਜੋਤਨਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਗਰਮੀਆਂ ਵਿੱਚ ਤਰਬੂਜ ਇੱਕ ਮਿੱਠਾ ਅਤੇ ਰਸੀਲਾ ਫਲ ਹੈ ਜਿਸ ਵਿੱਚ ਖਣਿਜ ਅਤੇ ਵਿਟਾਮਿਨਾਂ ਦੇ ਨਾਲ-ਨਾਲ ਭਰਪੂਰ ਮਾਤਰਾ ਵਿੱਚ ਪਾਣੀ ਵੀ ਹੁੰਦਾ ਹੈ, ਇਸ ਲਈ ਇਸਨੂੰ ਵੱਧ ਤੋਂ ਵੱਧ ਖਾਣਾ ਚਾਹੀਦਾ ਹੈ।ਗਰਮੀਆਂ ਵਿੱਚ ਰੋਜ਼ਾਨਾ ਨਿੰਬੂ ਪਾਣੀ ਪੀਣਾ ਚਾਹੀਦਾ ਹੈ। ਗਰਮੀ ਤੋਂ ਆਪਣੇ ਬਚਾਉਣ ਲਈ ਸਰੀਰ ਨੂੰ ਹਾਈਡ੍ਰੇਟਿਡ ਰੱਖਣ ਹਿੱਤ ਘਰੇਲੂ ਤਰਲ ਪਦਾਰਥ ਜਿਵੇਂ ਸਾਦਾ ਪਾਣੀ, ਲੱਸੀ, ਸ਼ਿਕੰਜਵੀ, ਗੰਨੇ ਦਾ ਰਸ, ਨਾਰੀਅਲ ਪਾਣੀ, ਤਾਜ਼ਾ ਜੂਸ ਪੀਓ।

# ਮਸਜਿਦ ਏ ਹਮਜ਼ਾ 'ਚ ਮਨਾਇਆ ਗਿਆ ਈਦ-ਉਲ-ਜ਼ੁਹਾ ਦਾ ਤਿਉਹਾਰ



ਫਗਵਾੜਾ, ( ਡਾ. ਰਮਨ, ਢੱਡਾ ) ਮਸਜਿਦ ਏ ਹਮਜ਼ਾ ਇੰਤਜਾਮੀਆਂ ਵੈਲਫੇਅਰ ਸੋਸਾਇਟੀ ਅਮਰ ਨਗਰ ਖੋਥੜਾ ਰੋਡ ਫਗਵਾੜਾ ਦੇ ਚੇਅਰਮੈਨ ਬੀਐੱਚ ਖਾਨ ਅਤੇ ਪ੍ਰਧਾਨ ਮੁਹੰਮਦ ਸ਼ਾਦਾਬ ਦੀ ਅਗਵਾਈ ਹੇਠ ਈਦ ਉਲ ਜ਼ੁਹਾ ਦਾ ਤਿਉਹਾਰ ਮਸਜਿਦ-ਏ-ਹਮਜ਼ਾ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਸਜਿਦ ਦੇ ਮੌਲਵੀ ਮੌਲਾਨਾ ਮੁਹੰਮਦ ਅਖ਼ਤਰ ਵੱਲੋਂ ਈਦ ਉਲ ਜ਼ੁਹਾ ਦੀ ਨਿਵਾਜ਼ ਅਦਾ ਕਰਨ ਉਪਰੰਤ ਸਮੁੱਚੇ ਵਰਲਡਵਾਈਡ ਤੌਰ 'ਤੇ ਵੱਸਦੇ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਵਧਾਈਆਂ ਦਿੱਤੀਆਂ ਅਤੇ ਅੱਲ੍ਹਾ ਤਾਲਾ ਦੇ ਹੁਕਮ ਵਿੱਚ ਚੱਲਣ ਦੀ ਅਪੀਲ ਕੀਤੀ। ਬਕਰਾ ਈਦ ਦੀ ਨਮਾਜ਼ ਦੀਆਂ ਦੋ ਰਕਾਤਾਂ ਪੜ੍ਹਨ ਤੋਂ ਬਾਅਦ ਕੁਰਬਾਨੀ ਲਈ ਨਿਰਧਾਰਤ ਜਾਨਵਰਾਂ ਨੂੰ ਹਲਾਲ ਕੀਤਾ ਜਾਂਦਾ ਹੈ। ਹਲਾਲ ਕਰਨ ਪਿੱਛੋਂ ਜਾਨਵਰ ਦਾ ਗੋਸ਼ਤ ਇਕੱਠਾ ਕਰਕੇ (ਭਾਵ ਰਲਾ-ਮਿਲਾ ਕੇ) ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਪਹਿਲਾ ਭਾਗ ਕੁਰਬਾਨੀ ਕਰਨ ਵਾਲੇ ਪਰਵਾਰ ਦਾ, ਦੂਜਾ ਰਿਸ਼ਤੇਦਾਰਾਂ ਦਾ ਅਤੇ ਤੀਸਰਾ ਗਰੀਬ ਲੋਕਾਂ ਲਈ ਹੁੰਦਾ ਹੈ। ਗਰੀਬ ਤੋਂ ਭਾਵ ਉਹ ਲੋਕ ਜੋ ਆਰਥਿਕ ਤੰਗੀ-ਤੁਰਸ਼ੀ ਕਾਰਨ ਕੁਰਬਾਨੀ ਕਰਨ ਤੋਂ ਅਸਮਰਥ ਹਨ। ਇਹ ਤਿਉਹਾਰ ਹਜ਼ਰਤ ਇਬਰਾਹੀਮ (ਅਲੈਸਲਾਮ) ਵਲੋਂ ਆਪਣੇ ਇਕਲੌਤੇ ਤੇ ਪਿਆਰੇ ਪੁੱਤਰ ਦੀ ਰੱਬ ਦੀ ਰਜ਼ਾ ਲਈ ਕੁਰਬਾਨੀ ਦੀ ਯਾਦ ਦਾ ਪ੍ਰਤੀਕ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਮੁਹੰਮਦ ਮੁੰਨਾ, ਖਜ਼ਾਨਚੀ ਮੁਹੰਮਦ ਇਰਫ਼ਾਨ ਅੰਸਾਰੀ, ਮੁਹੰਮਦ ਫਿਰੋਜ਼, ਮੌਲਵੀ ਮੌਲਾਨਾ ਅਖ਼ਤਰ, ਮੋਤੀ ਉਰ ਰਹਿਮਾਨ, ਹਾਫ਼ਿਜ਼ ਅਰਮਾਨ, ਮੁਹੰਮਦ ਭੋਲਾ, ਬਬਲੂ, ਆਫ਼ਤਾਬ, ਅਬੂਜੈਦ, ਨੌਸ਼ਾਦ ਆਲਮ, ਜੁਨੇਦ, ਮੁਹੰਮਦ ਲਆਇਕ, ਮੁਹੰਮਦ ਹਾਰੂਨ, ਮੁੰਨਾ ਖਾਨ, ਹਸਨ ਈਮਾਮ, ਸਰਫਰਾਜ, ਆਦਿ ਹਾਜ਼ਰ ਸਨ।

# ਨਸ਼ਾ ਤਸਕਰਾਂ ਦੀ ਵੱਡੇ ਪੱਧਰ 'ਤੇ ਗ੍ਰਿਫ਼ਤਾਰੀ ਕਰਨਾ ਪੁਲਸ ਦੀ ਵਧੀਆ ਕਾਰਗੁਜ਼ਾਰੀ : ਬਾਲੀ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਐਸ ਐਸ ਪੀ ਹੁਸ਼ਿਆਰਪੁਰ ਸੁਰਿੰਦਰ ਲਾਂਬਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਐਨੀ ਗਰਮੀ 'ਚ ਉਨ੍ਹਾਂ ਨੇ ਨਸ਼ਾ ਤਸਕਰਾਂ 'ਤੇ ਵੱਡੀ ਕਾਰਵਾਈ ਕਰਦੇ ਹੋਏ 17 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ।ਇਹ ਸਭ ਉਨ੍ਹਾਂ ਦੀ ਕਾਰਜ ਕਰਨ ਦੀ ਇੱਛਾ ਸ਼ਕਤੀ ਦਾ ਨਤੀਜਾ ਹੈ।ਹੁਸ਼ਿਆਰਪੁਰ ਦੀ ਜਨਤਾ ਖੁਸ਼ ਹੈ।ਜੇ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਹੁਸ਼ਿਆਰਪੁਰ ਵਿੱਚ ਨਸ਼ਾ ਸਮਾਪਤ ਹੋ ਜਾਵੇਗਾ। ਕਰਮਵੀਰ ਬਾਲੀ ਨੇ ਕਿਹਾ ਇਹ ਸਭ ਐਸ ਐਸ ਪੀ ਸਾਹਿਬ ਦੀ ਗੁਪਤ ਕਾਰਵਾਈ ਦਾ ਨਤੀਜਾ ਹੈ।

ਕਰਮਵੀਰ ਬਾਲੀ ਨੇ ਕਿਹਾ ਕਿ ਕਾਲੀਆਂ ਭੇਡਾਂ 'ਤੇ ਨਜ਼ਰ ਰੱਖੀ ਜਾਵੇ ਜਿਨ੍ਹਾਂ ਦੇ ਸੰਬੰਧ ਨਸ਼ਾ ਤਸਕਰਾਂ ਨਾਲ ਹਨ।ਇਸ ਮੌਕੇ ਵਿਜੈ ਕੁਮਾਰ ਸੁਰੇਸ਼ ਕੁਮਾਰ, ਸ਼ੰਕਰ ਕੁਮਾਰ, ਅਜੀਤ ਸਿੰਘ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।ਕਰਮਵੀਰ ਬਾਲੀ ਨੇ ਕਿਹਾ ਕਿ ਸੰਘਰਸ਼ ਕਮੇਟੀ ਐਸ ਐਸ ਪੀ ਸਾਹਿਬ ਨੂੰ ਸਨਮਾਨਤ ਕਰੇਗੀ।

# ਖਾਲਸਾ ਪੰਥ ਤੇ ਪੰਜਾਬ ਦੇ ਭਲੇ ਲਈ ਖੇਤਰੀ ਪਾਰਟੀ ਦਾ ਮਜ਼ਬੂਤ ਹੋਣਾ ਜ਼ਰੂਰੀ : ਪੀਰ ਮੁਹੰਮਦ



ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ )-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਜਥੇ ਕਰਨੈਲ ਸਿੰਘ ਪੀਰਮੁਹੰਮਦ ਨੂੰ ਸਿੱਖ ਆਗੂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ , ਗੁਰਬਚਨ ਸਿੰਘ ਅਟਵਾਲ ਅਤੇ ਬਲਵਿੰਦਰ ਸਿੰਘ ਪੱਟੀ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਇੰਗਲੈਂਡ ਵਿਖੇ ਸਿਰਪਾਓ ਦੀ ਬਖਸ਼ਿਸ਼ ਨਾਲ ਉਨ੍ਹਾਂ ਦੀਆ ਖਾਲਸਾ ਪੰਥ ਪ੍ਰਤੀ ਚੰਗੀਆ ਸੇਵਾਵਾ ਸਦਕਾ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ ਹੈ । ਜਥੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਇੰਗਲੈਂਡ ਤੋਂ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਸਿੱਖ ਕੌਮ ਅਤੇ ਪੰਜਾਬ ਨੂੰ ਸਮਰਪਿਤ ਹੈ ਅਤੇ ਆਖਰੀ ਸਾਹਾ ਤੱਕ ਉਹ ਕੌਮ ਦੀ ਅਵਾਜ ਬਣਕੇ ਆਪਣਾ ਯੋਗਦਾਨ ਸਿੱਖ ਕੌਮ ਦੀ ਚੜਦੀ ਕਲਾ ਲਈ ਪਾਉਂਦੇ ਰਹਿਣਗੇ । ਉਨ੍ਹਾਂ ਕਿਹਾ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਿਦੇਸ਼ ਵੱਸਦੇ ਸਿੱਖਾਂ ਅਤੇ ਪੰਜਾਬੀਆ ਦਾ ਨਜ਼ਰੀਆ ਬਦਲਣ ਲਈ ਬਹੁਤ ਕੁੱਝ ਚੰਗਾ ਕਰਨ ਦੀ ਬੇਹੱਦ ਲੋੜ ਹੈ, ਕਿਉਂਕਿ ਹਰ ਕੋਈ ਚਾਹੁੰਦਾ ਹੈ ਕਿ ਸਾਡੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹਰ ਪੱਖੋ ਮਜਬੂਤ ਹੋਵੇ । ਜਥੇ ਪੀਰ ਮੁਹੰਮਦ ਨੇ ਦੱਸਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਨਾਲ ਵੀ ਉਨ੍ਹਾਂ ਮੁਲਾਕਾਤਾਂ ਕੀਤੀਆਂ ਹਨ, ਜਿਸ ਤੇ ਉਹ ਆਗੂ ਵੀ ਮਹਿਸੂਸ ਕਰਦੇ ਹਨ ਕਿ ਸਾਡੀ ਨੌਜਵਾਨ ਪੀੜੀ ਨੂੰ ਉੱਚ ਪੜ੍ਹਾਈ ਪੰਜਾਬ ਵਿੱਚ ਹੀ ਰਹਿ ਕੇ ਕਰਨੀ ਬੇਹੱਦ ਜ਼ਰੂਰੀ ਹੈ ਤਾਂ ਜੋ ਕਿ ਨੌਜਵਾਨ ਪੰਜਾਬ ਵਿਚ ਹੀ ਨੌਕਰੀ ਹਾਸਲ ਕਰ ਸਕਣ । ਉਨ੍ਹਾਂ ਦੱਸਿਆ ਕਿ ਕਿਹਾ ਕਿ ਉਹ 18 ਜੂਨ ਨੂੰ ਬਰਮਿੰਘਮ ਵਿਖੇ ਅਕਾਲੀ ਵਰਕਰਾਂ ਅਤੇ ਅਹੁਦੇਦਾਰਾ ਦੀ ਮੀਟਿੰਗ ਲੈਣਗੇ ਜਿਸ ਵਿਚ ਸਾਰਿਆ ਦੇ ਸੁਝਾਅ ਲਏ ਜਾਣਗੇ ਕਿ ਕਿਸ ਤਰ੍ਹਾਂ ਪਾਰਟੀ ਨੂੰ ਹੋਰ ਮਜਬੂਤ ਕੀਤਾ ਜਾ ਸਕੇ ।

# ਬਲੱਡ ਡੋਨਰ ਡੇ ਮਨਾਇਆ




ਆਦਮਪੁਰ (ਪਰਮਜੀਤ ਸਿੰਘ ):-ਬਲੱਡ ਡੋਨਰ ਡੇ ਮਨਾਉਂਦਿਆਂ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਵੱਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਲੱਡ ਦਾਨੀ ਵੀਰਾਂ ਭੈਣਾਂ ਦੇ ਪੂਰਨ ਸਹਿਯੋਗ 32 ਵਾ ਸਵੈ ਇੱਛਕ ਖ਼ੂਨਦਾਨ ਕੈਂਪ ਹਾੜ ਮਹੀਨੇ ਦੀ ਸੰਗਰਾਂਦ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਗਿਆ, ਜਿਸ ਵਿੱਚ ਅੱਤ ਦੀ ਗਰਮੀ ਹੋਣ ਦੇ ਬਾਵਜੂਦ ਵੀ 29 ਖ਼ੂਨਦਾਨੀਆਂ ਵੀਰਾਂ ਭੈਣਾਂ ਨੇ ਦੂਸਰਿਆਂ ਕੀਮਤੀ ਜਾਨਾਂ ਨੂੰ ਬਚਾਉਣ ਦੇ ਮਕਸਦ ਨਾਲ ਸਵੈਂ ਇੱਛੁਕ ਖ਼ੂਨਦਾਨ ਕੀਤਾ ਗਿਆ। ਭਾਈ ਸੁਖਜੀਤ ਸਿੰਘ ਨੇ ਪੱਤਰਕਾਰ ਭਾਈਚਾਰੇ, ਗੁਰਦੁਆਰਾ ਪ੍ਰਬੰਧਕ ਕਮੇਟੀ, ਦਾਨੀ ਸੱਜਣ ਐਨ ਆਰ ਆਈ ਵੀਰਾਂ ਭੈਣਾਂ ਦਾ ਧੰਨਵਾਦ ਕੀਤਾ।

# 13ਵਾਂ ਗੱਤਕਾ, ਦਸਤਾਰ ਤੇ ਗੁਰਮਤਿ ਸਿਖਲਾਈ ਕੈਂਪ ਸ਼ੁਰੂ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ )-ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹੁਸ਼ਿਆਰਪੁਰ ਵੱਲੋਂ 13ਵਾਂ ਗੁਰਮਤਿ ਸਿਖਲਾਈ ਕੈਂਪ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਅਰੰਭ ਹੋ ਗਿਆ। ਜਥੇਦਾਰ ਮਨਦੀਪ ਸਿੰਘ ਨੇ ਦੱਸਿਆ ਕਿ 30 ਜੂਨ ਤੱਕ ਸ਼ਾਮ 4:30 ਵਜੇ ਤੋਂ 7:00 ਵਜੇ ਤੱਕ ਚਲਣ ਵਾਲੇ ਇਸ ਕੈਂਪ 'ਚ ਸੁੰਦਰ ਦਸਤਾਰ ਸਜਾਉਣ ਦੀ ਸਿਖਲਾਈ, ਗੁਰਮਤਿ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਿੱਤੀ ਜਾਵੇਗੀ। ਗੁਰਮਤਿ ਦੀ ਸਿਖਲਾਈ ਦਮਦਮੀ ਟਕਸਾਲ ਵੱਲੋਂ ਗਿਆਨੀ ਤਰਲੋਚਨ ਸਿੰਘ ਗੁਰਦੁਆਰਾ ਅੰਗੀਠਾ ਸਾਹਿਬ ਵਿਰਕਤ ਅਤੇ ਹੈੱਡ ਗ੍ਰੰਥੀ ਭਾਈ ਸਰਬਜੀਤ ਸਿੰਘ ਵੱਲੋਂ ਦਿੱਤੀ ਜਾਵੇਗੀ। ਜਿਸ 'ਚ ਗੁਰਬਾਣੀ ਸ਼ੁਧ ਉਚਾਰਨ, ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ 'ਚ ਬੱਚੇ ਤੇ ਨੌਜਵਾਨ ਸਿੱਖ ਧਰਮ ਦੇ ਸਿਧਾਂਤਾਂ ਤੋਂ ਦੂਰ ਜਾ ਰਹੇ ਹਨ ਤੇ ਨੌਜਵਾਨ ਪਤਿਤ ਹੋ ਕੇ ਨਸ਼ਿਆਂ 'ਚ ਗਲਤਾਨ ਹੋ ਰਹੇ ਹਨ।ਇਸ ਲਈ ਨੌਜਵਾਨਾਂ ਨੂੰ ਸਿੱਖੀ ਸਿਧਾਂਤਾਂ ਤੋਂ ਜਾਣੂ ਕਰਾਉਣ ਤੇ ਗੁਰੂ ਸਾਹਿਬਾਨ ਵੱਲੋਂ ਦਿੱਤੀ ਹੋਈ ਗੱਤਕੇ ਦੀ ਦਾਤ ਨੂੰ ਸੰਭਾਲਣ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 13ਵਾਂ ਗੱਤਕਾ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮਨਦੀਪ ਸਿੰਘ, ਪ੍ਰਭਸ਼ਰਨ ਸਿੰਘ, ਮਨਿੰਦਰ ਸਿੰਘ ਸ਼ੈਂਕੀ, ਸਿਮਰਨਜੀਤ ਸਿੰਘ, ਗਗਨਦੀਪ ਸਿੰਘ,ਤਨਵੀਰ ਸਿੰਘ, ਅਰਜਨ ਸਿੰਘ, ਹਰਮਿੰਦਰ ਸਿੰਘ, ਮਨਜੋਤ ਸਿੰਘ,ਦਾਨਵੀਰ ਸਿੰਘ ਆਦਿ ਹਾਜ਼ਰ ਸਨ।

# ਪੁੱਟੀ ਹੋਈ ਸੜਕ 'ਤੇ ਨਾਲ ਦੀ ਨਾਲ ਪ੍ਰੀਮਿਕਸ ਪਾਈ ਜਾਵੇ



ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)- ਲੁਧਿਆਣਾ ਰੋਪੜ ਨਹਿਰੀ ਮਾਰਗ ਜੋ ਕਿ ਸ੍ਰੀ ਚਮਕੌਰ ਸਾਹਿਬ ਦੇ ਕੋਲੋਂ ਦੀ ਗੁਜ਼ਰਦਾ ਹੈ, ਨੂੰ ਸ੍ਰੀ ਚਮਕੌਰ ਸਾਹਿਬ ਤੋਂ ਲੈ ਕੇ ਪਿੰਡ ਭੋਜੇਮਾਜਰੇ ਦੇ ਪੁਲ ਤੱਕ ਕਰੀਬ 2 ਇੰਚ ਤੱਕ ਪਿਛਲੇ 25 ਦਿਨਾਂ ਤੋ ਪੁੱਟਿਆ ਹੋਇਆ ਹੈ। ਜਿਸ ਦੇ ਉਪਰ ਦੋ ਪਹੀਆ ਵਾਹਨਾਂ ਦਾ ਲੰਘਣਾ ਮੁਸ਼ਕਲ ਹੈ ਅਤੇ ਜਿਸ ਕਾਰਨ ਇੱਥੇ ਐਕਸੀਡੈਂਟ ਹੋਣ ਦਾ ਵੀ ਖਤਰਾ ਬਣਿਆ ਹੋਇਆ ਪਿਆ ਹੈ।ਇਲਾਕੇ ਦੇ ਲੋਕ ਤੇ ਰਾਹਗੀਰ ਪ੍ਰੇਸ਼ਾਨ ਹਨ। ਇਸ ਨੂੰ ਜਲਦੀ ਠੀਕ ਕਰਨ ਦੀ ਲੋਕਾਂ ਦੀ ਮੰਗ ਵੱਲ ਵੀ ਸੰਬੰਧਤ ਮਹਿਕਮੇ ਦਾ ਇਸ ਪਾਸੇ ਧਿਆਨ ਨਹੀਂ ਹੈ। ਇਸ ਮੌਕੇ ਜਸਵੀਰ ਸਿੰਘ ਢਿੱਲੋਂ, ਗੁਰਮੀਤ ਸਿੰਘ ਢਿੱਲੋਂ, ਸਰਪੰਚ ਜਰਨੈਲ ਸਿੰਘ, ਅਮਰਜੀਤ ਸਿੰਘ ਸੈਣੀ ਖੇੜੀ ਸਲਾਬਤਪੁਰ, ਚੇਅਰਮੈਨ ਪਰਮਜੀਤ ਸਿੰਘ, ਸਾਬਕਾ ਸਰਪੰਚ ਹਾਕਮ ਸਿੰਘ, ਮਾਸਟਰ ਮਹਿੰਦਰਪਾਲ ਸਿੰਘ, ਰਿਟਾਇਰਡ ਬੀ ਡੀ ਪੀ ਓ ਚਰਨਜੀਤ ਸਿੰਘ ਅਤੇ ਪਿੰਡ ਭੱਕੂਮਾਜਰੇ ਤੋਂ ਅਵਤਾਰ ਸਿੰਘ ਰਾਜੀ, ਸ਼ਮਸ਼ੇਰ ਸਿੰਘ, ਜੇ ਈ ਨਾਇਬ ਸਿੰਘ ਆਦਿ ਦਾ ਕਹਿਣਾ ਹੈ ਜਿੰਨੀ ਸੜਕ ਨੂੰ ਪੁੱਟਿਆ ਗਿਆ ਹੈ ਓਨੀ 'ਤੇ ਨਾਲ ਦੀ ਨਾਲ ਪ੍ਰੀਮਿਕਸ ਪਾਇਆ ਜਾਏ ਤਾਂ ਜੋ ਕਿਸੇ ਵੀ ਪ੍ਰਕਾਰ ਦਾ ਹਾਦਸੇ ਅਤੇ ਪ੍ਰੇਸ਼ਾਨੀ ਤੋ ਬਚਿਆ ਜਾ ਸਕੇ।

# ਮੋਹਾਲੀ ਦੇ ਹਰਪ੍ਰੀਤ ਨੇ ਕੌਮੀ ਮੁਕਾਬਲੇ 'ਚ ਫੁੰਡਿਆ ਚਾਂਦੀ ਦਾ ਤਗ਼ਮਾ



ਮੋਹਾਲੀ (ਗੁਰਜੀਤ ਬਿੱਲਾ)- ਜਿਲ੍ਹਾ ਮੋਹਾਲੀ ਦੇ ਪਿੰਡ ਸਹੋੜਾਂ ਦੇ ਇਕ ਸਧਾਰਨ ਪਰਵਾਰ ਵਿੱਚ ਜਨਮੇ ਅਥਲੀਟ ਹਰਪ੍ਰੀਤ ਸਿੰਘ ਨੇ ਬੈਂਗਲੁਰੂ ਵਿੱਚ ਹੋਏ ਕੌਮੀ ਪੱਧਰ ਦੇ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕਰ ਕੇ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਇੰਡੀਅਨ ਗ੍ਰੈਂਡ ਪ੍ਰਿਕਸ-3 ਮੁਕਾਬਲੇ ਵਿੱਚ ਸੂਬੇ ਦੀ ਪ੍ਰਤੀਨਿਧਤਾ ਕਰਦਿਆਂ ਤਿੰਨ ਹਜ਼ਾਰ ਮੀਟਰ ਦੌੜ 8.15 ਮਿੰਟ ਵਿੱਚ ਪੂਰੀ ਕਰ ਕੇ ਇਸ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਉਸ ਨੇ ਦੱਸਿਆ ਕਿ ਇਹ ਪ੍ਰਾਪਤੀ ਉਸ ਦੇ ਐਨ ਆਈ ਐੱਸ ਕੋਚ ਰਾਮਾ ਸ਼ੰਕਰ ਵੱਲੋਂ ਦਿੱਤੀ ਅਗਵਾਈ ਅਤੇ ਉਸ ਦੀ ਖ਼ੁਦ ਦੀ ਮਿਹਨਤ ਦਾ ਨਤੀਜਾ ਹੈ। ਮੇਰੀ ਇਸ ਉਪਲਬਧੀ ਵਿੱਚ ਮੇਰੇ ਮਾਤਾ ਦੀ ਪ੍ਰੇਰਨਾ ਅਤੇ ਦੋਸਤਾਂ ਮਿੱਤਰਾਂ ਦੀ ਹੱਲਾਸ਼ੇਰੀ ਸ਼ਾਮਲ ਹੈ । ਹਰਪ੍ਰੀਤ ਨੇ ਦੱਸਿਆ ਕਿ ਇਸ ਜਿੱਤ ਨਾਲ ਉਸ ਦੀ ਥਾਂ ਹੁਣ ਜੂਨ ਦੇ ਅਖੀਰ ਵਿੱਚ ਹੋਣ ਵਾਲੀ ਇੰਟਰ-ਸਟੇਟ ਕੌਮੀ ਚੈਂਪੀਅਨਸ਼ਿਪ ਲਈ ਪੱਕੀ ਹੋ ਗਈ ਹੈ।

# ਮਲੇਰੀਆ ਜਾਗਰੂਕਤਾ ਕੈਂਪ ਲਗਾਇਆ



ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਸਿਵਲ ਸਰਜਨ ਡਾ. ਜਗਦੀਪ ਚਾਵਲਾ ਦੇ ਦਿਸ਼ਾ ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਿਚਰਡ ਉਹਰੀ ਦੇ ਹੁਕਮਾਂ ਅਨੁਸਾਰ ਡੱਲਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਹਾਜ਼ਰ ਹੋਏ ਲੋਕਾਂ ਨੂੰ ਮਲੇਰੀਆ ਬੁਖ਼ਾਰ ਤੋਂ ਬਚਾ ਰੱਖਣ ਬਾਰੇ ਜਾਗਰੂਕ ਕੀਤਾ ਗਿਆ। ਸੀ. ਐਚ. ਸੀ. ਕਾਲਾ ਬੱਕਰਾ ਤੋਂ ਡੱਲਾ ਵਿਖੇ ਆਈ ਟੀਮ ਦੇ ਮੈਂਬਰ ਅਜੀਤ ਸਿੰਘ ਸਿਹਤ ਨਿਗਰਾਨ ਅਤੇ ਡਾਕਟਰ ਰੰਜਨਾ ਨੇ ਮਲੇਰੀਆ ਬੁਖ਼ਾਰ ਤੋਂ ਬਚਾਅ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਬੁਖ਼ਾਰ ਮਾਦਾ ਐਨਾਫਲੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਸ ਨਾਲ ਬੁਖ਼ਾਰ ਦੇ ਲੱਛਣ ਜਿਵੇਂ ਤੇਜ਼ ਕਾਂਬੇ ਨਾਲ ਬੁਖ਼ਾਰ, ਸਿਰਦਰਦ, ਉਲਟੀਆਂ, ਠੰਢ ਲੱਗਣਾ ਆਦਿ ਹਨ। ਇਸ ਤੋਂ ਬਚਾ ਲਈ ਆਪਣੇ ਆਲੇ ਦੁਆਲੇ ਪਾਣੀ ਨਾ ਇਕੱਠਾ ਹੋਣ ਦਿੱਤਾ ਜਾਵੇ। ਜੇਕਰ ਘਰਾਂ ਦੁਆਲੇ ਟੋਏ ਹਨ ਜਿਸ ਵਿੱਚ ਬਰਸਾਤ ਦਾ ਇਕੱਠਾ ਪਾਣੀ ਖੜ੍ਹਾ ਹੋ ਸਕੇ, ਨੂੰ ਮਿੱਟੀ ਨਾਲ ਭਰ ਦਿੱਤਾ ਜਾਵੇ। ਕੂਲਰਾਂ, ਛੱਤਾਂ 'ਤੇ ਰੱਖੇ ਬਰਤਨ ਤੇ ਹੋਰ ਟੁੱਟੇ ਸਮਾਨ ਵਿੱਚ ਬਰਸਾਤ ਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਸੀ ਐਚ ਓ ਡਾਕਟਰ ਦਲਜੀਤ ਕੁਮਾਰ, ਏ ਐਨ ਐਮ ਜਸਵਿੰਦਰ ਕੌਰ, ਏ ਐਨ ਐਮ ਤਰਸੇਮ ਕੌਰ, ਰਜਿੰਦਰ ਕੁਮਾਰ ਐਮ ਆਰ ਐਚ ਡਬਲਯੂ ਸੀ ਐਮ ਤੇ ਆਸ਼ਾ ਵਰਕਰ ਮੌਜੂਦ ਸਨ।

# ਸਾਲਾਨਾ ਮੇਲਾ ਮਨਾਇਆ



ਕਾਲਾ ਸੰਘਿਆਂ ( ਮਨਜੀਤ ਮਾਨ ) ਦਰਬਾਰ ਲੱਖ ਦਾਤਾ ਲਾਲਾ ਵਾਲੀ ਸਰਕਾਰ ਪਿੰਡ ਔਜਲਾ ਜ਼ਿਲ੍ਹਾ ਕਪੂਰਥਲਾ ਦੇ ਗੱਦੀਨਸ਼ੀਨ ਬਾਬਾ ਜਸਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਦਰਬਾਰ 'ਤੇ ਸਾਲਾਨਾ ਮੇਲਾ ਮਨਾਇਆ ਗਿਆ। ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਵਿੱਚ ਪੰਜਾਬ ਦੀ ਪ੍ਰਸਿੱਧ ਗਾਇਕ ਜੋੜੀ ਅਮਰੀਕ ਮਾਇਕਲ ,ਰਿਪੀ ਭੱਟੀ, ਸੂਫੀ ਗਾਇਕ ਸਰਦਾਰ ਅਲੀ , ਸੂਫੀ ਗਾਇਕਾ ਸੋਨਾ ਡੋਗਰਾ ਨੇ ਮੇਲੇ ਵਿੱਚ ਖ਼ੂਬ ਰੰਗ ਬੰਨ੍ਹਿਆ। ਤਿੱਤਲੀ ਰਕੀਫ ਨਕਾਲ ਪਾਰਟੀ ਸ਼ਾਹਕੋਟ, ਕੌਮੀ ਐਂਡ ਪਾਰਟੀ ਨੇ ਵੀ ਆਪਣੀ ਹਾਜ਼ਰੀ ਲਗਵਾਈ। ਕੁਸ਼ਤੀ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਪਹਿਲਵਾਨ ਪਰਮਿੰਦਰ ਡੂਮਛੇੜੀ, ਵਿਕਾਸ ਹਰਿਆਣਾ, ਬੌਬੀ ਕਾਲਾ ਸੰਘਿਆ, ਅਜੇਪਾਲ ਖੰਨਾ ਨੇ ਕੁਸ਼ਤੀ ਜਿੱਤੀ। ਬਲਦੇਵ ਨਿਮਾਣਾ ਤੇ ਸਾਬੀ ਬਰਾੜ ਵੱਲੋਂ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਨਿਭਾਈ ਗਈ।



*ਨਵਾਂਸ਼ਹਿਰ ਬੰਗਾ ਰੋਡ ਦਰਬਾਰ ਪੰਜ ਪੀਰ ਕੋਲ ਬਣੀ ਮਸਜਿਦ 'ਚ ਈਦ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਲੋਕ ਸਵੇਰੇ ਤੋਂ ਹੀ ਮਸਜਿਦ ਅਤੇ ਦਰਗਾਹ 'ਤੇ ਈਦ ਦੀ ਨਮਾਜ਼ 'ਚ ਸ਼ਾਮਲ ਹੋਏ, ਜਿੱਥੇ ਲੋਕਾਂ ਨੇ ਇਕ ਦੂਜੇ ਨੂੰ ਗਲੇ ਮਿਲ ਕੇ ਈਦ ਦੀ ਵਧਾਈ ਦਿੱਤੀ। (ਫੋਟੋ ਤੇ ਵੇਰਵਾ-ਨਵਾਂ ਸ਼ਹਿਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)*



*ਇਸਲਾਮੀਆ ਵੈਲਫੇਅਰ ਕਮੇਟੀ ਜਾਮਾ ਮਸਜਿਦ ਫਰਾਲਾ ਵਿਖੇ ਮੌਲਵੀ ਇਕਬਾਲ ਮੁਹੰਮਦ ਦੀ ਅਗਵਾਈ ਹੇਠ ਈਦ ਉੱਲ ਜੂਹਾ (ਬਕਰੀਦ) ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਜਮੀਲ ਅਖ਼ਤਰ, ਮੱਖਣ ਦੀਨ, ਮਨਸੂਰ ਅਲੀ, ਗੁਲਾਮ ਰਸੂਲ,ਮੁਰਾਦ ਅਲੀ, ਗੱਬਰ ਮੁਹੰਮਦ, ਸਰਪੰਚ ਹਰਭਜਨ ਸਿੰਘ, ਸਰਬਜੀਤ ਸਿੰਘ ਅਟਵਾਲ, ਜਸਵੀਰ ਸੰਧਵਾਂ, ਬਲਵੀਰ ਸਿੰਘ ਪੰਚ, ਰਾਮ ਮੂਰਤੀ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ-ਬੰਗਾ ਅਵਤਾਰ ਕਲੇਰ)*

## ਸ਼ੁਹਿਨਾਈਆਂ



**ਜਸਵੀਰ ਸਿੰਘ ਲਾਡੀ ਪੱਤਰਕਾਰ ਛਾਜਲੀ ਦੇ ਬੇਟੇ ਗੁਰਪ੍ਰੀਤ ਸਿੰਘ ਹੈਪੀ ਦਾ ਵਿਆਹ ਪ੍ਰਦੀਪ ਕੌਰ ਪੁੱਤਰੀ ਅਵਤਾਰ ਸਿੰਘ ਪਿੰਡ ਉੱਗੋਕੇ (ਬਰਨਾਲਾ) ਨਾਲ ਬਿਨਾਂ ਕਿਸੇ ਦਾਜ-ਦਹੇਜ ਤੋਂ ਹੋਇਆ।**

# ਸ਼ਿਵਪੁਰੀ 'ਚ ਹੋਇਆ ਹਿੰਮਤ ਰਾਏ ਦਾ ਅੰਤਮ ਸੰਸਕਾਰ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ )-ਬੀਤੇ ਦਿਨੀਂ ਕੁਵੈਤ ਵਿਚ ਇਮਾਰਤ 'ਚ ਅੱਗ ਲੱਗਣ ਦੀ ਘਟਨਾ ਵਿੱਚ ਮਾਰੇ ਗਏ ਹੁਸ਼ਿਆਰਪੁਰ ਦੇ ਪਿੰਡ ਕੱਕੋਂ ਦੇ ਵਾਸੀ ਹਿੰਮਤ ਰਾਏ ਦਾ ਹਰਿਆਣਾ ਰੋਡ 'ਤੇ ਸਥਿਤ ਸ਼ਿਵਪੁਰੀ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਅਰਸ਼ਦੀਪ ਸਿੰਘ ਵੱਲੋਂ ਦਿਖਾਈ ਗਈ।ਇਸ ਮੌਕੇ ਉਨ੍ਹਾਂ ਦੀ ਪਤਨੀ ਸਰਬਜੀਤ ਕੌਰ, ਬੇਟੀਆਂ ਹਰਪ੍ਰੀਤ ਕੌਰ ਤੇ ਸਮੁਨਪ੍ਰੀਤ ਕੌਰ ਤੋਂ ਇਲਾਵਾ ਵਿਧਾਇਕ ਸ਼ਾਮ ਚੁਰਾਸੀ ਡਾ. ਰਵਜੋਤ ਸਿੰਘ, ਤਹਿਸੀਲਦਾਰ ਹੁਸ਼ਿਆਰਪੁਰ ਗੁਰਸੇਵਕ ਚੰਦ, ਇੰਦਰਜੀਤ ਸਿੰਘ, ਜਸਵਿੰਦਰ ਸਿੰਘ, ਸੇਵਾਮੁਕਤ ਡੀ.ਐਸ.ਪੀ ਸਵਰਨ ਸਿੰਘ, ਪਰਸ ਰਾਮ ਅਤੇ ਵੱਡੀ ਗਿਣਤੀ ਵਿਚ ਰਿਸ਼ਤੇਦਾਰ, ਦੋਸਤ-ਮਿੱਤਰ ਤੇ ਇਲਾਕਾ ਵਾਸੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਕੁਵੈਤ ਵਿੱਚ ਇਕ ਇਮਾਰਤ ਨੂੰ ਅੱਗ ਲੱਗਣ ਕਾਰਨ 40 ਭਾਰਤੀਆਂ ਸਮੇਤ 45 ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦਾ ਹਿੰਮਤ ਰਾਏ ਵੀ ਸ਼ਾਮਲ ਸੀ।ਕੇਂਦਰ, ਰਾਜ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਸਦਕਾ ਹਿੰਮਤ ਰਾਏ ਦੀ ਮ੍ਰਿਤਕ ਦੇਹ ਬੀਤੇ ਸ਼ਨੀਵਾਰ ਤੜਕੇ ਇਥੇ ਪਹੁੰਚ ਗਈ ਸੀ, ਪਰੰਤੂ ਕੁਝ ਪਰਵਾਰਕ ਮੈਂਬਰਾਂ ਦੇ ਵਿਦੇਸ਼ 'ਚੋਂ ਆਉਣ ਤੋਂ ਬਾਅਦ ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਸਵਰਗੀ ਹਿੰਮਤ ਰਾਏ ਦੇ ਭਾਣਜੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨਮਿਤ ਭੋਗ ਅਤੇ ਅੰਤਿਮ ਅਰਦਾਸ ਪਿੰਡ ਕੱਕੋਂ ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ 24 ਜੂਨ ਨੂੰ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗੀ।

# ਅਰੁੰਧਤੀ ਰਾਏ ਤੇ ਸ਼ੇਖ ਸ਼ੌਕਤ ਹੁਸੈਨ ਖ਼ਿਲਾਫ਼ ਮੁਕੱਦਮਾ ਦਰਜ ਕੀਤੇ ਜਾਣ ਦੀ ਜ਼ੋਰਦਾਰ ਨਿਖੇਧੀ



ਜਲੰਧਰ (ਨ ਜ਼ ਸ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ)., ਸੀਪੀਆਈ (ਐਮ.ਐਲ.) ਨਿਊ ਡੈਮੋਕ੍ਰੇਸੀ ਅਤੇ ਸੀਪੀਆਈ (ਐਮ.ਐਲ.) ਲਿਬ੍ਰੇਸ਼ਨ ਨੇ, ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਉੱਘੇ ਵਿਦਵਾਨ, ਕੇਂਦਰੀ ਯੂਨੀਵਰਸਿਟੀ ਕਸ਼ਮੀਰ ਵਿਖੇ ਕੌਮਾਂਤਰੀ ਕਾਨੂੰਨਾਂ ਦੇ ਪ੍ਰੋਫੈਸਰ (ਸੇਵਾ ਮੁਕਤ) ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਬਸਤੀਵਾਦੀ ਅੰਗਰੇਜ਼ ਹਾਕਮਾਂ ਵਲੋਂ ਘੜੇ ਗਏ ਜ਼ਾਬਰ ਕਾਨੂੰਨਾਂ ਦੀ ਤਰਜ਼ 'ਤੇ ਜ਼ਬਰ ਦਾ ਕੁਹਾੜਾ ਤਿੱਖਾ ਕਰਨ ਦੀ ਮੰਸ਼ਾ ਤਹਿਤ ਸੋਧੇ ਗਏ ਕਾਲੇ ਕਾਨੂੰਨ, ਯੂ.ਏ.ਪੀ.ਏ. ਅਧੀਨ ਮੁਕੱਦਮਾ ਦਰਜ਼ ਕੀਤੇ ਜਾਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਨਿਊ ਡੈਮੋਕ੍ਰੇਸੀ ਦੇ ਕੇਂਦਰੀ ਆਗੂ ਸਾਥੀ ਦਰਸ਼ਨ ਖਟਕੜ, ਲਿਬ੍ਰੇਸ਼ਨ ਦੇ ਸੂਬਾ ਸਕੱਤਰ ਸਾਥੀ ਗੁਰਮੀਤ ਸਿੰਘ ਬਖਤਪੁਰ, ਆਰਐਮਪੀਆਈ ਦੇ ਸੂਬਾ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ, ਐਨਡੀ ਦੇ ਸੀਨੀਅਰ ਆਗੂ ਸਾਥੀ ਅਜਮੇਰ ਸਿੰਘ ਸਮਰਾ ਅਤੇ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਰਾਜਵਿੰਦਰ ਸਿੰਘ ਰਾਣਾ ਨੇ ਅੱਜ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਕਿਹਾ ਹੈ ਕਿ ਦੋਹਾਂ ਵਿਦਵਾਨਾਂ ਖਿਲਾਫ 2010 'ਚ ਦਰਜ਼ ਕੀਤੀ ਗਈ ਇਕ ਪੱਖਪਾਤੀ ਐਫ.ਆਈ.ਆਰ. ਨੂੰ ਆਧਾਰ ਬਣਾ ਕੇ ਦਿੱਲੀ ਦੇ ਲੈਫਟੀਨੈਂਟ ਗਵਰਨਰ (ਐਲ.ਜੀ.) ਵੀਕੇ ਸਕਸੈਨਾ ਵਲੋਂ ਕੀਤੀ ਗਈ ਮੁਕੱਦਮਾ ਦਰਜ ਕਰਨ ਦੀ ਅਤਿ ਮੰਦਭਾਗੀ ਦੇਸ਼ ਦੀ ਲੋਕ ਰਾਜੀ ਪ੍ਰਣਾਲੀ ਨੂੰ ਦਰਪੇਸ਼ ਗੰਭੀਰ ਖਤਰਿਆਂ ਦਾ ਸੂਚਕ ਹੈ।ਕਮਿਊਨਿਸਟ ਆਗੂਆਂ ਨੇ ਕਿਹਾ ਹੈ ਕਿ ਐਲਜੀ ਤਾਂ ਸਿਰਫ ਮੋਹਰਾ ਹਨ ਜਦਕਿ ਮਾਨਵੀ ਤੇ ਜਮਹੂਰੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਇਸ ਲੋਕ ਦੋਖੀ, ਘੋਰ ਲੋਕ ਰਾਜ ਵਿਰੋਧੀ ਸਿਫਾਰਸ਼ ਦੀ ਅਸਲ ਸੂਤਰਧਾਰ ਆਰ ਐਸ ਐਸ ਦੇ ਫਿਰਕੂ-ਫਾਸ਼ੀ ਏਜੰਡੇ ਦੀ ਪੈਰੋਕਾਰ ਕੇਂਦਰ ਦੀ ਕਾਰਪੋਰੇਟ ਹਿਮਾਇਤੀ ਮੋਦੀ-ਸ਼ਾਹ ਸਰਕਾਰ ਹੈ।ਉਨ੍ਹਾਂ ਸਮੂਹ ਦੇਸ਼ ਹਿਤੈਸ਼ੀ ਤੇ ਪ੍ਰਗਤੀਸ਼ੀਲ ਸ਼ਕਤੀਆਂ ਨੂੰ ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੇ ਵਿਦਵਾਨਾਂ ਖਿਲਾਫ਼ ਸਜ਼ਿਸ਼ਨ ਕੀਤੀ ਗਈ ਜੁਬਾਨਬੰਦੀ ਦੀ ਇਸ ਕਾਰਵਾਈ ਖਿਲਾਫ਼ ਹਰ ਮੰਚ 'ਤੋਂ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।ਆਗੂਆਂ ਨੇ ਤਿੰਨਾਂ ਪਾਰਟੀਆਂ ਦੀਆਂ ਹੇਠਲੀਆਂ ਕਮੇਟੀਆਂ ਨੂੰ ਆਉਣ ਵਾਲੀ 20 ਜੂਨ ਨੂੰ ਉਕਤ ਜ਼ਾਬਰ ਹੱਥਕੰਡੇ ਖਿਲਾਫ਼ ਜ਼ਿਲ੍ਹਾ/ਤਹਿਸੀਲ ਅਤੇ ਸਥਾਨਕ ਪੱਧਰ 'ਤੇ ਪ੍ਰਭਾਵਸ਼ਾਲੀ ਰੋਸ ਐਕਸ਼ਨ ਲਾਮਬੰਦ ਕਰਨ ਦਾ ਸੱਦਾ ਵੀ ਦਿੱਤਾ ਹੈ।